# ਮਾਰਕਸਵਾਦ ਬਾਰੇ ਡਾ . ਅੰਬੇਡਕਰ ਦੇ ਵਿਚਾਰ

ਰੰਗਾਨਾਯਕੰਮਾ

# ਮਾਰਕਸਵਾਦ ਬਾਰੇ

# ਡਾ. ਅੰਬੇਡਕਰ ਦੇ ਵਿਚਾਰ

ਰੰਗਾਨਾਯਕੰਮਾ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

ਪਹਿਲੀ ਵਾਰ — ਅਕਤੂਬਰ, 2004
ਦੂਜਾ ਐਡੀਸ਼ਨ — ਫਰਵਰੀ, 2019

ਪ੍ਰਕਾਸ਼ਕ : **ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**
ਪਤਾ — ਸ਼ਹੀਦ ਭਗਤ ਸਿੰਘ ਭਵਨ, ਸੀਲੋਆਣੀ ਰੋਡ,
ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109 ,
ਫੋਨ ਨੰ. 098155-87807.
ਈਮੇਲ : janchetnapb@gmail.com

ਛਾਪਕ : ਆਰਨਾ ਪ੍ਰਿੰਟਿੰਗ ਪ੍ਰੈੱਸ, ਫੋਕਲ ਪੁਆਇੰਟ, ਪਟਿਆਲਾ

**ਕੀਮਤ : 15 ਰੁਪਏ**

1. **'ਬੁੱਧ ਜਾਂ ਕਾਰਲ ਮਾਰਕਸ ?'** ਅੰਬੇਡਕਰ ਦਾ ਇਹ ਲੇਖ ਅੰਬੇਡਕਰ ਗ੍ਰੰਥਾਂਵਲੀ ਦੇ ਭਾਗ ਤਿੰਨ ਵਿੱਚ ਸ਼ਾਮਿਲ ਹੈ। ਇਸ ਦੇ ਲਿਖੇ ਜਾਣ ਦਾ ਸਮਾਂ ਸਪੱਸ਼ਟ ਨਹੀਂ ਹੈ, ਪਰ ਕੁੱਝ ਹੋਰ ਸਬੂਤਾਂ ਤੋਂ ਸੰਕੇਤ ਮਿਲ਼ਦਾ ਹੈ ਕਿ ਅੰਬੇਡਕਰ ਨੇ ਇਹ ਲੇਖ 1956 ਦੇ ਨੇੜੇ ਤੇੜੇ ਲਿਖਿਆ। ਉਹਨਾਂ ਸਮਿਆਂ ਵਿੱਚ ਹੀ ਉਸ ਨੇ 'ਬੁੱਧ ਅਤੇ ਉਸ ਦਾ ਧਰਮ' ਲਿਖਿਆ ਸੀ।

ਇਸ ਲੇਖ ਵਿੱਚ ਅੰਬੇਡਕਰ ਦਾ ਕਹਿਣਾ ਹੈ ਕਿ ਬੁੱਧ ਨੇ ਬਹੁਤ ਪਹਿਲਾਂ ਸਾਮਵਾਦ (Communism) ਦੀ ਗੱਲ ਕਹੀ ਸੀ, ਮਾਰਕਸ ਤੋਂ ਵੀ ਬਹੁਤ ਪਹਿਲਾਂ।

'ਦੋਵਾਂ ਨੇ ਇੱਕ ਹੀ ਗੱਲ ਕਹੀ। ਦੋਵਾਂ ਦਾ ਇੱਕੋ ਹੀ ਉਦੇਸ਼ ਹੈ। ਉਦੇਸ਼ ਪ੍ਰਾਪਤੀ ਦੇ ਸਾਧਨਾਂ ਨੂੰ ਲੈ ਕੇ ਉਨ੍ਹਾਂ ਵਿੱਚ ਮੱਤਭੇਦ ਹੈ। ਮਾਰਕਸ ਨੇ ਜਿਹੜੇ ਸੁਝਾਅ ਦਿੱਤੇ ਹਨ, ਉਹ ਪੂਰੀ ਤਰ੍ਹਾਂ ਗਲਤ ਹਨ। ਬੁੱਧ ਮਾਰਗ ਸਭ ਤੋਂ ਵਧੀਆ ਹੈ'- ਇਸ ਲੇਖ ਵਿੱਚ ਅੰਬੇਡਕਰ ਇਹੋ ਹੀ ਦੱਸਣਾ ਚਾਹੁੰਦੇ ਹਨ।

'ਮੱਤਭੇਦ ਸਾਧਨਾਂ ਬਾਰੇ ਹੈ। ਉਦੇਸ਼ ਦੋਵਾਂ ਦਾ ਇੱਕ ਹੈ।' (ਭਾਗ ਤਿੰਨ, ਪੰਨਾ 450)

ਅਖੀਰ ਵਿੱਚ, ਦੁੱਖ ਅਤੇ ਸੰਤਾਪ ਦੇ ਛੁਟਕਾਰੇ ਲਈ, ਸੰਸਾਰ ਦੀ ਕੁੱਲ ਮਨੁੱਖ ਜਾਤੀ ਨੂੰ ਮਾਰਕਸ ਦੀ ਬਜਾਏ, ਬੁੱਧ ਦੇ ਮਾਰਗ 'ਤੇ ਚੱਲਣਾ ਚਾਹੀਦਾ ਹੈ। ਇਸ ਲੇਖ ਵਿੱਚ ਅੰਬੇਡਕਰ ਦੁਆਰਾ ਕੀਤੀ ਗਈ ਵਿਚਾਰ ਚਰਚਾ ਦਾ ਇਹੀ ਸਾਰ ਹੈ। ਹੁਣ ਅਸੀਂ ਉਨ੍ਹਾਂ ਦੀ ਇਸ ਚਰਚਾ ਦੀ ਜਾਂਚ ਕਰਦੇ ਹਾਂ।

(ਇਸ ਪਾਠ ਵਿੱਚ ਸਾਰੇ ਹਵਾਲੇ ਭਾਗ 3 ਵਿੱਚੋਂ ਲਏ ਗਏ ਹਨ। ਜਿੱਥੇ ਕਿਤੇ ਕਿਸੇ ਹੋਰ ਸਥਾਨ ਤੋਂ ਕੋਈ ਹਵਾਲਾ ਲਿਆ ਗਿਆ ਹੈ, ਉਸ ਦਾ ਵਿਸ਼ੇਸ਼ ਵਰਣਨ ਕਰ ਦਿੱਤਾ ਗਿਆ ਹੈ)

ਅੰਬੇਡਕਰ ਨੇ ਦੱਸਿਆ ਹੈ ਕਿ ਬੁੱਧ ਸਿਧਾਂਤ ਦੀ ਵਿਆਖਿਆ ਲਈ ਉਸ ਨੇ ਤਿਰੀਪੀਟਿਕਾ (ਬੁੱਧ ਦੀ ਲਿਖਤ), ਮਿਥਿਹਾਸਕ ਗੱਲਾਂ, ਧਾਰਮਿਕ ਪ੍ਰਸੰਗਾਂ ਕਹਾਣੀਆਂ ਦਾ ਸਹਾਰਾ ਲਿਆ ਹੈ, ਪਰ ਮਾਰਕਸ ਦੇ ਸਿਧਾਂਤ ਦੀ ਵਿਆਖਿਆ ਲਈ ਉਸ ਨੇ ਕਿਤੇ ਵੀ ਮੂਲ ਗ੍ਰੰਥਾਂ ਦਾ ਹਵਾਲਾ ਨਹੀਂ ਦਿੱਤਾ। ਅੰਬੇਡਕਰ ਨੂੰ ਮਾਰਕਸ ਦੇ ਸਿਧਾਂਤ ਬਾਰੇ ਜਾਣਕਾਰੀ ਕਿਵੇਂ ਪ੍ਰਾਪਤ ਹੋਈ ? ਕਿਨ੍ਹਾਂ ਗ੍ਰੰਥਾਂ ਦੁਆਰਾ ? ਸਿਰਫ 'ਸੁਣੇ-ਸੁਣਾਏ' ਗਿਆਨ ਦੁਆਰਾ ਜਾਂ ਕੁੱਝ ਅਧਿਐਨ ਰਾਹੀਂ ? ਉਸ ਦੇ ਗ੍ਰੰਥਾਂ ਵਿੱਚ ਕਿਵੇਂ ਵੀ ਇਨ੍ਹਾਂ ਪ੍ਰਸ਼ਨਾ ਦਾ ਉੱਤਰ ਨਹੀਂ ਮਿਲ਼ਦਾ। ਇਹ ਸੂਚਨਾ ਤਾਂ ਉਸ ਲੇਖ ਵਿੱਚ ਵੀ ਉਪਲਬਧ ਨਹੀਂ ਜਿਸਦਾ ਸਿਰਲੇਖ ਹੀ 'ਬੁੱਧ ਜਾਂ ਕਾਰਲ ਮਾਰਕਸ' ਹੈ ਅਤੇ ਜਿਸ ਵਿੱਚ ਸਿਧਾਂਤਕ ਚਰਚਾ ਦਾ ਕੰਮ ਹੱਥ ਵਿੱਚ ਲਿਆ ਗਿਆ ਹੈ। ਅਸੀਂ ਅੰਬੇਡਕਰ ਦੀਆਂ ਲਗਭਗ ਸਾਰੀਆਂ ਲਿਖਤਾਂ ਵਿੱਚ ਮਾਰਕਸ ਦੇ ਸਿਧਾਂਤ ਦੀ ਆਲੋਚਨਾ ਅਤੇ ਉਸ ਉੱਪਰ ਟੀਕਾ-ਟਿੱਪਣੀ ਪਾਉਂਦੇ ਹਾਂ।

ਇਹ ਲੇਖ- ਜੋ ਕਹਿੰਦਾ ਹੈ ਕਿ ਬੁੱਧ ਦਾ ਸਿਧਾਂਤ, ਮਾਰਕਸ ਦੇ ਸਿਧਾਂਤ ਤੋਂ ਵਧੀਆ ਹੈ- ਬਹੁਤ ਸੰਖੇਪ ਹੈ। ਇਹ ਸਿਰਫ 22 ਪੰਨਿਆਂ ਦਾ ਹੈ। ਪਰ ਸਾਨੂੰ ਇੱਕ-ਇੱਕ ਵਾਕ ਦੀ ਜਾਂਚ ਕਰਨ ਦੀ ਜ਼ਰੂਰਤ ਹੈ ਕਿਉਂਕਿ ਹਰ ਇੱਕ ਵਾਕ ਇਹ ਦੱਸਣ ਦਾ ਯਤਨ ਕਰਦਾ ਹੈ ਕਿ ਬੁੱਧਵਾਦ ਕਿਸ ਤਰ੍ਹਾਂ ਮਾਰਕਸਵਾਦ ਤੋਂ ਵਧੀਆ ਹੈ। ਸਾਰੇ ਤਰਕ ਇਹ ਦੱਸਣ ਲਈ ਪੇਸ਼ ਕੀਤੇ ਗਏ ਹਨ। ਇਸ ਲਈ ਅਸੀਂ ਹਰ ਤਰਕ ਦੀ ਜਾਂਚ ਕਰਨੀ ਹੈ।

ਬੁੱਧ 536 ਈ.ਪੂ. ਵਿੱਚ ਪੈਦਾ ਹੋਏ ਸਨ। ਮਾਰਕਸ 1818 ਈ. ਵਿੱਚ ਪੈਦਾ ਹੋਏ ਸਨ। ਦੋਨਾਂ ਵਿੱਚ 2381 ਸਾਲਾਂ ਦਾ ਫਾਸਲਾ ਹੈ।

ਇਹ ਲੇਖ ਇਸ ਵਾਕ ਨਾਲ਼ ਸ਼ੁਰੂ ਹੁੰਦਾ ਹੈ : "ਕਾਰਲ ਮਾਰਕਸ ਅਤੇ ਬੁੱਧ ਵਿਚਕਾਰ ਤੁਲਨਾ ਕਰਨਾ ਮਜ਼ਾਕ ਸਮਝਿਆ ਜਾ ਸਕਦਾ ਹੈ।" (ਪੰਨਾ 441) ਹਾਂ, ਇਹ

ਮਜ਼ਾਕ ਹੈ, ਪਰ ਇਹ ਮਜ਼ਾਕ 'ਸਮੇਂ ਦੇ ਫਾਸਲੇ' ਦੀ ਨਜ਼ਰ ਤੋਂ ਨਹੀਂ ਸਗੋਂ, 'ਵਿਚਾਰਧਾਰਕ ਫਾਸਲੇ' ਦੀ ਨਜ਼ਰ ਤੋਂ ਹੈ।

ਅਰਸਤੂ ਦਾ ਜੀਵਨ ਕਾਲ ਦੋ ਹਜ਼ਾਰ ਸਾਲ ਪਹਿਲਾਂ ਸੀ। (384–322 ਈ. ਪੂ.) ਉਹ ਵੀ ਮਾਰਕਸ ਤੋਂ ਬਹੁਤ ਦੂਰ ਖੜ੍ਹਾ ਹੈ। ਪਰ ਉਸ ਨੇ 'ਮੁੱਲ' ਅਤੇ 'ਮੁਦਰਾ' 'ਤੇ ਖੋਜ ਦੀ ਸ਼ੁਰੂਆਤ ਕੀਤੀ। ਅਰਸਤੂ ਨੇ ਸਵਾਲ ਉਠਾਇਆ ਸੀ– 'ਮੁਦਰਾ ਕੀ ਹੈ ?' ਅਤੇ ਇਸ ਦਾ ਉੱਤਰ ਮਾਰਕਸ ਨੇ ਦਿੱਤਾ– 'ਮੁਦਰਾ ਹੋਰ ਕੁੱਝ ਨਹੀਂ, ਮਨੁੱਖੀ ਕਿਰਤ ਹੈ।' ਇਸ ਦਾ ਭਾਵ ਇਹ ਹੈ ਕਿ ਇਹ ਸਮਝਣ ਵਿੱਚ ਦੋ ਹਜ਼ਾਰ ਸਾਲ ਲੱਗ ਗਏ ਕਿ ਮੁਦਰਾ ਕੀ ਹੈ। ਅਰਸਤੂ ਅਤੇ ਮਾਰਕਸ ਭਾਵੇਂ ਕਿੰਨੇ ਫਾਸਲੇ ਤੇ ਖੜ੍ਹੇ ਹੋਣ, ਦੋਨਾਂ ਦੀ ਤੁਲਨਾ ਕਰਨ ਵਿੱਚ ਕੋਈ ਵਿਸੰਗਤੀ ਨਹੀਂ ਲੱਗਦੀ ਕਿਉਂਕਿ ਦੋਨਾਂ ਨੇ ਇੱਕ ਪ੍ਰਸ਼ਨ ਦੀ ਖੋਜ ਕੀਤੀ ਸੀ। ਪਰ ਬੁੱਧ ਅਤੇ ਮਾਰਕਸ ਵਿਚਕਾਰ ਤੁਲਨਾ ਅਜੀਬ ਲੱਗਦੀ ਹੈ ਕਿਉਂਕਿ ਦੋਨਾਂ ਵਿੱਚ ਕੋਈ ਸਮਾਨਤਾ ਨਹੀਂ।ਅਸੀਂ ਦੇਖਣਾ ਹੈ ਕਿ ਅੰਬੇਡਕਰ ਇਸ ਵਿਲੱਖਣਤਾ ਨਾਲ਼ ਕਿਵੇਂ ਨਿੱਬੜਦਾ ਹੈ। ਆਪਣੇ ਲੇਖ ਦੇ ਅਰੰਭ ਵਿੱਚ ਅੰਬੇਡਕਰ ਥੋੜ੍ਹਾ ਹਿਚਕਚਾਉਂਦੇ ਹਨ।

"ਮਾਰਕਸ ਇੰਨਾ ਨਵੀਨ ਹੈ ਅਤੇ ਬੁੱਧ ਇੰਨਾ ਪ੍ਰਾਚੀਨ! ਮਾਰਕਸਵਾਦੀ ਇਹ ਕਹਿ ਸਕਦੇ ਹਨ ਕਿ ਉਨ੍ਹਾਂ ਦੇ ਆਗੂ ਅਤੇ ਅਧਿਆਪਕ ਦੀ ਤੁਲਨਾ ਵਿੱਚ ਬੁੱਧ ਆਦਿਮ ਹੈ।... ਕੋਈ ਮਾਰਕਸਵਾਦੀ ਬੁੱਧ ਤੋਂ ਕੀ ਸਿੱਖ ਸਕਦਾ ਹੈ ? ਬੁੱਧ ਕਿਸੇ ਮਾਰਕਸਵਾਦੀ ਨੂੰ ਕੀ ਸਿਖਾ ਸਕਦੇ ਹਨ ?" (ਪੰਨਾ 441)

ਜੇਕਰ ਮਾਰਕਸਵਾਦੀ ਅਜਿਹਾ ਸੋਚਣ ਕਿ ਉਨ੍ਹਾਂ ਨੇ ਦੂਸਰੇ ਤੋਂ ਕੁੱਝ ਨਹੀਂ ਸਿੱਖਣਾ, ਤਾਂ ਇਹ ਭਿਅੰਕਰ ਭੁੱਲ ਹੈ। ਉਹ ਬੁੱਧ ਦੀਆਂ ਦੱਸੀਆਂ ਸਾਰੀਆਂ ਚੰਗੀਆਂ ਗੱਲਾਂ ਨੂੰ ਸਿੱਖ ਸਕਦੇ ਹਨ। ਉਹ ਤਾਂ ਉਸ ਤੋਂ ਵੀ ਸਿੱਖ ਸਕਦੇ ਹਨ ਜੋ ਹੁਣ ਵੀ 'ਆਦਿਮ' ਹੈ। ਮਾਰਕਸਵਾਦ ਹੋਂਦ ਵਿੱਚ ਹੀ ਨਾ ਆਇਆ ਹੁੰਦਾ ਜੇਕਰ ਸਿੱਖਣ ਪ੍ਰਤੀ ਰੁਝਾਣ ਨਾ ਹੁੰਦਾ। ਇਸ ਲਈ ਇਹ ਛੱਕ ਕਰਨਾ ਅਰਥਹੀਣ ਹੈ ਕਿ ਮਾਰਕਸਵਾਦੀ ਦੂਸਰੇ ਤੋਂ ਸਿੱਖਣਾ ਪਸੰਦ ਨਹੀਂ ਕਰਦੇ।

"ਜੇ ਮਾਰਕਸਵਾਦੀ ਆਪਣੀਆਂ ਧਾਰਨਾਵਾਂ ਨੂੰ ਛੱਡ ਦੇਣ ਅਤੇ ਬੁੱਧ ਦਾ ਅਧਿਐਨ ਕਰਨ ਅਤੇ ਇਹ ਸਮਝਣ ਕਿ ਉਨ੍ਹਾਂ ਦਾ ਨਿਸ਼ਾਨਾ ਕੀ ਸੀ, ਤਾਂ ਮੰਨਣਾ ਹੈ ਕਿ ਉਹ ਆਪਣਾ ਵਿਵਹਾਰ ਬਦਲ ਲੈਣਗੇ।" (ਪੰਨਾ 441)

ਚਲੋ, ਇਸ ਤਰ੍ਹਾਂ ਹੀ ਕਰਦੇ ਹਾਂ। ਅਸੀਂ ਪਹਿਲਾਂ ਹੀ ਬੁੱਧ ਦਾ ਡੂੰਘਾ ਅਧਿਐਨ ਕਰ ਚੁੱਕੇ ਹਾਂ। ਸਾਨੂੰ ਉਸਦਾ ਨਿਸ਼ਾਨਾ ਵੀ ਸਮਝ ਆ ਗਿਆ ਹੈ। ਅਸੀਂ ਫਿਰ ਵੀ ਦੁਬਾਰਾ ਇਸ ਨੂੰ ਦੇਖਾਂਗੇ ਅਤੇ ਜੇ ਜ਼ਰੂਰੀ ਹੋਇਆ ਤਾਂ ਆਪਣਾ ਵਿਵਹਾਰ ਵੀ ਜ਼ਰੂਰ ਬਦਲਾਂਗੇ। ਸਾਨੂੰ ਸੱਚ ਦੀ ਤਲਾਸ਼ ਹੈ, ਸਾਨੂੰ ਹਰ ਉਸ ਚੰਗੀ ਗੱਲ ਨੂੰ ਸਵੀਕਾਰ ਕਰਨਾ ਚਾਹੀਦਾ, ਜੋ ਕਿਤੋਂ ਵੀ ਮਿਲ਼ੇ।

ਪਰ ਕੀ ਅੰਬੇਡਕਰਵਾਦੀ ਵੀ ਮਾਰਕਸਵਾਦ ਦਾ ਅਧਿਐਨ ਕਰਨਗੇ ਅਤੇ ਮਾਰਕਸ ਦੇ ਨਿਸ਼ਾਨੇ ਨੂੰ ਸਮਝਣਗੇ ? ਜੇ ਜ਼ਰੂਰੀ ਹੋਇਆ ਤਾਂ ਕੀ ਉਹ ਆਪਣਾ ਵਿਵਹਾਰ ਬਦਲਣਗੇ ?

ਇਹ ਤਾਂ ਪਹਿਲਾਂ ਹੀ ਸਿੱਧ ਹੋ ਚੁੱਕਾ ਹੈ ਕਿ ਉਹ ਨਹੀਂ ਬਦਲਣਗੇ। ਅੰਬੇਡਕਰ ਦੀ ਬੁੱਧ ਬਾਰੇ ਚਰਚਾ ਅਤੇ ਤੁਲਨਾ ਇਹ ਦਰਸਾਉਂਦੀ ਹੈ ਕਿ ਉਹਨਾਂ ਨੇ ਪਹਿਲਾਂ ਹੀ ਦੋਵੇਂ ਸਿਧਾਂਤਾਂ ਦਾ ਅਧਿਐਨ ਕਰ ਲਿਆ ਹੈ। ਇਸ ਅਧਿਐਨ ਤੋਂ ਬਾਅਦ ਹੀ ਉਹਨਾਂ ਨੇ ਸਿੱਟਾ ਕੱਢਿਆ ਹੈ ਕਿ ਬੁੱਧ ਦਾ ਸਿਧਾਂਤ, ਮਾਰਕਸ ਦੇ ਸਿਧਾਂਤ ਤੋਂ ਉੱਤਮ ਹੈ। ਕੀ ਅਜਿਹਾ ਨਹੀਂ ਹੋਇਆ ? ਇਸਦਾ ਨਤੀਜਾ ਇਹ ਹੋਇਆ ਕਿ ਮਾਰਕਸਵਾਦ ਨੂੰ ਜਾਨਣ ਤੋਂ ਬਾਅਦ ਵੀ

ਉਨ੍ਹਾਂ ਨੇ ਆਪਣਾ ਵਿਵਹਾਰ ਨਹੀਂ ਬਦਲਿਆ, ਜਾਂ ਬਦਲ ਲਿਆ ? ਮਾਰਕਸਵਾਦੀਆਂ ਨੇ ਬੁੱਧਵਾਦ ਦੀ ਜਾਂਚ ਕਰਨੀ ਹੈ। ਅੰਬੇਡਕਰਵਾਦੀਆਂ ਨੂੰ ਵੀ ਮਾਰਕਸਵਾਦ ਦੀ ਜਾਂਚ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਹਰ ਗੱਲ ਦੀ ਜਾਂਚ ਕਰਨ ਬਾਅਦ ਹੀ ਆਪਣਾ ਵਿਵਹਾਰ ਨਿਰਧਾਰਤ ਕਰਨਾ ਹੋਵੇਗਾ।

ਚਰਚਾ ਤਾਂ ਚਰਚਾ ਹੈ, ਬਿਨਾਂ ਇਹ ਵਿਚਾਰ ਕੀਤੇ ਕਿ ਕੋਈ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਇਸ ਤੋਂ ਕੁੱਝ ਸਿੱਖਦਾ ਹੈ ਜਾਂ ਨਹੀਂ, ਇਹ ਤਾਂ ਲਗਾਤਾਰ ਚਲਦੀ ਰਹਿਣੀ ਹੈ; ਕਿ ਨਹੀਂ ?

**2. ਅੰਬੇਡਕਰ ਅਨੁਸਾਰ, ਮਾਰਕਸਵਾਦ ਅਰਥਹੀਣ ਹੈ !**

ਅੰਬੇਡਕਰ ਨੇ ਉਨ੍ਹਾਂ ਸਿੱਖਿਆਵਾਂ ਨੂੰ ਸੰਖੇਪ ਵਿੱਚ ਗਿਣਾਇਆ ਹੈ ਜਿੰਨ੍ਹਾਂ ਨੂੰ ਬੁੱਧ ਨੇ 25 ਸੂਤਰਾਂ ਵਿੱਚ ਪਰੋਇਆ ਸੀ।

"ਮੈਂ ਹੇਠਾਂ ਉਹਨਾਂ ਦਾ ਸੰਖੇਪ ਵਰਣਨ ਉਸੇ ਤਰ੍ਹਾਂ ਕਰ ਰਿਹਾ ਹਾਂ, ਜਿਸ ਤਰ੍ਹਾਂ ਮੈਂ ਤਿਰੀਪੀਟਿਕ (ਬੁੱਧ ਦੀ ਲਿਖਤ) ਦੇ ਅਧਿਐਨ ਤੋਂ ਉਹਨਾਂ ਨੂੰ ਸਮਝਿਆ" (ਪੰਨਾ 441 ਅਤੇ ਉਸ ਤੋਂ ਅੱਗੇ)

ਅਸੀਂ ਇਹਨਾਂ ਸੂਤਰਾਂ ਨੂੰ ਪਹਿਲਾਂ ਵੀ ਵੇਖ ਚੁੱਕੇ ਹਾਂ ਇਸ ਲਈ ਮੈਂ ਕੁੱਝ ਗੱਲਾਂ ਨੂੰ ਛੱਡਦਾ ਹਾਂ ਅਤੇ ਕੁੱਝ ਮਹੱਤਵਪੂਰਣ ਗੱਲਾਂ ਨੂੰ 13 ਸੂਤਰਾਂ ਵਿੱਚ ਪੇਸ਼ ਕਰਦਾ ਹਾਂ।

**1. 'ਬੁੱਧ ਦਾ ਮਤ'**

1. ਮੁਕਤ ਸਮਾਜ ਲਈ ਧਰਮ ਜਰੂਰੀ ਹੈ। ('ਮੁਕਤ ਸਮਾਜ' ਤੋਂ ਅੰਬੇਡਕਰ ਦਾ ਭਾਵ ਇੱਕ ਅਜਿਹੇ ਸਮਾਜ ਤੋਂ ਹੈ ਜਿੱਥੇ ਅਜ਼ਾਦੀ, ਬਰਾਬਰੀ ਅਤੇ ਭਾਈਚਾਰਾ ਹੋਵੇ)

2. ਹਰ ਧਰਮ ਕੱਟੜ ਨਹੀਂ ਹੈ।

3. ਸਮਾਜ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ, ਮਾਲਕ ਅਤੇ ਮਜ਼ਦੂਰ (ਜਿਸ ਮੱਤ ਵਿੱਚ ਪਰਮਾਤਮਾ ਦਾ ਕੋਈ ਸਥਾਨ ਨਹੀਂ, ਉਸ ਨੂੰ ਧਰਮ ਨਹੀਂ ਕਹਿਣਾ ਚਾਹੀਦਾ। ਹੁਣ ਤੱਕ, ਪਰਮਾਤਮਾ ਦੇ ਸੰਕਲਪ 'ਤੇ ਅਧਾਰਿਤ ਹੋਣ ਕਾਰਨ ਹੀ ਧਰਮ ਨੂੰ ਧਰਮ ਕਹਿਣ ਦੀ ਪ੍ਰਥਾ ਰਹੀ ਹੈ। 'ਧਰਮ' ਸ਼ਬਦ ਉਸ ਜੀਵਨ ਸ਼ੈਲੀ 'ਤੇ ਲਾਗੂ ਹੁੰਦਾ ਹੈ ਜੋ ਤਰਕ ਬੁੱਧੀ 'ਤੇ ਅਧਾਰਿਤ ਹੈ। ਇਸ ਲਈ ਬੁੱਧ ਦੀਆਂ ਸਿੱਖਿਆਵਾਂ ਨੂੰ ਧਰਮ ਨਾ ਕਹਿ ਕੇ ਬੁੱਧਵਾਦ ਕਹਿਣਾ ਚਾਹੀਦਾ ਹੈ। ਪਰ ਅੰਬੇਡਕਰ ਇਸ ਨੂੰ ਧਰਮ ਹੀ ਕਹਿੰਦੇ ਹਨ। ਉਹ ਦੂਸਰਿਆਂ ਨੂੰ ਵੀ ਅਜਿਹਾ ਕਰਨ ਲਈ ਜ਼ੋਰ ਪਾਉਂਦੇ ਹਨ) (ਭਾਗ 11, ਪੰਨਾ 452)

4. ਨੈਤਿਕਤਾ ਜੀਵਨ ਦਾ ਆਦਰਸ਼ ਹੋਵੇ ਇੰਨਾ ਹੀ ਕਾਫੀ ਨਹੀਂ ਹੈ; ਇਸ ਨੂੰ ਤਾਂ ਜੀਵਨ ਦਾ ਵਿਧਾਨ ਹੋਣਾ ਚਾਹੀਦਾ ਕਿਉਂਕਿ ਪਰਮਾਤਮਾ ਦੀ ਹੋਂਦ ਨਹੀਂ ਹੈ।

(ਅੰਬੇਡਕਰ ਸਿਰਫ ਥੋੜ੍ਹਾ ਜਿਹਾ ਲਿਖਦੇ ਹਨ ਕਿ 'ਪਰਮਾਤਮਾ ਨਹੀਂ ਹੈ' ਪਰ ਬੁੱਧ ਦੀ ਜੀਵਨ ਕਹਾਣੀ ਸਮੇਂ, ਅੰਬੇਡਕਰ ਦੈਵੀ ਚਮਤਕਾਰਾਂ ਦਾ ਵਾਰ-ਵਾਰ ਸਹਾਰਾ ਲੈਂਦੇ ਹਨ।)

5. ਧਰਮ ਦਾ ਕੰਮ ਸੰਸਾਰ ਦੀ ਮੁੜ ਉਸਾਰੀ ਕਰਨਾ ਅਤੇ ਉਸ ਨੂੰ ਸੁਖੀ ਬਨਾਉਣਾ ਹੈ, ਨਾ ਕਿ ਇਸ ਦੇ ਅਰੰਭ ਜਾਂ ਅੰਤ ਦੀ ਵਿਆਖਿਆ ਕਰਨਾ।

(ਇੱਥੇ ਸਾਨੂੰ 'ਸੰਸਾਰ' ਸ਼ਬਦ ਨੂੰ 'ਸਮਾਜ' ਦੇ ਰੂਪ ਵਿੱਚ ਸਮਝਣਾ ਹੋਵੇਗਾ।)

6. ਆਪਸੀ ਹਿੱਤਾਂ ਦਾ ਟਕਰਾਅ ਹੀ ਸੰਸਾਰ ਵਿੱਚ ਦੁੱਖਾਂ ਦਾ ਕਰਨ ਹੈ ਅਤੇ ਅਸ਼ਟਾਂਗ ਮਾਰਗ 'ਤੇ ਚੱਲਣਾ ਹੀ ਇਸ ਤੋਂ ਛੁਟਕਾਰੇ ਦਾ ਇੱਕੋ-ਇੱਕ ਉਪਾਅ ਹੈ।

(ਇਸ ਤੋਂ ਪਹਿਲਾਂ ਅਸੀਂ ਕਿਤੇ ਵੀ ਬੁੱਧ ਨੂੰ 'ਹਿੱਤਾਂ ਦੇ ਟਕਰਾਅ' ਦੀ ਗੱਲ ਕਰਦੇ ਨਹੀਂ ਵੇਖਿਆ। ਅਸੀਂ ਇਸ ਨੁਕਤੇ ਉੱਤੇ ਆਲੋਚਨਾਤਮਕ ਟਿੱਪਣੀਆਂ ਬਾਅਦ

ਵਿੱਚ ਕਰਾਂਗੇ।)

7. ਜਾਇਦਾਦ ਦੀ ਨਿੱਜੀ ਮਾਲਕੀ ਇੱਕ ਜਮਾਤ ਨੂੰ ਤਾਕਤ ਦਿੰਦੀ ਹੈ ਅਤੇ ਦੂਜੇ ਨੂੰ ਦੁੱਖ।

(ਸੂਤਰ-6 ਵਿੱਚ ਕਹੀਆਂ ਗਈਆਂ ਗੱਲਾਂ ਵਿੱਚ ਭਿੰਨਤਾ ਹੈ। ਛੇਵਾਂ ਸੂਤਰ ਕਹਿੰਦਾ ਹੈ ਕਿ ਮਨੁੱਖੀ ਜਾਤੀ ਦੀ ਕੋਈ ਵੀ ਜਮਾਤ 'ਹਿੱਤਾਂ ਦੇ ਟਕਰਾਅ' ਕਾਰਨ ਸੁਖੀ ਨਹੀਂ ਰਹਿ ਸਕਦੀ ਪਰ ਇਹ ਸੱਤਵਾਂ ਸੂਤਰ ਸਾਨੂੰ ਦੱਸ ਰਿਹਾ ਹੈ ਕਿ ਜਾਇਦਾਦਹੀਣ ਜਮਾਤ ਦੁਖੀ ਹੋਵੇਗੀ ਅਤੇ ਮਾਲਕ ਜਮਾਤ ਦੁਖੀ ਹੋਣ ਦੀ ਬਜਾਏ ਤਾਕਤਵਰ ਹੋਵੇਗੀ।)

8. ਸਮਾਜ ਦੀ ਭਲਾਈ ਲਈ ਇਹ ਜਰੂਰੀ ਹੈ ਕਿ ਦੁੱਖਾਂ ਦੇ ਕਾਰਨ ਨੂੰ ਦੂਰ ਕਰਦੇ ਹੋਏ ਦੁੱਖਾਂ ਨੂੰ ਦੂਰ ਭਜਾਇਆ ਜਾਵੇ।

(ਸਾਰੇ ਦਾਰਸ਼ਨਿਕ ਕਹਿੰਦੇ ਹਨ ਕਿ ਅਸੀਂ ਕਾਰਨਾਂ ਨੂੰ ਖਤਮ ਕਰਨਾ ਹੈ ਪਰ ਕਾਰਨ ਦੀ ਪਹਿਚਾਣ ਕਰਨ ਵਿੱਚ ਅਨੇਕ ਮੱਤਭੇਦ ਹਨ।)

9. ਮਿੱਤਰਤਾ ਜਾਂ ਸਹਿਯੋਗ- ਇੱਥੋਂ ਤੱਕ ਕਿ ਆਪਣੇ ਦੁਸ਼ਮਣ ਨਾਲ਼ ਵੀ।

10. ਚਰਿੱਤਰ ਤੋਂ ਬਿਨਾਂ ਗਿਆਨ ਖਤਰਨਾਕ ਹੈ।

(ਚਰਿੱਤਰ ਦਾ ਅਰਥ ਹੈ 'ਉੱਤਮ ਆਚਰਣ' ਭਾਵ ਅਸ਼ਟਾਂਗ ਮਾਰਗ 'ਤੇ ਚੱਲਣਾ)

11. ਕੁੱਝ ਵੀ ਭੁੱਲ ਮੁਕਤ ਨਹੀਂ ਹੈ... ਹਰ ਚੀਜ਼ ਦੀ ਖੋਜ-ਬੀਨ ਅਤੇ ਜਾਂਚ ਪੜਤਾਲ ਕੀਤੀ ਜਾਣੀ ਚਾਹੀਦੀ ਹੈ।

( ਮੰਨ ਲਵੋ ਕਿ ਕਿਸੇ ਚੀਜ਼ ਦੀ ਖ਼ੋਜ ਬੀਨ ਕੀਤੀ ਜਾਂਦੀ ਹੈ ਅਤੇ ਉਹ ਜਾਂਚ ਪੜਤਾਲ ਵਿੱਚ ਖਰੀ ਉਤਰ ਆਉਂਦੀ ਹੈ। ਤੱਦ ਤਾਂ ਉਸਦਾ ਅਚੁੱਕ ਹੋਣਾ ਸਿੱਧ ਹੋ ਜਾਂਦਾ ਹੈ। ਫਿਰ ਉਸਨੇ ਕਿਉਂ ਕਿਹਾ ਕਿ 'ਕੁੱਝ ਵੀ ਅਚੁੱਕ ਨਹੀਂ ਹੈ'? ਕੀ ਕੁੱਝ ਚੀਜ਼ਾਂ ਅਚੁੱਕ ਨਹੀਂ ਹੁੰਦੀਆਂ? ਕੀ ਅੰਬੇਡਕਰ ਅਨੁਸਾਰ ਅਸ਼ਟਾਂਗ ਮਾਰਗ ਵੀ ਅਚੁੱਕ ਨਹੀਂ ਹੈ? )

12. ਕੁੱਝ ਵੀ ਅੰਤਿਮ ਨਹੀਂ ਹੈ।

(ਕੁਦਰਤ ਦੇ ਸੰਦਰਭ ਵਿੱਚ ਤਾਂ ਇਹ ਠੀਕ ਹੈ ਕਿ ਕੁੱਝ ਵੀ ਅੰਤਿਮ ਨਹੀਂ ਹੈ। ਪਰ ਜੇ ਕਿਸੇ ਖਾਸ ਘਟਨਾ, ਪਦਾਰਥ, ਜੀਵਨ ਪ੍ਰਾਣੀ ਜਾਂ ਵਸਤੂ ਦੀ ਗੱਲ ਹੈ, ਤਾਂ ਉਸ ਦਾ ਆਰੰਭ ਵੀ ਹੈ, ਅੰਤ ਵੀ ਹੈ। ਤਦ 'ਕੁੱਝ ਵੀ ਅੰਤਿਮ ਨਹੀਂ ਹੈ' ਵਾਲ਼ਾ ਕਥਨ ਹਰ ਥਾਂ 'ਤੇ ਲਾਗੂ ਨਹੀਂ ਹੁੰਦਾ।)

13. ਯੁੱਧ ਉਦੋਂ ਤੱਕ ਗਲਤ ਹੈ ਜਦੋਂ ਤੱਕ ਉਹ ਸੱਚ ਅਤੇ ਨਿਆਂ ਲਈ ਨਾ ਹੋਵੇ।

ਇਸ ਤਰ੍ਹਾਂ ਅੰਬੇਡਕਰ ਨੇ 25 ਸੂਤਰ ਗਿਣਾਏ ਅਤੇ ਕਿਹਾ, "ਇਹ ਹੀ ਬੁੱਧ ਮੱਤ ਦਾ ਨਿਚੋੜ ਹੈ।" ਉਸਨੇ ਇਸ ਦੀ ਬਹੁਤ ਵਡਿਆਈ ਵੀ ਕੀਤੀ। "ਕਿੰਨਾ ਪੁਰਾਣਾ, ਫਿਰ ਵੀ ਤਰੋ-ਤਾਜ਼ਾ!" ਉਹਨਾਂ ਦੀਆਂ ਸਿੱਖਿਆਵਾਂ ਕਿੰਨੀਆਂ ਵਿਆਪਕ ਅਤੇ ਕਿੰਨੀ ਡੂੰਘਾਈ ਵਾਲ਼ੀਆਂ ਹਨ। (ਭਾਗ-3, ਪੰਨਾ-442)

ਜੇਕਰ ਇਹਨਾਂ ਵਿੱਚੋਂ ਸਾਨੂੰ ਕਿਸੇ ਸੂਤਰ ਬਾਰੇ ਸ਼ੱਕ ਹੈ ਤਾਂ ਮੂਲ 'ਸੋਮੇ' ਦੀ ਜਾਂਚ ਕਰਨ ਦਾ ਕੋਈ ਤਰੀਕਾ ਨਹੀਂ ਹੈ। ਅੰਬੇਡਕਰ ਨੇ ਸਿਰਫ਼ ਇੱਕ ਸ਼ਬਦ ਤਿਰੀਪਟਿਕਾ ਦਾ ਜਿਕਰ ਕੀਤਾ ਹੈ। ਇਹ ਇੱਕ ਸ਼ਬਦ ਸਬੂਤ ਲਈ ਕਾਫ਼ੀ ਨਹੀਂ! ਸੂਤਰ-6 ਦੇਖੋ! ਅੰਬੇਡਕਰ ਇੱਥੇ ਕਹਿ ਰਹੇ ਹਨ ਕਿ ਬੁੱਧ ਨੇ 'ਹਿੱਤਾਂ ਦੇ ਟਕਰਾਅ' ਦੀ ਗੱਲ ਕਹੀ ਸੀ। ਪਰ ਇਸ ਗੱਲ ਨੂੰ 600 ਪੰਨਿਆਂ ਵਾਲ਼ੀ ਉਸ ਕਿਤਾਬ ਵਿੱਚ ਕੋਈ ਥਾਂ ਨਹੀਂ ਮਿਲ਼ੀ ਜਿਸਦਾ ਸਿਰਲੇਖ ਹੀ ਸੀ 'ਬੁੱਧ ਅਤੇ ਉਸਦਾ ਸਿਧਾਂਤ'-1

ਖੈਰ, ਹਿੱਤਾਂ ਦਾ ਇਹ ਟਕਰਾਅ ਕੀ ਹੈ? ਇਸਦਾ ਉੱਤਰ ਸੂਤਰ-7 ਵਿੱਚ ਮਿਲ਼ਦਾ

ਹੈ। ਜਾਇਦਾਦ ਦੀ ਨਿੱਜੀ ਮਾਲਕੀ ਇੱਕ ਜਮਾਤ ਨੂੰ ਤਾਕਤ ਦਿੰਦੀ ਹੈ ਅਤੇ ਦੂਸਰੇ ਨੂੰ ਦੁੱਖ। ਜੇਕਰ ਬੁੱਧ ਨੇ ਇਸ ਸੱਚਾਈ ਨੂੰ ਜਾਣ ਲਿਆ ਸੀ ਤਾਂ ਉਸ ਨੇ ਇਸ ਦਾ ਕੀ ਹੱਲ ਪੇਸ਼ ਕੀਤਾ ? ਇਸ ਲਈ ਸਾਨੂੰ 6 ਸੂਤਰ ਦੇਖਣਾ ਪਵੇਗਾ। ਉਸ ਨੇ ਅਸ਼ਟਾਂਗ ਮਾਰਗ ਨੂੰ ਹੱਲ ਦੇ ਰੂਪ ਵਿੱਚ ਪੇਸ਼ ਕੀਤਾ ਹੈ।

ਸੂਤਰ-8 ਵਿੱਚ, ਉਸ ਨੇ ਦੁੱਖ ਦੂਰ ਭਜਾਉਣ ਲਈ ਉਸਦੇ ਕਾਰਣ ਨੂੰ ਦੂਰ ਕਰਨ ਦਾ ਸੁਝਾਅ ਦਿੱਤਾ। ਮੁੱਠੀ ਭਰ ਲੋਕਾਂ ਦੁਆਰਾ ਜਾਇਦਾਦ 'ਤੇ ਹੱਕ ਹੀ ਦੁੱਖਾਂ ਦਾ ਕਾਰਣ ਹੈ। ਇਸ ਕਾਰਣ ਨੂੰ ਦੂਰ ਕਰਨ ਲਈ ਇਹ ਕਹਿਣਾ ਹੋਵੇਗਾ ਕਿ ਸਿਰਫ਼ ਇੱਕ ਹੀ ਜਮਾਤ ਦਾ ਜਾਇਦਾਦ 'ਤੇ ਹੱਕ ਨਹੀਂ ਹੋਣਾ ਚਾਹੀਦਾ। ਠੀਕ ਹੈ, ਪਰ, ਕੀ ਅਸ਼ਟਾਂਗ ਮਾਰਗ ਨੇ ਇਹ ਕਿਹਾ ਹੈ ? ਹੱਕਾਂ ਦੀ ਤਾਂ ਕੋਈ ਚਰਚਾ ਹੀ ਨਹੀਂ ਹੈ। ਅਜਿਹੀ ਸਥਿਤੀ ਵਿੱਚ ਅਸ਼ਟਾਂਗ ਮਾਰਗ ਹਿੱਤਾਂ ਦੇ ਟਕਰਾਅ ਦੇ ਹੱਲ ਦਾ ਉਪਾਅ ਕਿਵੇਂ ਬਣ ਸਕਦਾ ਹੈ ?

ਜੇਕਰ ਸਮਾਜ ਵਿੱਚ ਅੱਡ-ਅੱਡ ਜਮਾਤਾਂ ਹੋਣ ਅਤੇ ਉਹਨਾਂ ਦੇ ਹਿੱਤ ਅੱਡ-ਅੱਡ ਹੋਣ ਤਾਂ, ਵੱਖ-ਵੱਖ ਜਮਾਤਾਂ 'ਅਸ਼ਟਾਂਗ ਮਾਰਗ' ਕਿਹਾ ਜਾਣ ਵਾਲ਼ਾ ਇੱਕ ਹੀ ਮਾਰਗ ਭਲਾ ਕਿਉਂ ਅਪਣਾਉਣਗੀਆਂ ?

ਜੇ ਬੁੱਧ ਨੇ ਹਿੱਤਾਂ ਦੇ ਟਕਾਰਅ ਦੀ ਅਸਲੀਅਤ ਦਾ ਅਨੁਭਵ ਕਰ ਲਿਆ ਸੀ, ਤਾਂ ਉਸਨੇ ਕਿਸੇ ਢੁੱਕਵੇਂ ਹੱਲ ਦੀ ਬਜਾਏ ਅਸ਼ਟਾਂਗ ਮਾਰਗ ਹੀ ਕਿਉਂ ਸੁਝਾਇਆ ? ਜੇ ਉਸ ਨੇ ਕਾਰਣ ਨੂੰ ਸਮਝ ਲਿਆ ਅਤੇ ਫਿਰ ਵੀ ਢੁੱਕਵਾਂ ਹੱਲ ਨਹੀਂ ਦਿੱਤਾ ਤਾਂ ਕੀ ਇਸਦਾ ਇਹ ਅਰਥ ਨਹੀਂ ਹੋਵੇਗਾ ਕਿ ਉਹ ਪਾਖੰਡੀ ਸੀ ? ਅੰਬੇਡਕਰ ਨੇ ਇਹ ਸਵਾਲ ਨਹੀਂ ਚੁੱਕਿਆ।

ਸਮੱਸਿਆ ਹੈ- ਕੁੱਝ ਲਈ ਅਮੀਰੀ, ਬਾਕੀਆਂ ਲਈ ਗਰੀਬੀ! ਜਦ ਕਿ ਹੱਲ ਹੈ- ਅਸ਼ਟਾਂਗ ਮਾਰਗ!

ਅਤੇ ਇਸ ਦਾ ਅਰਥ ਹੁੰਦਾ ਹੈ ਕਿ ਝੂਠ ਨਾ ਬੋਲੋ! ਚੋਰੀ ਨਾ ਕਰੋ! ਭੋਗ-ਵਿਲਾਸੀ ਨਾ ਬਣੋ! ਨਸ਼ੇ ਦਾ ਪ੍ਰਯੋਗ ਨਾ ਕਰੋ! ਇਹ ਨਾ ਕਰੋ ਉਹ ਨਾ ਕਰੋ!

ਅੰਬੇਡਕਰ ਇਹ ਨਹੀਂ ਸਮਝਦੇ ਕਿ ਸਮੱਸਿਆ ਅਤੇ ਹੱਲ ਵਿੱਚ ਇੱਕਸਾਰਤਾ ਜਾਂ ਠੋਸਪਣ ਵੀ ਹੈ ਜਾਂ ਨਹੀਂ। ਉਹਨਾਂ ਦੀ ਦਿਲਚਸਪੀ ਤਾਂ ਸਿਰਫ਼ ਅਸ਼ਟਾਂਗ ਮਾਰਗ ਦਾ ਗੁਣਗਾਣ ਕਰਨ ਵਿੱਚ ਹੈ। ਕਿੰਨਾਂ ਆਧੁਨਿਕ! ਕਿੰਨਾਂ ਵਿਸ਼ਾਲ! ਕਿੰਨਾਂ ਡੂੰਘਾ! ਕਿੰਨਾਂ ਮਹਾਨ!

ਇਸ ਤਰ੍ਹਾਂ, ਬੁੱਧਵਾਦ ਉੱਤੇ ਪ੍ਰਸ਼ੰਸਾ ਦਾ ਮੀਂਹ ਵਰ੍ਹਾਉਣ ਤੋਂ ਬਾਅਦ , ਉਹਨਾਂ ਨੇ ਹੇਠ ਲਿਖੇ 10 ਨੁਕਤਿਆਂ ਵਿੱਚ ਮਾਰਕਸ ਦੇ ਸਿਧਾਂਤ ਦੀ ਚਰਚਾ ਕੀਤੀ ਹੈ। (ਭਾਗ 3, ਪੰਨਾ 443)

## 2. ਮਾਰਕਸ ਦਾ ਸਿਧਾਂਤ

1. ਦਰਸ਼ਨ ਦਾ ਉਦੇਸ਼ ਸੰਸਾਰ ਦੀ ਮੁੜ ਉਸਾਰੀ ਕਰਨਾ ਹੁੰਦਾ ਹੈ, ਨਾ ਕਿ ਬ੍ਰਹਿਮੰਡ ਦੀ ਉਤਪਤੀ ਦੀ ਵਿਆਖਿਆ ਕਰਨਾ। (ਇਹ ਗਲਤ ਹੈ। ਸਮਾਜ ਦੀ ਉਤਪਤੀ ਦੀ ਵਿਆਖਿਆ ਕੀਤੇ ਬਿਨਾਂ ਇਸ ਦੀ ਮੁੜ ਉਸਾਰੀ ਕਰਨਾ ਸੰਭਵ ਨਹੀਂ। ਜਰੂਰਤ ਪੈਣ 'ਤੇ ਅਸੀਂ ਸਮਾਜ ਦੀ ਮੁੜ ਉਸਾਰੀ ਤਦ ਹੀ ਕਰ ਸਕਦੇ ਹਾਂ ਜਦੋਂ ਅਸੀਂ ਉਸਦੀ ਉਤਪਤੀ ਨੂੰ ਭਲੀ-ਭਾਂਤੀ ਸਮਝਦੇ ਹੋਈਏ।)

2. ਇਤਿਹਾਸ ਦੀ ਧਾਰਾ ਨੂੰ ਨਿਰਧਾਰਿਤ ਕਰਨ ਵਾਲ਼ੀਆਂ ਤਾਕਤਾਂ ਮੂਲ ਤੌਰ 'ਤੇ ਆਰਥਿਕ ਹੁੰਦੀਆਂ ਹਨ।

(ਇਹ ਵਾਕ ਉਦੋਂ ਸੱਚਾ ਹੈ ਜਦੋਂ ਅਸੀਂ 'ਆਰਥਿਕ ਤਾਕਤਾਂ' ਦੀ ਵਿਆਖਿਆ

'ਪੈਦਾਵਾਰੀ ਸਬੰਧਾਂ' ਦੇ ਅਰਥ ਵਿੱਚ ਕਰਦੇ ਹਾਂ। ਅੰਬੇਡਕਰ ਨੇ ਕਿਸ ਅਰਥ ਨਾਲ਼ 'ਆਰਥਿਕ ਤਾਕਤਾਂ' ਸ਼ਬਦ ਦੀ ਵਰਤੋਂ ਕੀਤੀ ਹੈ, ਉਸਦੀ ਵਿਆਖਿਆ ਨਹੀਂ ਮਿਲ਼ਦੀ।)

3. ਸਮਾਜ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ ਮਾਲਕ ਅਤੇ ਮਜ਼ਦੂਰ।

(ਇਹ ਸਹੀ ਹੈ। ਗੁਲਾਮਦਾਰੀ ਯੁੱਗ ਤੋਂ ਲੈ ਕੇ ਅੱਜ ਤੱਕ 'ਮਾਲਕ ਅਤੇ ਮਜ਼ਦੂਰ' ਸਮਾਜ ਦੀਆਂ ਮੁੱਖ ਜਮਾਤਾਂ ਰਹੀਆਂ ਹਨ।)

4. ਦੋਨਾਂ ਜਮਾਤਾਂ ਵਿੱਚ ਹਮੇਸ਼ਾ ਜਮਾਤੀ-ਟਕਰਾਅ ਚੱਲਦਾ ਰਹਿੰਦਾ ਹੈ।

(ਇਹ ਵੀ ਸਹੀ ਹੈ।)

5. ਮਜ਼ਦੂਰਾਂ ਦੀ ਲੁੱਟ ਮਾਲਕਾਂ ਦੁਆਰਾ ਕੀਤੀ ਜਾਂਦੀ ਹੈ। ਜੋ ਵਾਧੂ-ਕਦਰ ਨੂੰ ਹੜੱਪ ਲੈਂਦੇ ਹਨ ਜੋ ਮਜ਼ਦੂਰਾਂ ਦੀ ਕਿਰਤ ਨਾਲ਼ ਪੈਦਾ ਹੁੰਦੀ ਹੈ।

(ਇਹ ਵੀ ਸਹੀ ਹੈ। ਪਰ ਅੰਬੇਡਕਰ ਨੇ, ਅਗਲਿਆਂ ਨੁਕਤਿਆਂ ਵਿੱਚ ਵੀ ਲੁੱਟ ਦੇ ਉਸ ਮਹੱਤਵਪੂਰਣ ਪਹਿਲੂ ਦਾ ਕੋਈ ਜਿਕਰ ਨਹੀਂ ਕੀਤਾ ਜਿਸਦੇ ਬਾਰੇ ਮਾਰਕਸਵਾਦ ਦੱਸਦਾ ਹੈ ਕਿ 'ਕਿਰਾਇਆ-ਵਿਆਜ਼-ਮੁਨਾਫ਼ਾ' ਜਿਹੇ ਆਮਦਨ ਦੇ ਰੂਪਾਂ ਵਿੱਚ ਲੁੱਟ ਮੌਜੂਦ ਰਹਿੰਦੀ ਹੈ। ਉਸਦੀਆਂ ਲਿਖਤਾਂ ਵਿੱਚ ਕਿਤੇ ਵੀ ਇਹ ਨਹੀਂ ਦਿਸਦਾ ਕਿ ਉਸਨੇ ਆਮਦਨ ਦੇ ਇੰਨਾਂ ਰੂਪਾਂ ਨੂੰ ਕਿਰਤ ਦੀ ਲੁੱਟ ਦੇ ਰੂਪ ਵਿੱਚ ਸਮਝਿਆ ਹੋਵੇ।)

6. ਪੈਦਾਵਾਰ ਦੇ ਸਾਧਨਾਂ ਦੇ ਕੌਮੀਕਰਨ ਦੁਆਰਾ ਮਤਲਬ ਨਿੱਜੀ ਜਾਇਦਾਦ ਦੇ ਖਾਤਮੇ ਰਾਂਹੀ ਇਸ ਲੁੱਟ ਦਾ ਅੰਤ ਕੀਤਾ ਜਾ ਸਕਦਾ ਹੈ।

(ਇਹ ਵਿਆਖਿਆ ਕਾਫ਼ੀ ਨਹੀਂ। ਲੁੱਟ ਦੇ ਅੰਤ ਦਾ ਅਰਥ ਹੈ ਕਿ 'ਸਭ ਦੁਆਰਾ ਕਿਰਤ ਦਾ ਛੱਡਿਆ ਜਾਣਾ'। ਜੇਕਰ ਅਸੀਂ 'ਕਿਰਤ' ਸ਼ਬਦ ਦੀ ਵਰਤੋਂ ਕੀਤੇ ਬਿਨਾਂ ਹੀ 'ਪੈਦਾਵਾਰ ਦੇ ਸਾਧਨਾਂ ਦੇ ਕੌਮੀਕਰਨ' ਦੀ ਗੱਲ ਕਰਦੇ ਹਾਂ ਤਾਂ ਇਹ ਮਾਰਕਸਵਾਦ ਦੀ ਸਹੀ ਵਿਆਖਿਆ ਨਹੀਂ ਹੋਵੇਗੀ।)

7. ਇਹ ਲੁੱਟ ਮਜ਼ਦੂਰਾਂ ਦੀ ਬਦਹਾਲੀ ਨੂੰ ਲਗਾਤਾਰ ਵਧਾ ਰਹੀ ਹੈ।

(ਇਹ ਸਹੀ ਹੈ। ਕਿਰਤੀ ਸਿਰਫ਼ ਬਦਹਾਲ ਹੀ ਨਹੀਂ ਹੁੰਦੇ ਜਾ ਰਹੇ, ਸਗੋਂ ਇਸ ਅਬਾਦੀ ਦਾ ਇੱਕ ਵੱਡਾ ਹਿੱਸਾ ਬੇਰੁਜ਼ਗਾਰ ਵੀ ਹੁੰਦਾ ਜਾ ਰਿਹਾ ਹੈ।)

8. ਮਜ਼ਦੂਰਾਂ ਦੀ ਵਧਦੀ ਹੋਈ ਬਦਹਾਲੀ ਦੇ ਨਤੀਜੇ ਦੇ ਰੂਪ ਵਿੱਚ ਮਜ਼ਦੂਰਾਂ ਵਿੱਚ ਇਨਕਲਾਬੀ ਭਾਵਨਾ ਪੈਦਾ ਹੋ ਰਹੀ ਹੈ। ਜਮਾਤੀ ਵਿਰੋਧਤਾਈ ਜਮਾਤੀ ਘੋਲ ਵਿੱਚ ਬਦਲ ਰਹੀ ਹੈ।

(ਮਜ਼ਦੂਰਾਂ ਦੀ ਬਦਹਾਲੀ ਤੋਂ ਇਨਕਲਾਬੀ ਭਾਵਨਾ ਅਤੇ ਜਮਾਤੀ ਘੋਲ ਆਪਣੇ ਆਪ ਪੈਦਾ ਨਹੀਂ ਹੁੰਦੇ। ਇਸ ਲਈ ਕਿਰਤੀਆਂ ਕੋਲ ਇੱਕ ਸਿਆਸੀ ਜਥੇਬੰਦੀ, ਭਾਵ ਕਮਿਊਨਿਸਟ ਪਾਰਟੀ ਹੋਣੀ ਚਾਹੀਦੀ ਹੈ ਜੋ ਇਨਕਲਾਬੀ ਭਾਵਨਾ ਅਤੇ ਜਮਾਤੀ ਘੋਲ ਨੂੰ ਵਿਕਸਿਤ ਕਰਨ ਦਾ ਯਤਨ ਕਰੇਗੀ।)

9. ਕਿਉਂਕੀ ਮਜ਼ਦੂਰਾਂ ਦੀ ਗਿਣਤੀ, ਮਾਲਕਾਂ ਦੀ ਗਿਣਤੀ ਤੋਂ ਬਹੁਤ ਜ਼ਿਆਦਾ ਹੈ, ਇਸ ਲਈ ਮਜ਼ਦੂਰ ਰਾਜ 'ਤੇ ਕਬਜ਼ਾ ਕਰਨ ਅਤੇ ਆਪਣੀ ਸੱਤ੍ਹਾ ਸਥਾਪਿਤ ਕਰਨ ਵਿੱਚ ਜਰੂਰ ਸਫ਼ਲ ਹੋਣਗੇ, ਜਿਸ ਨੂੰ ਮਾਰਕਸ ਨੇ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਕਿਹਾ ਹੈ।

(ਇਹ ਸਭ ਅਰਥਾਂ ਵਿੱਚ ਹੀ ਸਹੀ ਹੈ। 'ਮਜ਼ਦੂਰ ਜਮਾਤ ਦੀ ਤਾਨਾਸ਼ਾਹੀ' ਸਿਰਫ਼ ਰਾਜ ਸੱਤ੍ਹਾ ਕਾਇਮ ਕਰਨ ਲਈ ਹੀ ਜਰੂਰੀ ਨਹੀਂ ਹੈ, ਸਗੋਂ ਇਸ ਨੂੰ ਉਹਨਾਂ ਤਮਾਮ ਜਾਇਦਾਦ ਦੇ ਹੱਕਾਂ ਨੂੰ ਖ਼ਤਮ ਕਰਨਾ ਪਵੇਗਾ ਜੋ ਕਿਰਾਏ, ਵਿਆਜ ਅਤੇ ਮੁਨਾਫ਼ੇ 'ਤੇ ਅਧਾਰਿਤ ਹਨ। ਮਾਲਕ ਜਮਾਤ ਨੂੰ ਵੀ ਕਿਰਤ ਕਰਨੀ ਪਵੇਗੀ ਅਤੇ ਮਜ਼ਦੂਰਾਂ ਦਾ ਹੀ

ਅੰਗ ਬਣਨਾ ਹੋਵੇਗਾ। 'ਮਾਲਕ ਅਤੇ ਮਜ਼ਦੂਰ' ਵਿਚਲਾ ਫ਼ਰਕ ਖ਼ਤਮ ਹੋਣਾ ਹੀ ਚਾਹੀਦਾ ਹੈ। ਇਸ ਕੰਮ ਲਈ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਜਰੂਰੀ ਹੈ।)

10. ਇਹ ਕਾਰਕ ਅਰੁੱਕ ਹੈ ਅਤੇ ਇਸ ਲਈ ਸਮਾਜਵਾਦ ਲਾਜਮੀ ਹੈ।

(ਇਹ ਉਸ ਪੱਖ ਤੋਂ ਠੀਕ ਹੈ ਜਿਵੇਂ ਕਿ ਅਸੀਂ ਉੱਤੇ ਚਰਚਾ ਕੀਤੀ ਹੈ।)

ਇਹਨਾਂ 10 ਸੂਤਰਾਂ ਨੂੰ ਗਿਣਾਉਣ ਤੋਂ ਬਾਅਦ ਅੰਬੇਡਕਰ ਨੇ ਕਿਹਾ–

"ਮੈਨੂੰ ਭਰੋਸਾ ਹੈ ਕਿ ਮੈਂ ਉਹਨਾਂ ਧਾਰਨਾਵਾਂ ਦਾ ਭਲੀ-ਭਾਂਤ ਵੇਰਵਾ ਦੇ ਦਿੱਤਾ ਹੈ ਜੋ ਮਾਰਕਸੀ ਸਮਾਜਵਾਦ ਦਾ ਮੂਲ ਅਧਾਰ ਹਨ।"

ਕੁੱਝ ਸਹੀ ਹਨ ਪਰ ਕੁੱਝ ਅੱਧ ਕੱਚੇ ਹਨ। ਕੁੱਝ ਬਹੁਤ ਹੀ ਮਹੱਤਵਪੂਰਣ ਗੱਲਾਂ ਤਾਂ ਬਿਲਕੁਲ ਗਾਇਬ ਹਨ। ਛੱਡੀਆਂ ਗਈਆਂ ਗੱਲਾਂ ਹੇਠ ਲਿਖੀਆਂ ਹਨ–

1. ਕਿਸੇ ਸੂਤਰ ਵਿੱਚ ਇਹ ਨਹੀਂ ਦੱਸਿਆ ਗਿਆ ਕਿ ਕਿਰਾਇਆ, ਵਿਆਜ, ਮੁਨਾਫ਼ੇ ਦੇ ਰੂਪ ਵਿੱਚ ਮਾਲਕ ਦੀ ਆਮਦਨੀ, ਟੈਕਸ, ਗੈਰ-ਉਪਜਾਊ ਖਰਚੇ ਅਤੇ ਅਜਿਹੀਆਂ ਸਭ ਚੀਜ਼ਾਂ ਮਿਲਾਕੇ ਉਸ ਵਾਧੂ ਕਦਰ ਦਾ ਹਿੱਸਾ ਹੁੰਦੇ ਹਨ ਜੋ ਮਜ਼ਦੂਰ ਦੁਆਰਾ ਪੈਦਾ ਕੀਤੀ ਜਾਂਦੀ ਹੈ। ਇਸ ਸੂਤਰ ਦਾ ਜਿਕਰ ਨਾ ਕਰਨ ਦਾ ਅਰਥ ਲੁੱਟ ਦੇ ਸਾਧਨਾਂ ਦਾ ਜਿਕਰ ਨਾ ਕਰਨਾ ਹੈ।

2. ਕਿਸੇ ਵੀ ਸੂਤਰ ਵਿੱਚ ਇਸ ਮੰਗ ਦਾ ਜਿਕਰ ਨਹੀਂ ਹੈ ਕਿ ਸਮਾਜ ਦੇ ਸਾਰੇ ਵਿਅਕਤੀਆਂ ਨੂੰ ਕਿਰਤ ਕਰਨੀ ਚਾਹੀਦੀ ਹੈ।

3. ਕਿਸੇ ਵੀ ਸੂਤਰ ਵਿੱਚ ਇਸ ਮੰਗ ਦਾ ਜਿਕਰ ਨਹੀਂ ਹੈ ਕਿ ਲੋਟੂ ਸਮਾਜਾਂ ਵਿਚਲੀ ਕਿਰਤ ਵੰਡ ਨੂੰ 'ਸਮਾਜਵਾਦੀ ਕਿਰਤ ਵੰਡ' ਵਿੱਚ ਬਦਲਣਾ ਚਾਹੀਦਾ ਹੈ।

4. ਇੱਕ ਹੋਰ ਗੱਲ ਦਾ ਜਿਕਰ ਨਹੀਂ ਕੀਤਾ ਗਿਆ ਜੋ ਇਹ ਹੈ–

ਮੁਦਰਾ ਸੰਗ੍ਰਹਿ ਉਸ ਹਾਲਤ ਵਿੱਚ ਗੈਰ ਜਰੂਰੀ ਹੋ ਜਾਂਦਾ ਹੈ ਜਦੋਂ ਬਰਾਬਰੀ ਦੇ ਸਬੰਧ ਸਥਾਪਿਤ ਹੋ ਜਾਂਦੇ ਹਨ। ਸਾਰ-ਅੰਸ਼ ਇਹ ਹੈ ਕਿ ਉਹਨਾਂ ਸਬੰਧਾਂ ਦਾ ਸਥਾਪਿਤ ਹੋਣਾ ਜਰੂਰੀ ਹੈ ਜਿਸ ਵਿੱਚ ਸਿਰਫ਼ 'ਵਰਤੋਂ ਕਦਰ' ਦੀ ਗਿਣਤੀ ਹੁੰਦੀ ਹੈ ਅਤੇ 'ਕਦਰ' ਭਾਵ 'ਵਟਾਂਦਰਾ ਕਦਰ' ਦੀ ਗਿਣਤੀ ਨਹੀਂ ਹੁੰਦੀ।

ਮਾਰਕਸਵਾਦ ਦੀ ਜਿਸ ਵਿਆਖਿਆ ਵਿੱਚ ਅਜਿਹੇ ਮਹੱਤਵਪੂਰਣ ਪੱਖਾਂ ਨੂੰ ਰੱਖਿਆ ਹੀ ਨਾ ਗਿਆ ਹੋਵੇ, ਉਹ ਮਾਰਕਸਵਾਦ ਦੀ ਸਮੁੱਚੀ ਵਿਆਖਿਆ ਨਹੀਂ ਹੋ ਸਕਦੀ।

ਅੰਬੇਡਕਰ ਨੇ ਉਹਨਾਂ ਕਿਤਾਬਾਂ ਦਾ ਕਿਤੇ ਵੀ ਜਿਕਰ ਨਹੀਂ ਕੀਤਾ ਜਿਨ੍ਹਾਂ ਦੇ ਅਧਾਰ 'ਤੇ ਉਸ ਨੇ ਕਿਹਾ ਕਿ 'ਇਹੀ ਮਾਰਕਸਵਾਦ' ਹੈ। ਬੁੱਧਵਾਦ ਦੀ ਵਿਆਖਿਆ ਦੇ ਮਾਮਲੇ ਵਿੱਚ ਵੀ ਉਸਨੇ ਕੋਈ ਸਬੂਤ ਪੇਸ਼ ਨਹੀਂ ਕੀਤਾ। ਸਾਰ-ਅੰਸ਼ ਇਹ ਹੈ ਕਿ ਸਮੁੱਚੀ ਚਰਚਾ ਦਾ ਕੋਈ ਅਧਾਰ ਹੀ ਨਹੀਂ ਹੈ।

ਮਾਰਕਸਵਾਦ ਦੀ 10-ਸੂਤਰੀ ਵਿਆਖਿਆ ਦੇਣ ਤੋਂ ਬਾਅਦ ਉਹ ਕਹਿੰਦੇ ਹਨ–

"ਬੁੱਧ ਅਤੇ ਕਾਰਲ ਮਾਰਕਸ ਦੀ ਤੁਲਨਾ ਕਰਨ ਤੋਂ ਪਹਿਲਾਂ ਇਹ ਜਾਣ ਲੈਣਾ ਜਰੂਰੀ ਹੈ ਕਿ ਮਾਰਕਸੀ ਮੱਤ ਦੀ ਇਸ ਮੂਲ ਸਮੱਗਰੀ ਦਾ ਕਿੰਨਾਂ ਹਿੱਸਾ ਹੁਣ ਤੱਕ ਬਚਿਆ ਰਹਿ ਗਿਆ ਹੈ। ਕਿੰਨਾਂ ਹਿੱਸਾ ਇਤਿਹਾਸ ਦੁਆਰਾ ਝੂਠ ਸਿੱਧ ਹੋ ਚੁੱਕਾ ਹੈ ਅਤੇ ਕਿੰਨਾਂ ਹਿੱਸਾ ਇਸ ਦੇ ਵਿਰੋਧੀਆਂ ਦੁਆਰਾ ਨਸ਼ਟ ਕੀਤਾ ਜਾ ਚੁੱਕਾ ਹੈ।" (ਪੰਨਾ 444)

ਇਸ ਦਾ ਅਰਥ ਇਹ ਹੈ ਕਿ ਅੰਬੇਡਕਰ ਪਾਠਕਾਂ ਨੂੰ ਇਹ ਸਮਝਣ ਲਈ ਖ਼ਬਰਦਾਰ ਕਰ ਰਹੇ ਹਨ ਕਿ ਮਾਰਕਸਵਾਦ ਪਹਿਲਾਂ ਹੀ ਅਰਥਹੀਣ ਸਿੱਧ ਹੋ ਚੁੱਕਾ ਹੈ ਅਤੇ ਆਪਣੇ

ਵਿਰੋਧੀਆਂ ਦੁਆਰਾ ਨਸ਼ਟ ਕੀਤਾ ਜਾ ਚੁੱਕਾ ਹੈ।

ਇਸ ਚਿਤਾਵਨੀ ਤੋਂ ਬਾਅਦ, ਉਹ ਖਬਤੀ ਮਨੋ-ਸਥਿਤੀ ਵਿੱਚ ਪਹੁੰਚ ਗਏ ਹਨ ਅਤੇ ਐਲਾਨ ਕਰ ਦਿੱਤਾ ਹੈ ਕਿ ਮਾਰਕਸਵਾਦ ਦੀ ਆਲੋਚਨਾ ਕੀਤੀ ਜਾ ਚੁੱਕੀ ਹੈ ਅਤੇ ਵਿਰੋਧੀਆਂ ਦੀਆਂ ਆਲੋਚਨਾਵਾਂ ਦੇ ਸਿੱਟੇ ਵਜੋਂ ਉਹ ਤਿਣਕਾ-ਤਿਣਕਾ ਟੁੱਟ ਗਿਆ ਅਤੇ ਇਹ ਦਾਅਵਾ ਪੂਰੇ ਤੌਰ 'ਤੇ ਝੂਠਾ ਸਾਬਿਤ ਹੋ ਚੁੱਕਾ ਹੈ ਕਿ 'ਸਮਾਜਵਾਦ ਲਾਜਮੀ ਹੈ।'

ਅੰਬੇਡਕਰ ਦਾ ਕਹਿਣਾ ਹੈ ਕਿ ਮਾਰਕਸਵਾਦ ਦੀ ਆਲੋਚਨਾ ਕੀਤੀ ਜਾ ਚੁੱਕੀ ਹੈ।

ਇਹ ਬਹੁਤ ਸੁਭਾਵਿਕ ਹੈ ਕਿ ਲੁਟੇਰੇ ਪ੍ਰਬੰਧ ਨਾਲ਼ ਜੁੜੇ ਲੋਕ ਉਸ ਸਿਧਾਂਤ ਪ੍ਰਤੀ ਦੁਸ਼ਮਣੀ ਵਿਕਸਿਤ ਕਰ ਲੈਣ ਅਤੇ ਉਸ ਵਿਰੁੱਧ ਆਲੋਚਨਾਵਾਂ ਦਾ ਢੇਰ ਲਗਾ ਦੇਣ ਜੋ ਲੁੱਟ ਦੇ ਸੱਚ ਨੂੰ ਨੰਗਾ ਕਰਦਾ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਹੈਰਾਨੀ ਹੋਵੇਗੀ। ਕੀ ਮਾਰਕਸਵਾਦ ਨੂੰ ਸਿਰਫ਼ ਇਸੇ ਲਈ ਝੂਠਾ ਸਿਧਾਂਤ ਮੰਨ ਲੈਣਾ ਚਾਹੀਦਾ ਹੈ ਕਿ ਇਸਦੀ ਆਲੋਚਨਾ ਕੀਤੀ ਗਈ ਹੈ? ਕੀ ਬੁੱਧਵਾਦ ਦੀ ਕੋਈ ਆਲੋਚਨਾ ਨਹੀਂ ਹੋਈ? ਅੰਬੇਡਕਰ ਨੇ ਤਾਂ ਖੁੱਦ ਵਰਣਨ ਕੀਤਾ ਹੈ ਕਿ ਬੁੱਧਵਾਦ ਦੀ ਕਈ ਤਰ੍ਹਾਂ ਦੀ ਆਲੋਚਨਾ ਕੀਤੀ ਗਈ ਹੈ। ਉਸਨੇ ਵਾਰ-ਵਾਰ ਕਿਹਾ ਹੈ ਕਿ ਬ੍ਰਾਹਮਣਵਾਦ ਨੇ ਬੁੱਧਵਾਦ ਨੂੰ ਹਰਾ ਦਿੱਤਾ। (ਪੰਨਾ275) ਜਦ ਹਿੰਦੂ ਧਰਮ ਦੇ ਅੱਗੇ ਬੁੱਧਵਾਦ ਦਾ ਪ੍ਰਭਾਵ ਘੱਟ ਗਿਆ ਤਾਂ ਅੰਬੇਡਕਰ ਨੇ ਇਸ ਤੋਂ ਇਹ ਸਿੱਟਾ ਕਿਉਂ ਨਹੀਂ ਕੱਢਿਆ ਕਿ ਬੁੱਧਵਾਦ ਨੇ ਇਸ ਲਈ ਗੋਡੇ ਟੇਕ ਦਿੱਤੇ ਕਿਉਂਕੀ ਇਹ ਠੀਕ ਸਿਧਾਂਤ ਨਹੀਂ ਸੀ? ਇਸ ਦੇ ਬਾਵਜੂਦ ਉਹ ਉਪਦੇਸ਼ ਕਿਉਂ ਦੇ ਰਹੇ ਹਨ ਕਿ ਇੱਕਲਾ ਬੁੱਧਵਾਦ ਹੀ ਸਭ ਤੋਂ ਵਧੀਆ ਸਿਧਾਂਤ ਹੈ ਅਤੇ ਸਾਨੂੰ ਇਸ ਨੂੰ ਅਪਣਾਉਣਾ ਚਾਹੀਦਾ ਹੈ? ਇਸ ਦਾ ਅਰਥ ਹੈ ਕਿ ਅੰਬੇਡਕਰ ਦੀ ਨਿਗਾਹ ਵਿੱਚ ਬੁੱਧਵਾਦ ਲਈ ਹੋਰ ਅਤੇ ਮਾਰਕਸਵਾਦ ਲਈ ਹੋਰ ਮਾਪਦੰਡ ਹੈ। ਸਾਨੂੰ ਕਿਤੇ ਵੀ ਕਿਸੇ ਵੀ ਨੁਕਤੇ 'ਤੇ ਅੰਬੇਡਕਰ ਇਮਾਨਦਾਰ ਨਹੀਂ ਲੱਗਦੇ।

ਇਹ ਸਿੱਟਾ ਕੱਢਣ ਲਈ ਕਿ ਮਾਰਕਸਵਾਦ ਅਰਥਹੀਣ ਸਿੱਧ ਹੋ ਚੁੱਕਾ ਹੈ, ਉਹਨਾਂ ਨੇ ਦੋ ਕਾਰਨਾਂ ਦਾ ਵਰਨਣ ਕੀਤਾ ਹੈ-

1. ਮਾਰਕਸ ਨੇ ਕਿਹਾ ਸੀ ਕਿ ਸਮਾਜਵਾਦ ਲਾਜਮੀ ਹੈ ਅਤੇ ਇਸ ਦੇ ਲਈ ਮਨੁੱਖੀ ਯਤਨਾਂ ਦੀ ਲੋੜ ਨਹੀਂ। ਪਰ 1917 ਵਿੱਚ ਰੂਸ ਵਿੱਚ ਸਮਾਜਵਾਦ ਮਨੁੱਖੀ ਯਤਨਾਂ ਤੋਂ ਬਿਨਾਂ ਹਾਸਿਲ ਨਹੀਂ ਹੋਇਆ। ਉੱਥੇ ਇਨਕਲਾਬ ਅਤੇ ਖ਼ੂਨ ਖਰਾਬਾ ਹੋਇਆ। ਇਸ ਲਈ ਇਹ ਸਥਾਪਤੀ ਝੂਠੀ ਸਿੱਧ ਹੋ ਚੁੱਕੀ ਹੈ ਕਿ 'ਸਮਾਜਵਾਦ ਲਾਜਮੀ ਹੈ'।

2. ਇਹ ਸਥਾਪਤੀ ਵੀ ਠੀਕ ਨਹੀਂ ਹੈ ਕਿ ਕਿਰਤੀ ਹੋਰ ਵੀ ਗਰੀਬ ਹੁੰਦੇ ਜਾ ਰਹੇ ਹਨ ਅਤੇ ਕੋਈ ਵੀ ਇਸ ਧਾਰਨਾ ਨਾਲ਼ ਸਹਿਮਤ ਨਹੀਂ ਹੈ।

ਇਹਨਾਂ ਦੋ ਕਾਰਣਾਂ ਦੇ ਅਧਾਰ 'ਤੇ ਇਹ ਸਿੱਧ ਕਰ ਦਿੱਤਾ ਗਿਆ ਕਿ ਮਾਰਕਸਵਾਦ ਠੀਕ ਸਿਧਾਂਤ ਨਹੀਂ ਹੈ ਇਹ ਹੈ ਅੰਬੇਡਕਰ ਦਾ ਤਰਕ।

ਅਸੀਂ ਆਲੋਚਨਾ ਦੇ ਦੋ ਨੁਕਤਿਆਂ ਦੇ ਜਵਾਬ ਦੀ ਚਰਚਾ ਕਰਾਂਗੇ ;

1. ਜਦੋਂ ਅਸੀਂ ਕਹਿੰਦੇ ਹਾਂ ਕਿ 'ਸਮਾਜਵਾਦ ਲਾਜਮੀ ਹੈ' ਤਾਂ ਕੀ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਬਿਨਾਂ ਮਨੁੱਖੀ ਯਤਨ ਤੋਂ ਇੱਕ ਦਿਨ ਆਪਣੇ ਆਪ ਅਜਿਹਾ ਹੋ ਜਾਵੇਗਾ? ਕੀ ਮਾਰਕਸ ਨੇ ਅਜਿਹਾ ਕਿਹਾ ਸੀ? ਫਿਰ ਉਸਦੇ ਇਹਨਾਂ ਸੁਝਾਵਾਂ ਦਾ ਕੀ ਅਰਥ ਹੋਇਆ ਕਿ 'ਕਮਿਊਨਿਸਟ ਪਾਰਟੀ ਦੀ ਉਸਾਰੀ ਕਰੋ! ਜਮਾਤੀ ਜੰਗ ਛੇੜੋ!' ਕੀ ਇਹ ਮਨੁੱਖੀ ਯਤਨ ਨਹੀਂ ਹਨ? ਕੀ ਮਾਰਕਸ ਨੇ ਇਹ ਕਿਹਾ ਸੀ ਕਿ ਸਮਾਜਵਾਦ ਬਿਨਾਂ

ਕਿਸੇ ਮਨੁੱਖੀ ਯਤਨ ਤੋਂ ਬਿਨਾਂ ਹੀ ਆ ਜਾਂਦਾ ਹੈ ?

ਜੇ ਇਹ ਕੁਦਰਤ ਵਿੱਚ ਹੋਣ ਵਾਲ਼ੀਆਂ ਤਬਦੀਲੀਆਂ ਹਨ, ਤਾਂ ਇਹ ਬਿਨਾਂ ਮਨੁੱਖੀ ਯਤਨ ਤੋਂ ਹੀ ਹੋ ਸਕਦੀਆਂ ਹਨ। ਸੂਰਜ ਅਦੇ ਚੰਨ੍ਹ ਆਪਣੇ ਆਪ ਚੱਕਰ ਲਾਉਂਦੇ ਹਨ। ਪੂਰੇ ਚੰਨ੍ਹ ਵਾਲ਼ੀਆਂ ਰਾਤਾਂ ਅਤੇ ਹਨੇਰੀਆਂ ਰਾਤਾਂ ਆਪਣੇ ਆਪ ਆਉਂਦੀਆਂ ਜਾਂਦੀਆਂ ਹਨ। ਗਰਮੀ ਅਤੇ ਬਰਸਾਤ ਆਪਣੇ ਆਪ ਆਉਂਦੀ ਹੈ। ਇਸ ਲਈ ਲੋਕਾਂ ਨੂੰ 'ਗਰਮੀ ਸੰਘ' ਅਤੇ 'ਬਰਸਾਤ ਸੰਘ' ਖੜ੍ਹਾ ਕਰਨ ਦੀ ਕੋਈ ਲੋੜ ਨਹੀਂ। ਉਹਨਾਂ ਨੂੰ ਪੂਰੇ ਚੰਨ੍ਹ ਵਾਲ਼ੀਆਂ ਜਾਂ ਹਨੇਰੀਆਂ ਰਾਤਾਂ ਲਈ ਕੋਈ ਘੋਲ ਛੇੜਣ ਦੀ ਲੋੜ ਨਹੀਂ। ਅਜਿਹੀਆਂ ਤਬਦੀਲੀਆਂ ਲਈ ਕਿਸੇ ਮਨੁੱਖੀ ਯਤਨ ਦੀ ਲੋੜ ਨਹੀਂ। ਪਰ 'ਸਮਾਜ' ਵਿੱਚ ਤਬਦੀਲੀਆਂ ਇਸ ਤਰ੍ਹਾਂ ਨਹੀਂ ਹੁੰਦੀਆਂ ਇੱਥੇ ਹਰ ਤਬਦੀਲੀ ਮਨੁੱਖੀ ਯਤਨਾਂ ਨਾਲ਼ ਹੀ ਹੁੰਦੀ ਹੈ। ਤਬਦੀਲੀਆਂ ਉਦੋਂ ਹੁੰਦੀਆਂ ਹਨ ਜਦੋਂ ਅਸੀਂ ਯਤਨ ਕਰਦੇ ਹਾਂ! ਪੁਰਾਣੀ ਸਥਿਤੀ ਉਦੋਂ ਤੱਕ ਉਸੇ ਤਰ੍ਹਾਂ ਰਹਿੰਦੀ ਹੈ ਜਦੋਂ ਤੱਕ ਕੋਈ ਉਸ ਨੂੰ ਬਦਲਣ ਦਾ ਯਤਨ ਨਹੀਂ ਕਰਦਾ।

ਜਦੋਂ ਲੋਕ ਕਿਸੇ ਸਮੱਸਿਆ ਦਾ ਸਾਹਮਣਾ ਕਰਦੇ ਹਨ ਤਾਂ ਕੁੱਝ ਮੁਸ਼ਕਿਲਾਂ ਮਹਿਸੂਸ ਕਰਦੇ ਹਨ। ਅਖੀਰ, ਉਹ ਸਮੱਸਿਆ ਦਾ ਵਿਰੋਧ ਕਰਦੇ ਹਨ। ਜੇ ਉਹਨਾਂ ਦਾ ਵਿਰੋਧ ਲੋੜੀਂਦੇ ਰੂਪ ਵਿੱਚ ਸਪੱਸ਼ਟ ਅਤੇ ਤਾਕਤਵਰ ਹੋਵੇ ਤਾਂ ਲੋਕ ਲਾਜਮੀ ਹੀ ਸਮੱਸਿਆ ਨੂੰ ਹੱਲ ਕਰਨ ਵਿੱਚ ਸਫਲ ਹੁੰਦੇ ਹਨ। ਜਦੋਂ ਵੀ ਕੋਈ ਸਮੱਸਿਆ ਪੈਦਾ ਹੁੰਦੀ ਹੈ ਤਾਂ ਉਸ ਨੂੰ ਹੱਲ ਕਰਨ ਲਈ ਸੰਘਰਸ਼ ਜਰੂਰੀ ਹੁੰਦਾ ਹੈ। ਅਸੀਂ ਇਸ ਸੰਘਰਸ਼ ਦੇ ਸੰਦਰਭ ਵਿੱਚ ਹੀ 'ਲਾਜਮੀ ਹੋਣ' ਦੀ ਗੱਲ ਕਰਦੇ ਹਾਂ। ਸੰਘਰਸ਼ ਆਪਣੇ ਆਪ ਵਿੱਚ ਹੀ ਮਨੁੱਖੀ ਯਤਨ ਹੈ।

ਜਦੋਂ ਅਸੀਂ ਕਹਿੰਦੇ ਹਾਂ ਕਿ 'ਸਮਾਜਵਾਦ ਲਾਜਮੀ ਹੈ' ਤਾਂ ਇਸਦਾ ਅਰਥ ਇਹ ਹੁੰਦਾ ਹੈ ਕਿ ਸਮਾਜਵਾਦ ਲੁੱਟ ਦੇ ਵਿਰੁੱਧ ਮਜ਼ਦੂਰਾਂ ਦੇ ਸੰਘਰਸ਼ ਜਰੀਏ ਲਾਜਮੀ ਬਣਦਾ ਹੈ। ਇਸ ਦਾ ਇਹ ਅਰਥ ਬਿਲਕੁਲ ਵੀ ਨਹੀਂ ਕਿ ਸਮਾਜਵਾਦ ਬਿਨਾਂ ਮਨੁੱਖੀ ਕੋਸ਼ਿਸ਼ ਤੋਂ ਲਾਜਮੀ ਹੈ।

ਜਦੋਂ ਅਸੀਂ ਕਹਿੰਦੇ ਹਾਂ, ਕਿ 'ਸਮਾਜਵਾਦ ਅਟੱਲ ਹੈ' ਤਾਂ ਸਿਰਫ਼ ਉਹਨਾਂ ਲੋਕਾਂ ਨੂੰ ਹੀ ਅਜਿਹਾ ਲੱਗਦਾ ਹੈ ਕਿ ਸਮਾਜਵਾਦ ਬਿਨਾਂ ਮਨੁੱਖੀ ਯਤਨਾਂ ਤੋਂ ਸੰਭਵ ਹੈ ਜੋ 'ਕੁਦਰਤੀ ਘਟਨਾਵਾਂ' ਅਤੇ ਸਮਾਜਿਕ ਘਟਨਾਵਾਂ ਵਿੱਚ ਅੰਤਰ ਨਹੀਂ ਸਮਝਦੇ।

ਜੇ ਅੰਬੇਡਕਰ ਘੱਟੋ ਘੱਟ ਇੰਨਾਂ ਸਮਝ ਗਏ ਹੁੰਦੇ ਕਿ ਮਾਰਕਸਵਾਦ ਜਮਾਤੀ ਘੋਲ ਵਿੱਢਣ ਦਾ ਹੋਕਾ ਦਿੰਦਾ ਹੈ ਅਤੇ ਇਹ ਮਨੁੱਖੀ ਯਤਨ ਹੁੰਦਾ ਹੈ ਤਾਂ ਉਹਨਾਂ ਦੀ ਇਹ ਆਲੋਚਨਾ ਇੰਨੀ ਬੁਰੀ ਨਾ ਹੁੰਦੀ।

2. ਅੰਬੇਡਕਰ ਦਾ ਕਹਿਣਾ ਹੈ ਕਿ 'ਕੋਈ ਵੀ ਇਹ ਨਹੀਂ ਸਵੀਕਾਰ ਕਰਦਾ ਕਿ ਮਜ਼ਦੂਰ ਲਗਾਤਾਰ ਕੰਗਾਲ ਬਣਾ ਦਿੱਤੇ ਗਏ ਹਨ।' 'ਕੋਈ ਨਹੀਂ' ਨਹੀਂ। ਸਗੋਂ ਉਹ ਮਾਲਕ ਇਸ ਗੱਲ ਨੂੰ ਨਹੀਂ ਸਵੀਕਾਰਦੇ ਜੋ ਕਿਰਤੀਆਂ ਦੀ ਕਿਰਤ ਨੂੰ ਹੱੜਪ ਜਾਣ ਲਈ ਤਿਆਰ ਰਹਿੰਦੇ ਹਨ, ਉਹ ਅਰਥ-ਸ਼ਾਸਤਰੀ ਅਤੇ ਦਾਰਸ਼ਨਿਕ ਨਹੀਂ ਸਵੀਕਾਰਦੇ ਜੋ ਉਹਨਾਂ ਮਾਲਕਾਂ ਦੇ ਪਾਲਤੂ ਹੁੰਦੇ ਹਨ ਅਤੇ ਉਹ ਪੈਰੋਕਾਰ ਨਹੀਂ ਸਵੀਕਾਰਦੇ ਜੋ ਉਹਨਾਂ ਦੇ ਦਲਾਲ ਹੁੰਦੇ ਹਨ। ਇਹ ਸੱਚ ਹੈ ਕਿ ਇਹ ਸਭ ਇਸ ਸਿਧਾਂਤ ਨੂੰ ਨਹੀਂ ਸਵੀਕਾਰਦੇ। ਇਹ ਸੁਭਾਵਿਕ ਹੈ। ਉਹ ਇਸ ਮੂਲ ਤੱਥ ਨੂੰ ਹੀ ਨਕਾਰਦੇ ਹਨ ਕਿ ਲੁੱਟ ਹੋ ਰਹੀ ਹੈ। ਉਹ ਆਖਦੇ ਹਨ ਕਿ 'ਲੁੱਟ ਹੈ ਕਿੱਥੇ ?' 'ਸਭ ਕੁੱਝ ਤਾਂ ਠੀਕ ਠਾਕ ਹੈ।' ਲੁਟੇਰਿਆਂ ਦੀ ਪ੍ਰਵਾਨਗੀ ਮਿਲ਼ੇ, ਇਸਦੀ ਲੋੜ ਨਹੀਂ। ਇਹ ਤਾਂ ਕਿਰਤੀ ਹਨ ਜਿਹਨਾਂ ਨੇ ਇਸ ਸਿਧਾਂਤ ਨੂੰ ਸਵੀਕਾਰ ਕਰਨਾ ਹੈ ਅਤੇ ਸਮਝਣਾ ਹੈ। ਇਹ ਉਹ ਜਮਾਤ ਹੈ ਜਿਸਨੂੰ ਮਾਰਕਸਵਾਦ ਸਿੱਖਣਾ ਹੋਵੇਗਾ। ਜਦੋਂ ਲੋਕ ਕਿਰਤੀਆਂ ਜਾਂ ਮਜ਼ਦੂਰਾਂ ਦੀ ਗੱਲ ਕਰਦੇ ਹਨ ਤਾਂ ਆਮ

ਤੌਰ 'ਤੇ ਸਿਰਫ਼ ਉਹਨਾਂ ਨੂੰ ਹੀ ਧਿਆਨ ਵਿੱਚ ਰੱਖਦੇ ਹਨ ਜੋ ਮਸ਼ੀਨਾਂ ਦੇ ਅੱਗੇ ਖੜ੍ਹੇ ਹੋ ਕੇ ਕੰਮ ਕਰਦੇ ਹਨ। ਇਹ ਇੱਕ ਬਹੁਤ ਵੱਡੀ ਭੁੱਲ ਹੈ। ਕੰਮ ਦਾ ਸਰੂਪ ਭਾਵੇਂ ਕੋਈ ਵੀ ਹੋਵੇ, ਸੰਧ ਭਾਵੇਂ ਕਿੱਥੇ ਵੀ ਚਲਾਏ ਜਾ ਰਹੇ ਹੋਣ, ਪਰ ਉਹ ਸਾਰੇ ਵਿਅਕਤੀ ਜੋ ਕਿਸੇ ਮਾਲਕ ਲਈ ਕੰਮ ਕਰਦੇ ਹਨ ਅਤੇ ਬਦਲੇ ਵਿੱਚ ਆਮਦਨ ਦੇ ਰੂਪ ਵਿੱਚ 'ਮਜ਼ਦੂਰੀ' ਹਾਸਿਲ ਕਰਦੇ ਹਨ, ਮਜ਼ਦੂਰ ਹੁੰਦੇ ਹਨ। ਇਸ ਨਾਲ਼ ਕੋਈ ਫਰਕ ਨਹੀਂ ਪੈਂਦਾ ਕਿ ਆਪਣਾ ਮੁੜਕਾ ਵਹਾਉਣ ਵਾਲ਼ਾ ਵਿਅਕਤੀ ਪੁਰਸ਼ ਹੈ ਜਾਂ ਇਸਤਰੀ, ਜਵਾਨ ਹੈ ਜਾਂ ਬਿਰਧ, ਚਾਹੇ ਉਹ ਵੱਡੇ ਪੈਮਾਨੇ ਉੱਤੇ ਮਸ਼ੀਨਾਂ ਨਾਲ਼ ਕੰਮ ਕਰਦਾ ਹੈ ਜਾਂ ਸੰਧਾਂ ਨਾਲ਼। ਇੱਥੇ ਇਹ ਫਰਕ ਪ੍ਰਸੰਗਿਕ ਨਹੀਂ। ਉਹ ਸਾਰੇ ਵਿਅਕਤੀ ਜੋ ਮਜ਼ਦੂਰੀ (ਉਜਰਤ) ਉੱਤੇ ਹੀ ਨਿਰਭਰ ਹੁੰਦੇ ਹਨ ਮਜ਼ਦੂਰ ਕਹਾਉਂਦੇ ਹਨ।

ਇਸ ਧਾਰਨਾ ਨੂੰ ਸਮਝਣ ਲਈ ਕਿ ਮਜ਼ਦੂਰ ਹੋਰ ਵੀ ਬਦਹਾਲ ਹੁੰਦੇ ਜਾ ਰਹੇ ਹਨ, ਸਭ ਤੋਂ ਪਹਿਲਾਂ ਇਹ ਸਮਝਣਾ ਹੋਵੇਗਾ ਕਿ ਮਜ਼ਦੂਰਾਂ ਦੀ ਕਿਰਤ ਦੋ ਹਿੱਸਿਆਂ ਵਿੱਚ ਵੰਡੀ ਜਾਂਦੀ ਹੈ। ਇੱਕ ਹਿੱਸਾ ਤਾਂ ਮਜ਼ਦੂਰੀ ਦੇ ਰੂਪ ਵਿੱਚ ਅਤੇ ਦੂਜਾ ਹਿੱਸਾ ਮਾਲਕ ਦੇ ਹਿੱਸੇ ਵਿੱਚ ਅਨੇਕਾਂ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਮਜ਼ਦੂਰਾਂ ਦੀ ਮਜ਼ਦੂਰੀ ਦਾ ਦੋ ਹਿੱਸਿਆਂ ਵਿੱਚ ਵਖਰੇਵਾਂ ਹਮੇਸ਼ਾ ਇੱਕ ਹੀ ਨਿਸਬਤ ਵਿੱਚ ਨਹੀਂ ਹੁੰਦਾ। ਨਿਸਬਤਾਂ ਦਾ ਫੇਰ ਬਦਲ ਪੈਦਾਵਾਰੀ ਤਾਕਤਾਂ ਵਿੱਚ ਵਾਧੇ ਅਤੇ ਕਿਰਤ ਸ਼ਕਤੀ ਦੇ ਤੇ ਮੁਦਰਾ ਦੇ ਮੁੱਲ ਵਿੱਚ ਤਬਦੀਲੀਆਂ ਅਤੇ ਅਜਿਹੇ ਹੀ ਹੋਰ ਕਾਰਨਾਂ 'ਤੇ ਨਿਰਭਰ ਕਰਦਾ ਹੈ। ਇਸ ਦਾ ਅਰਥ ਹੈ ਕਿ ਬਦਲਦੀਆਂ ਹੋਈਆਂ ਹਾਲਤਾਂ ਅਨੁਸਾਰ ਹੀ ਦੋਹਾਂ ਹਿੱਸਿਆਂ ਵਿੱਚ ਘਾਟਾ-ਵਾਧਾ ਹੁੰਦਾ ਰਹਿੰਦਾ ਹੈ।

ਪਰ ਇਸ ਨੂੰ ਉਦੋਂ ਤੱਕ ਸਮਝਣਾ ਸੰਭਵ ਨਹੀਂ ਜਦੋਂ ਤੱਕ ਕਿ ਕਿਰਤ-ਮੁੱਲ, ਮੁਦਰਾ, ਉਤਪਾਦਕਤਾ ਅਤੇ ਕਿਰਤ ਸ਼ਕਤੀ ਦੇ ਮੁੱਲ ਜਿਹੀਆਂ ਸ਼੍ਰੇਣੀਆਂ ਨੂੰ ਸਮਝ ਨਾ ਲਿਆ ਜਾਵੇ। ਜਦੋਂ ਉਤਪਾਦਕਤਾ ਵਧਦੀ ਹੈ ਤਾਂ ਮਜ਼ਦੂਰੀ ਵਧਦੀ ਹੈ, ਭਾਵੇਂ ਇਸ ਨੂੰ (ਮਜ਼ਦੂਰੀ ਨੂੰ) ਅਸੀਂ ਮੁਦਰਾ ਦੇ ਰੂਪ ਵਿੱਚ ਵੇਖੀਏ ਜਾਂ ਵਸਤੂਆਂ ਦੇ ਰੂਪ ਵਿੱਚ। ਉੱਤੋਂ ਤਾਂ ਇਹ ਪਤਾ ਹੁੰਦਾ ਹੈ ਕਿ ਕਿਰਤ ਦਾ ਪੂਰਾ ਮੁੱਲ ਮਿਲ਼ ਜਾਂਦਾ ਹੈ ਪਰ ਉਹਨਾਂ ਦੋਹਾਂ ਹਿੱਸਿਆਂ ਦੀ ਨਿਸਬਤ ਬਾਹਰੋਂ ਦਿਖਾਈ ਨਹੀਂ ਦਿੰਦਾ ਜਿਨ੍ਹਾਂ ਵਿੱਚ ਉਸ ਮਜ਼ਦੂਰ ਦੀ ਮਜ਼ਦੂਰੀ ਵੰਡੀ ਹੁੰਦੀ ਹੈ।

ਅਸਲ ਵਿੱਚ ਉਤਪਾਦਕਤਾ ਵਧਣ 'ਤੇ ਹੁੰਦਾ ਕੀ ਹੈ: ਜਿਸ ਹਿੱਸੇ ਨੂੰ ਮਜ਼ਦੂਰ ਆਪਣੀ ਕਿਰਤ ਦੇ ਇਵਜ ਦੇ ਰੂਪ ਵਿੱਚ ਪ੍ਰਾਪਤ ਕਰਦਾ ਹੈ, ਉਹ ਤਾਂ ਘੱਟ ਜਾਂਦਾ ਹੈ ਅਤੇ ਮਾਲਕ ਨੂੰ ਮਿਲ਼ਣ ਵਾਲ਼ਾ ਉਹ ਹਿੱਸਾ ਪਹਿਲਾਂ ਦੀ ਤੁਲਨਾ ਵਿੱਚ ਵਧ ਜਾਂਦਾ ਹੈ ਜੋ ਅਸਲ ਵਿੱਚ 'ਵਾਧੂ ਮਿਹਨਤ' ਦਾ ਨਤੀਜਾ ਹੁੰਦਾ ਹੈ। ਜਦੋਂ-ਜਦੋਂ ਉਤਪਾਦਕਤਾ ਵਧਦੀ ਹੈ ਤਾਂ ਹਰ ਵਾਰ ਇਸ ਤਰ੍ਹਾਂ ਦੀ ਤਬਦੀਲੀ ਹੁੰਦੀ ਹੈ। ਭਾਵ ਮਜ਼ਦੂਰ ਦੀ ਮਿਹਨਤ ਦਾ ਉਹ ਹਿੱਸਾ ਪਹਿਲਾਂ ਦੀ ਤੁਲਨਾ ਵਿੱਚ ਘਟ ਜਾਂਦਾ ਹੈ ਜੋ ਉਸਦੀ ਵਰਤੋਂ ਵਿੱਚ ਆਉਂਦਾ ਹੈ ਜਦ ਕਿ ਮਿਹਨਤ ਦਾ ਉਹ ਹਿੱਸਾ ਪਹਿਲਾਂ ਦੀ ਤੁਲਨਾ ਵਿੱਚ ਵਧ ਜਾਂਦਾ ਹੈ ਜੋ ਉਸ ਤੋਂ ਖੋਹ ਲਿਆ ਜਾਂਦਾ ਹੈ। ਇਹ ਬਾਹਰੀ ਤੌਰ 'ਤੇ ਦਿਖਾਈ ਨਹੀਂ ਦਿੰਦਾ।

ਆਓ, ਇਨ੍ਹਾਂ ਤਬਦੀਲੀਆਂ ਨੂੰ ਤਿੰਨ ਮਿਸਾਲਾਂ ਰਾਹੀਂ ਵੇਖੀਏ। ਤਿੰਨਾਂ ਮਿਸਾਲਾਂ ਵਿੱਚ ਸਾਨੂੰ ਮਜ਼ਦੂਰ ਦੇ ਮਜ਼ਦੂਰੀ ਸਮੇਂ ਨੂੰ ਬਰਾਬਰ ਮੰਨਣਾ ਪਵੇਗਾ। ਮੰਨ ਲਓ ਮਜ਼ਦੂਰੀ ਸਮਾਂ 8 ਘੰਟੇ ਦਾ ਹੈ। ਹੁਣ ਦੇਖਿਆ ਜਾਵੇ ਉਤਪਾਦਕਤਾ ਵਧਣ ਨਾਲ਼ ਕਿਰਤ ਦਾ ਹਿੱਸਾ ਕਿਵੇਂ ਤਬਦੀਲ ਹੁੰਦਾ ਹੈ।

**ਮਜ਼ਦੂਰ ਨੂੰ ਮਿਲ਼ਣ ਵਾਲ਼ਾ ਹਿੱਸਾ** **ਮਜ਼ਦੂਰ ਤੋਂ**

**ਖੋਹਿਆ ਜਾਣ ਵਾਲ਼ਾ ਹਿੱਸਾ**

| | |
|---|---|
| 1. 4 ਘੰਟੇ | 4 ਘੰਟੇ |
| 2. 3 ਘੰਟੇ | 5 ਘੰਟੇ |
| 3. 2 ਘੰਟੇ | 6 ਘੰਟੇ |

ਜੇ ਉਹ ਭਾਗ ਘਟਦਾ ਜਾਂਦਾ ਹੈ ਜੋ ਮਜ਼ਦੂਰ ਆਪਣੀ ਮਿਹਨਤ ਨਾਲ਼ ਪ੍ਰਾਪਤ ਕਰਦਾ ਹੈ, ਤਾਂ ਇਹ ਘਟੀ ਹੋਈ ਮਜ਼ਦੂਰੀ ਵੀ ਪਹਿਲਾਂ ਦੇ ਮੁਕਾਬਲੇ ਵੱਧ ਗਿਣਤੀ ਵਿੱਚ ਜਿਣਸਾਂ ਪ੍ਰਦਾਨ ਕਰਦੀ ਹੈ। ਉਪਜਾਇਕਤਾ ਵਧਣ ਦੇ ਕਾਰਣ, ਘਟੀ ਹੋਈ ਮਜ਼ਦੂਰੀ ਪਹਿਲਾਂ ਦੇ ਮੁਕਾਬਲੇ ਵੱਧ ਜਿਣਸਾਂ ਪ੍ਰਦਾਨ ਕਰਨ ਵਿੱਚ ਸਹਾਈ ਹੁੰਦੀ ਹੈ।

ਕਿਉਂਕਿ ਉਪਜਾਇਕਤਾ ਵਧਣ ਦੇ ਨਾਲ਼ ਮਜ਼ਦੂਰ ਪਹਿਲਾਂ ਦੀ ਤੁਲਨਾ ਵਿੱਚ ਵੱਧ ਵਸਤੂਆਂ ਦੀ ਵਰਤੋਂ ਕਰਨ ਲੱਗਦਾ ਹੈ, ਅੰਤ ਇਸ ਤਰ੍ਹਾਂ ਪ੍ਰਤੀਤ ਹੋਣ ਲੱਗਦਾ ਹੈ ਕਿ ਮਜ਼ਦੂਰਾਂ ਦੀ ਦਸ਼ਾ ਕਾਫ਼ੀ ਸੁਧਰ ਗਈ ਹੈ। ਪਰ ਅਸਲ ਵਿੱਚ ਹੁੰਦਾ ਕੀ ਹੈ ਕਿ ਆਪਣੀ ਮਜ਼ਦੂਰੀ ਦਾ ਜੋ ਹਿੱਸਾ ਉਹ ਹਾਸਿਲ ਕਰਦਾ ਹੈ, ਉਹ ਤਾਂ ਘਟਦਾ ਜਾਂਦਾ ਹੈ ਅਤੇ ਜੋ ਹਿੱਸਾ ਮਾਲਕ ਹਾਸਿਲ ਕਰਦਾ ਹੈ ਉਹ ਹਿੱਸਾ ਵਧਦਾ ਜਾਂਦਾ ਹੈ। ਇਸ ਦਾ ਅਰਥ ਇਹ ਹੈ ਕਿ, ਜਿਵੇਂ-ਜਿਵੇਂ ਕਿਰਤੀ ਲੋਕ ਬਦਹਾਲ ਹੁੰਦੇ ਚਲੇ ਗਏ, ਉਵੇਂ-ਉਵੇਂ ਮਾਲਕ ਧਨਾਢ ਹੁੰਦੇ ਗਏ। ਜੇਕਰ ਅਸੀਂ ਚੀਜ਼ਾਂ ਨੂੰ ਸਤਹੀ ਤੌਰ 'ਤੇ ਵੇਖਾਂਗੇ ਤਾਂ ਇਹ ਸਾਰੀਆਂ ਗੱਲਾਂ ਸਪੱਸ਼ਟ ਨਹੀਂ ਹੋਣਗੀਆਂ।

ਕਿਸੇ ਵੀ ਤਰ੍ਹਾਂ ਦੇ ਮਜ਼ਦੂਰਾਂ ਨੂੰ ਵੇਖੀਏ, ਅਸੀਂ ਦੇਖਦੇ ਹਾਂ ਕਿ ਅੱਜ ਦੇ ਮਜ਼ਦੂਰ ਕੱਲ ਦੇ ਮਜ਼ਦੂਰਾਂ ਦੀ ਤੁਲਨਾ ਵਿੱਚ ਵੱਧ ਚੀਜ਼ਾਂ ਦੀ ਵਰਤੋਂ ਕਰਦੇ ਹਨ। ਇੰਨਾਂ ਚੀਜ਼ਾਂ ਵਿੱਚ ਸਾਈਕਲ, ਸਕੂਟਰ, ਰੇਡੀਓ, ਪੱਖੇ, ਵਾਸ਼ਿੰਗ ਮਸ਼ੀਨ, ਫਰਿੱਜ, ਟੀ.ਵੀ ਅਤੇ ਇਸੇ ਤਰ੍ਹਾਂ ਦਾ ਆਧੁਨਿਕ ਸਮਾਨ ਆਉਂਦਾ ਹੈ। ਇਹ ਸਭ ਕੁੱਝ ਦੇਖਕੇ ਸਰਮਾਏਦਾਰੀ ਦੇ ਬੁੱਧੀਜੀਵੀ ਪੁੱਛਦੇ ਹਨ, "ਅੱਜ ਮਜ਼ਦੂਰਾਂ ਵਿੱਚ ਗਰੀਬੀ ਕਿੱਥੇ ਹੈ?" ਇਸ ਸੋਚ ਨੂੰ ਔਸਤ ਦਰਜੇ ਦਾ ਗਿਆਨ ਜਾਂ ਸਤਹੀ ਗਿਆਨ ਕਹਿਣਾ ਜ਼ਿਆਦਾ ਢੁਕਵਾਂ ਹੋਵੇਗਾ।

ਇਹ ਬੁੱਧੀਜੀਵੀ ਬੱਸ ਉਹਨਾਂ ਕੁੱਝ ਕੁ ਆਧੁਨਿਕ ਚੀਜ਼ਾ ਨੂੰ ਵੇਖਦੇ ਹਨ ਜਿਹਨਾਂ ਦੀ ਮਜ਼ਦੂਰ ਵਰਤੋਂ ਕਰਦੇ ਹਨ, ਪਰ ਉਹਨਾਂ ਵੱਖ-ਵੱਖ ਆਧੁਨਿਕ ਚੀਜ਼ਾਂ ਅਤੇ ਉਪਕਰਣਾਂ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਨ ਜੋ ਮਾਲਕਾਂ ਦੇ ਘਰਾਂ ਦੀ ਸੁੰਦਰਤਾ ਨੂੰ ਵਧਾਉਂਦੇ ਹਨ ਅਤੇ ਉਹਨਾਂ ਦੀਆਂ ਕੋਠੀਆਂ ਦੀ ਗਿਣਤੀ, ਜ਼ਮੀਨਾਂ, ਬੈਂਕ-ਖਾਤਿਆਂ, ਸ਼ੇਅਰਾਂ ਅਤੇ ਉਹਨਾਂ ਦੀ ਲਗਾਤਾਰ ਵਧਦੀ ਜਾਇਦਾਦ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੰਦੇ ਹਨ।

ਮਜ਼ਦੂਰਾਂ ਦੁਆਰਾ ਵਰਤੋਂ ਵਿੱਚ ਲਿਆਂਦੀਆਂ ਜਾਂਦੀਆਂ ਚੀਜ਼ਾਂ ਦੀ ਭਿੰਨਤਾ ਵਿੱਚ ਵਾਧਾ ਜਰੂਰ ਹੁੰਦਾ ਹੈ, ਇਹ ਵਧੀਆਂ ਹੋਈਆਂ ਚੀਜ਼ਾਂ ਉਹਨਾਂ ਦੀ ਹੀ ਮਿਹਨਤ ਦਾ ਫਲ ਹੁੰਦੀਆਂ ਹਨ। ਇਹ ਅਜਿਹਾ ਕੁੱਝ ਨਹੀਂ ਹੁੰਦਾ ਜਿਸ ਨੂੰ ਉਹਨਾਂ ਨੇ ਦੂਜਿਆਂ ਦੀ ਲੁੱਟ ਦੇਖਿਆ ਜਾਣਾ ਚਾਹੀਦਾ ਜਿਹਨਾਂ ਦੀ ਮਜ਼ਦੂਰ ਵਰਤੋਂ ਕਰਦੇ ਹਨ ਸਗੋਂ ਉਹਨਾਂ ਚੀਜ਼ਾਂ ਨੂੰ ਦੇਖਿਆ ਜਾਣਾ ਚਾਹੀਦਾ ਜੋ ਉਹਨਾਂ ਤੋਂ ਖੋਹੀਆਂ ਜਾਂਦੀਆਂ ਹਨ।

ਮਜ਼ਦੂਰਾਂ ਦੁਆਰਾ ਵਰਤੋਂ ਵਿੱਚ ਲਿਆਂਦੀਆਂ ਜਾਂਦੀਆਂ ਚੀਜ਼ਾਂ ਦੀ ਭਿੰਨਤਾ ਵਿੱਚ ਵਾਧਾ ਇਹ ਸੰਕੇਤ ਨਹੀਂ ਕਰਦਾ ਕਿ ਉਹਨਾਂ ਦੀ ਗੁਲਾਮੀ ਅਤੇ ਗਰੀਬੀ ਖਤਮ ਹੋ ਚੁੱਕੀ ਹੈ। ਇਹ ਅਸਲੀਅਤ ਕਿ ਮਜ਼ਦੂਰ ਆਪਣੇ ਮਾਲਕਾਂ ਲਈ ਕੰਮ ਕਰਦੇ ਹਨ, ਉਹਨਾਂ ਦੀ ਗੁਲਾਮੀ ਨੂੰ ਸੂਚਿਤ ਕਰਦੀ ਹੈ ਅਤੇ ਇਹ ਅਸਲੀਅਤ ਕਿ ਉਹ ਵਾਧੂ ਮਜ਼ਦੂਰੀ ਉਹਨਾਂ ਨੂੰ ਦੇ ਰਹੇ ਹਨ, ਉਹਨਾਂ ਦੀ ਗਰੀਬੀ ਨੂੰ ਸੂਚਿਤ ਕਰਦੀ ਹੈ। ਜੇ ਗੁਲਾਮੀ ਨਾ ਹੁੰਦੀ ਤਾਂ ਮਜ਼ਦੂਰਾਂ ਨੂੰ ਆਪਣੇ ਮਾਲਕਾਂ ਦੀ ਤਿਜੋਰੀ ਭਰਣ ਲਈ ਵਾਧੂ ਮਜ਼ਦੂਰੀ ਗੰਵਾਉਂਣੀ

ਨਾ ਪੈਂਦੀ।

ਅੰਬੇਡਕਰ ਦਾ ਕਹਿਣਾ ਹੈ ਕਿ ਕੋਈ ਵੀ ਇਸ ਧਾਰਨਾ ਨੂੰ ਸਵੀਕਾਰ ਨਹੀਂ ਕਰਦਾ ਕਿ ਮਜ਼ਦੂਰ ਹੋਰ ਵੀ ਬਦਹਾਲ ਹੁੰਦੇ ਜਾ ਰਹੇ ਹਨ। ਇਸਦਾ ਸਾਰਤੱਤ ਇਹ ਹੈ ਕਿ ਅਜਿਹਾ ਆਗੂ ਜੋ ਉਹਨਾਂ ਲੋਕਾਂ ਦਾ ਪ੍ਰਤੀਨਿਧ ਹੋਣ ਦਾ ਦਾਅਵਾ ਕਰਦਾ ਹੈ ਜੋ ਸਭ ਤੋਂ ਹੇਠਲੇ ਦਰਜੇ ਦੀ ਮਜ਼ਦੂਰੀ ਕਰਦੇ ਹਨ, ਇਹ ਦਲੀਲ ਪੇਸ਼ ਕਰ ਰਿਹਾ ਹੈ ਕਿ ਅਜਿਹੇ ਮਜ਼ਦੂਰ ਲਗਾਤਾਰ ਬਦਹਾਲ ਨਹੀਂ ਹੁੰਦੇ ਜਾ ਰਹੇ। ਇੱਥੇ ਇਸ ਲੋਕ ਕਹਾਵਤ ਦੀ ਵਰਤੋਂ ਤਰਕ ਸੰਗਤ ਹੋਵੇਗੀ ਕਿ ਜਦ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਖੇਤ ਦੀ ਰਖਵਾਲੀ ਕੌਣ ਕਰੇਗਾ, ਜਦੋਂ ਤੱਕ ਖੇਤ ਆਪਣੀ ਰੱਖਿਆ ਆਪ ਨਾ ਕਰੇ।

ਅੰਬੇਡਕਰ ਹਰ ਨੁਕਤੇ 'ਤੇ ਮਾਰਕਸਵਾਦ ਪ੍ਰਤੀ ਨਫਰਤ ਦਿਖਾਉਂਦੇ ਹਨ। ਇਹ ਬਹੁਤ ਹੀ ਦੁੱਖਭਰੀ ਗੱਲ ਹੈ।

ਇਹ ਟਿੱਪਣੀ ਕਰਨ ਤੋਂ ਬਾਅਦ ਕਿ 'ਕੋਈ ਵੀ ਸਵੀਕਾਰ ਨਹੀਂ ਕਰੇਗਾ ਕਿ ਮਜ਼ਦੂਰ ਲਗਾਤਾਰ ਕੰਗਾਲ ਬਣਾ ਦਿੱਤੇ ਗਏ ਹਨ' ਅੰਬੇਡਕਰ ਸਿੱਟਾ ਕੱਢਦੇ ਹਨ ਕਿ 'ਇਹ ਗੱਲ ਉਸਦੀਆਂ (ਮਾਰਕਸ ਦੀਆਂ) ਹੋਰ ਧਾਰਨਾਵਾਂ ਲਈ ਵੀ ਸਹੀ ਹੈ।' (ਪੰਨਾ 444) ਦੂਸਰੇ ਸ਼ਬਦਾਂ ਵਿੱਚ, ਮਾਰਕਸ ਦੇ ਸਿਧਾਂਤ ਦੇ ਹੋਰ ਪੱਖਾਂ ਨੂੰ ਵੀ ਕੋਈ ਸਵੀਕਾਰ ਨਹੀਂ ਕਰਦਾ ਹੈ। ਕਹਿਣ ਦਾ ਭਾਵ ਹੈ ਕਿ ਕਿਰਤ ਦੀ ਲੁੱਟ ਦੀ ਮਾਰਕਸ ਦੀ ਧਾਰਨਾ ਨੂੰ ਵੀ ਕੋਈ ਸਵੀਕਾਰ ਨਹੀਂ ਕਰਦਾ।

ਦੂਸਰੇ ਲੋਕਾਂ ਦਾ ਭਾਵੇਂ ਕੋਈ ਵੀ ਨਜ਼ਰੀਆ ਹੋਵੇ, ਅੰਬੇਡਕਰ ਉਸ ਨੂੰ ਸਵੀਕਾਰ ਨਹੀਂ ਕਰਦਾ। ਉਸਦੇ ਅਨੁਸਾਰ, ਮਾਰਕਸ ਦੇ ਸਾਰੇ ਤਰਕ ਅਣ-ਉਚਿਤ ਹਨ। ਇਹਨਾਂ ਦੀ ਹੋਂਦ ਹੀ ਨਹੀਂ ਹੈ। ਕਿਰਤੀਆਂ ਦੀ ਲੁੱਟ ਹੁੰਦੀ ਹੀ ਨਹੀਂ।

ਠੀਕ ਹੈ, ਫਿਰ 'ਆਰਥਿਕ ਲੁੱਟ' ਅਤੇ 'ਆਰਥਿਕ ਲੁੱਟ ਤੋਂ ਸੁਰੱਖਿਆ ਦੇ ਉਪਾਅ' ਜਿਹੇ ਸ਼ਬਦਾਂ ਦੀ ਵਰਤੋਂ ਕਿਉਂ ?

ਕੌਣ ਜਾਣਦੈ ? ਕੀ ਅੰਬੇਡਕਰ ਨੂੰ ਇਸਦੇ ਬਾਰੇ ਕੁੱਝ ਪਤਾ ?

**3. ਬੁੱਧ ਨੇ ਉਹ ਸਭ ਕੁੱਝ ਪਹਿਲਾਂ ਹੀ ਕਹਿ ਦਿੱਤਾ ਸੀ ਜੋ ਮਾਰਕਸ ਨੇ ਕਿਹਾ !**

ਪਹਿਲਾਂ ਤਾਂ ਅੰਬੇਡਕਰ ਨੇ ਮਾਰਕਸ ਦੇ ਸਿਧਾਂਤ ਦੀ ਇੱਕ ਧਾਰਨਾ ਦਾ ਖੰਡਨ ਕੀਤਾ ਅਤੇ ਬਾਅਦ ਵਿੱਚ ਦੂਸਰੀਆਂ ਸਾਰੀਆਂ ਧਾਰਨਾਵਾਂ ਨੂੰ ਇਹ ਕਹਿੰਦੇ ਹੋਏ ਅਸਵੀਕਾਰ ਕਰ ਦਿੱਤਾ ਕਿ, "ਇਹੀ ਗੱਲ ਉਸਦੀਆਂ ਹੋਰ ਧਾਰਨਾਵਾਂ ਲਈ ਵੀ ਸਹੀ ਹੈ।" ਪਰ ਅਗਲੇ ਹੀ ਪੈਰ੍ਹੇ ਵਿੱਚ ਉਹਨਾਂ ਨੇ ਆਪਣਾ ਤਰਕ ਬਦਲ ਲਿਆ ਅਤੇ ਕਿਹਾ:

"ਕਾਰਲ ਮਾਰਕਸ ਦੇ ਵਿਚਾਰਾਂ ਵਿੱਚ ਜੋ ਕੁੱਝ ਵੀ ਬਚਿਆ ਰਹਿ ਗਿਆ, ਉਹ ਅੱਗ ਦੀਆਂ ਬਚੀਆਂ ਹੋਈਆਂ ਚਿੰਗਾੜੀਆਂ ਹਨ, ਥੋੜ੍ਹੀਆਂ, ਪਰ ਫਿਰ ਵੀ ਬਹੁਤ ਮਹੱਤਵਪੂਰਨ। ਮੇਰੀ ਦ੍ਰਿਸ਼ਟੀ ਅਨੁਸਾਰ ਇਸ ਬਚੀ ਹੋਈ ਅੱਗ ਵਿੱਚ ਚਾਰ ਗੱਲਾਂ ਹਨ।" (ਪੰਨਾ 444) ਉਹਨਾਂ ਨੇ ਚਾਰੇ ਗੱਲਾਂ ਨੂੰ ਹੇਠ ਲਿਖੇ ਅਨੁਸਾਰ ਸੂਚੀਬੱਧ ਕੀਤਾ (ਪੰਨਾ 444)

1. ਦਰਸ਼ਨ ਦਾ ਕੰਮ ਸੰਸਾਰ ਦੀ ਮੁੜ ਉਸਾਰੀ ਕਰਨਾ ਹੈ ਨਾ ਕਿ ਸੰਸਾਰ ਦੇ ਜਨਮ ਦੀ ਵਿਆਖਿਆ ਕਰਨ ਵਿੱਚ ਸਮਾਂ ਨਸ਼ਟ ਕਰਨਾ।

2. ਜਮਾਤਾਂ ਵਿੱਚ ਹਿੱਤਾਂ ਦਾ ਟਕਰਾਅ ਜਾਰੀ ਰਹਿੰਦਾ ਹੈ।

3. ਜਾਇਦਾਦ ਦੀ ਨਿੱਜੀ ਮਾਲਕੀ ਇੱਕ ਜਮਾਤ ਨੂੰ ਤਾਕਤ ਪ੍ਰਦਾਨ ਕਰਦੀ ਹੈ ਅਤੇ ਦੂਸਰੇ ਨੂੰ ਲੁੱਟ ਦੇ ਰੂਪ ਵਿੱਚ ਦੁੱਖ।

4. ਸਮਾਜ ਦੇ ਭਲੇ ਲਈ ਇਹ ਜਰੂਰੀ ਹੈ ਕਿ ਨਿੱਜੀ ਜਾਇਦਾਦ ਦੇ ਖਾਤਮੇ ਰਾਹੀਂ ਦੁੱਖਾਂ ਨੂੰ ਸਮਾਪਤ ਕੀਤਾ ਜਾਵੇ।

ਅੰਬੇਡਕਰ ਲਈ ਇਹ ਚਾਰ ਗੱਲਾਂ 'ਥੋੜ੍ਹੀਆਂ, ਪਰ ਫਿਰ ਵੀ ਬਹੁਤ ਮਹੱਤਵਪੂਰਨ ਹਨ।' ਪਰ ਉਹ ਮਹਿਸੂਸ ਕਰਦੇ ਹਨ ਕਿ ਬੁੱਧ ਨੇ ਇਹ ਸਾਰੀਆਂ ਗੱਲਾਂ ਬਹੁਤ ਸਮਾਂ ਪਹਿਲਾਂ ਕਹਿ ਦਿੱਤੀਆਂ ਸਨ। ਇਸ ਤਰ੍ਹਾਂ ਆਪਣੇ ਤਰਕ ਨੂੰ ਸਿੱਧ ਕਰਨ ਲਈ ਉਹਨਾਂ ਨੇ ਬੁੱਧ ਕਥਾਵਾਂ ਵਿੱਚੋਂ ਉਦਾਹਰਣ ਦੇਣੇ ਸ਼ੁਰੂ ਕਰ ਦਿੱਤੇ।

**1. ਸੰਸਾਰ ਦੇ ਜਨਮ ਦੀ ਵਿਆਖਿਆ ਵਿੱਚ ਸਮਾਂ ਨਸ਼ਟ ਕਰਨ ਵਾਲ਼ੀ ਗੱਲ:**

ਅਸਲ ਵਿੱਚ ਮਾਰਕਸ ਨੇ ਇਸ ਤਰ੍ਹਾਂ ਨਹੀਂ ਕਿਹਾ ਸੀ। ਇਹ ਸਿੱਧ ਕਰਨ ਲਈ ਕਿ ਬੁੱਧ ਨੇ ਇਸ ਗੱਲ ਨੂੰ ਪਹਿਲਾਂ ਹੀ ਕਹਿ ਦਿੱਤਾ ਸੀ, ਅੰਬੇਡਕਰ ਨੇ ਇੱਕ ਘਟਨਾ ਦਾ ਵਰਨਣ ਕੀਤਾ। ਪੋਤਥਪਾਦ ਨੇ ਬੁੱਧ ਤੋਂ ਹੇਠ ਲਿਖੇ ਸਵਾਲ ਪੁੱਛੇ:

1. ਕੀ ਸੰਸਾਰ ਨਾਸ਼ਵਾਨ ਨਹੀਂ ਹੈ ?
2. ਕੀ ਸੰਸਾਰ ਹਮੇਸ਼ਾ ਰਹਿਣ ਵਾਲਾ ਹੈ ?
3. ਕੀ ਸੰਸਾਰ ਅਨੰਤ ਹੈ ?
4. ਕੀ ਆਤਮਾ ਉਹੀ ਹੈ ਜੋ ਸਰੀਰ ਹੈ ?
5. ਕੀ ਆਤਮਾ ਅੱਡ ਚੀਜ਼ ਹੈ ਅਤੇ ਸਰੀਰ ਅੱਡ ?
6. ਕੀ ਮੌਤ ਤੋਂ ਬਾਅਦ ਉਹ ਮੁੜ ਜਨਮ ਲੈਂਦਾ ਹੈ ਜਿਸਨੇ ਸੱਚ ਨੂੰ ਪਾ ਲਿਆ ?
7. ਕੀ ਮੌਤ ਤੋਂ ਬਾਅਦ ਉਸ ਦਾ ਨਾ ਤਾਂ ਮੁੜ ਜਨਮ ਹੁੰਦਾ ਹੈ ਅਤੇ ਨਾ ਹੀ ਉਹ ਜਨਮ ਤੋਂ ਮੁਕਤ ਹੁੰਦਾ ਹੈ ? (445)

ਬੁੱਧ ਨੇ ਇਨ੍ਹਾਂ ਮੁੱਦਿਆਂ 'ਤੇ ਕੋਈ ਵੀ ਵਿਚਾਰ ਪ੍ਰਗਟ ਕਰਨ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਹ ਧਰਮ, ਗਿਆਨ ਜਾਂ ਮਨੁੱਖੀ ਆਚਰਣ ਨਾਲ਼ ਸਬੰਧਿਤ ਨਹੀਂ ਸਨ। ਅੰਬੇਡਕਰ ਲਈ ਬੁੱਧ ਦੁਆਰਾ ਕੋਈ ਰਾਇ ਨਾ ਪ੍ਰਗਟਾਉਣਾ ਮਾਰਕਸ ਤੋਂ ਬਹੁਤ ਪਹਿਲਾਂ ਹੀ ਉਹ ਗੱਲ ਕਹਿ ਦੇਣਾ ਹੋ ਜਾਂਦਾ ਹੈ। ਅੰਬੇਡਕਰ ਸੋਚਦੇ ਹਨ ਕਿ ਮਾਰਕਸ ਅਤੇ ਬੁੱਧ ਨੇ ਇੱਕ ਹੀ ਗੱਲ ਕਹੀ, ਕਿਉਂਕਿ ਬੁੱਧ ਨੇ ਇਨ੍ਹਾਂ ਪ੍ਰਸ਼ਨਾਂ ਨੂੰ ਗੈਰ ਜਰੂਰੀ ਸਮਝ ਕੇ ਖਾਰਜ ਕਰ ਦਿੱਤਾ ਸੀ।

ਪਰ ਬੁੱਧ ਨੇ ਜੋ ਗੱਲ ਕੀਤੀ, ਉਹ ਤਾਂ 'ਕੁਦਰਤ' ਦੇ ਬਾਰੇ ਵਿੱਚ ਸੀ। 'ਸੰਸਾਰ ਨਾਸ਼ਵਾਨ ਹੈ ਜਾਂ ਨਹੀਂ ? ਮੌਤ ਤੋਂ ਬਾਅਦ ਕੀ ਹੋਵੇਗਾ ?'– ਅਜਿਹੇ ਪ੍ਰਸ਼ਨ ਤਾਂ 'ਕੁਦਰਤ' ਨਾਲ਼ ਸਬੰਧਤ ਹਨ।

ਮਾਰਕਸ ਨੇ ਤਾਂ 'ਸਮਾਜ' ਨਾਲ਼ ਸਬੰਧਿਤ ਮੁੱਦਿਆਂ 'ਤੇ ਗੱਲ ਕੀਤੀ ਸੀ। ਮਾਰਕਸ ਕਹਿੰਦੇ ਹਨ, **"ਦਾਰਸ਼ਨਿਕਾਂ ਨੇ ਸੰਸਾਰ ਦੀ ਵੱਖ-ਵੱਖ ਤਰ੍ਹਾਂ ਨਾਲ਼ ਵਿਆਖਿਆ ਕੀਤੀ ਹੈ। ਪਰ ਅਸਲ ਸਵਾਲ ਤਾਂ ਇਸ ਨੂੰ ਬਦਲਣ ਦਾ ਹੈ।" ਮਾਰਕਸ ਕਹਿੰਦੇ ਹਨ ਕਿ ਮੌਜੂਦਾ ਸਮਾਜ ਲੁੱਟ 'ਤੇ ਅਧਾਰਿਤ ਹੈ, ਇਸ ਲਈ ਸਾਨੂੰ ਇਸ ਨੂੰ ਬਦਲਣਾ ਹੋਵੇਗਾ।**

ਅੰਬੇਡਕਰ ਨੇ ਕੁਦਰਤ ਬਾਰੇ ਬੁੱਧ ਦੀਆਂ ਟਿੱਪਣੀਆਂ ਅਤੇ ਮਾਰਕਸ ਦੀਆਂ ਸਮਾਜ ਬਾਰੇ ਟਿੱਪਣੀਆਂ ਦੀ ਤੁਲਨਾ ਕਰਕੇ ਸਿੱਟਾ ਕੱਢ ਲਿਆ ਕਿ ਦੋਨਾਂ ਦੀ ਇੱਕੋ ਹੀ ਰਾਇ ਹੈ ਅਤੇ ਇਹ ਦਾਅਵਾ ਵੀ ਕੀਤਾ ਕਿ ਮਾਰਕਸ ਨੇ ਜੋ ਗੱਲ ਕਹੀ, ਉਹ ਬੁੱਧ ਨੇ ਬਹੁਤ ਸਮਾਂ ਪਹਿਲਾਂ ਹੀ ਕਹਿ ਦਿੱਤੀ ਸੀ। ਇਸ ਢੰਗ ਨਾਲ਼ ਉਨ੍ਹਾਂ ਦੁਆਰਾ ਕੀਤੀ ਗਈ ਤੁਲਨਾ ਅਤੇ ਚਰਚਾ ਪੂਰੀ ਤਰ੍ਹਾਂ ਅਰਥਹੀਣ ਅਤੇ ਨਿਰਾਰਥਕ ਹੈ।

2. **ਵੱਖ-ਵੱਖ ਜਮਾਤਾਂ ਵਿੱਚ ਟਕਰਾਅ:**

ਇਹ ਦਾਅਵਾ ਕਰਦੇ ਹੋਏ ਕਿ ਬੁੱਧ ਨੇ ਪਹਿਲਾਂ ਹੀ ਇਹ ਗੱਲ ਉਭਾਰੀ ਸੀ, ਅੰਬੇਡਕਰ ਇੱਕ ਘਟਨਾ ਦਾ ਵਰਨਣ ਕਰਦੇ ਹਨ। ਸੰਦਰਭ ਹੈ, ਬੁੱਧ ਅਤੇ ਕੌਸ਼ਲ ਨਰੇਸ਼ (ਰਾਜਾ) ਵਿੱਚ ਵਾਰਤਾਲਾਪ ਦਾ।

ਬੁੱਧ ਨੇ ਕਿਹਾ:

"ਹਮੇਸ਼ਾ ਹੀ ਰਾਜਿਆਂ ਵਿਚਕਾਰ, ਕੁਲੀਨਾਂ ਵਿਚਕਾਰ, ਬ੍ਰਾਹਮਣਾਂ ਵਿਚਕਾਰ, ਗ੍ਰਹਿਸਥੀਆਂ ਵਿਚਕਾਰ, ਮਾਂ ਅਤੇ ਬੇਟੇ ਵਿਚਕਾਰ, ਬੇਟੇ ਅਤੇ ਬਾਪ ਵਿਚਕਾਰ, ਭਾਈ-ਭਾਈ ਵਿਚਕਾਰ, ਭੈਣ-ਭਾਈ ਵਿਚਕਾਰ ਝਗੜੇ ਹੁੰਦੇ ਰਹਿੰਦੇ ਹਨ।" (445)

ਅੰਬੇਡਕਰ ਦੀ ਦ੍ਰਿਸ਼ਟੀ ਅਨੁਸਾਰ ਬੁੱਧ ਦੀਆਂ ਇਹਨਾਂ ਟਿੱਪਣੀਆਂ ਦਾ ਮਨੋਰਥ ਜਮਾਤੀ ਘੋਲ ਦੀ ਗੱਲ ਕਰਨਾ ਹੈ।

ਇੱਥੋਂ ਤੱਕ ਕਿ ਜੋ ਲੋਕ ਜਮਾਤਾਂ ਬਾਰੇ ਬਿਲਕੁਲ ਅਣਜਾਣ ਹਨ, ਉਹ ਵੀ ਅਜਿਹੀ ਤਰਸਯੋਗ ਹਾਲਤ ਵਿੱਚ ਨਹੀਂ ਹੋਣਗੇ!

ਜਦੋਂ ਅਸੀਂ ਜਮਾਤਾਂ ਦੀ ਗੱਲ ਕਰਦੇ ਹਾਂ ਤਾਂ ਅਸੀਂ 'ਮਾਲਕ-ਮਜ਼ਦੂਰ' ਸਬੰਧਾਂ ਦੀ ਹੋਂਦ ਦੀ ਗੱਲ ਕਰਦੇ ਹਾਂ। ਅਸੀਂ ਕਿਰਤ ਦੀ ਲੁੱਟ ਦੀ ਵੀ ਗੱਲ ਕਰਦੇ ਹਾਂ।

ਦਾਸ ਪ੍ਰਥਾ ਵਾਲੇ ਸਮਾਜ ਵਿੱਚ ਇੱਕ ਜਮਾਤ ਦਾਸਾਂ ਦੀ ਹੁੰਦੀ ਹੈ। ਜੱਦ ਕਿ ਦੂਸਰੀ ਜਮਾਤ ਮਾਲਕਾਂ ਦੀ।

ਜਗੀਰੂ ਸਮਾਜ ਵਿੱਚ ਇੱਕ ਜਮਾਤ ਮੁਜਾਰੇ ਕਿਸਾਨਾਂ ਦੀ ਹੁੰਦੀ ਹੈ ਜਦ ਕਿ ਦੂਸਰੀ ਜਮਾਤ ਜ਼ਿੰਮੀਦਾਰਾਂ ਦੀ।

ਸਰਮਾਏਦਾਰੀ ਸਮਾਜ ਵਿੱਚ ਇੱਕ ਜਮਾਤ ਮਜ਼ਦੂਰਾਂ ਦੀ ਹੁੰਦੀ ਹੈ ਜਦ ਕਿ ਦੂਜੀ ਸਰਮਾਏਦਾਰਾਂ ਅਤੇ ਭੂ-ਮਾਲਕਾਂ ਦੀ ਮਿਲਾ ਕੇ ਹੁੰਦੀ ਹੈ।

ਕਿਰਤ ਦੀ ਲੁੱਟ 'ਤੇ ਹੀ ਜਮਾਤਾਂ ਟਿਕੀਆਂ ਹੁੰਦੀਆਂ ਹਨ। ਜਮਾਤੀ ਘੋਲ ਅਤੇ ਵੱਖ-ਵੱਖ ਹਿੱਤ ਜਮਾਤਾਂ 'ਤੇ ਟਿਕੇ ਰਹਿੰਦੇ ਹਨ।

ਇਹਨਾਂ ਹੀ ਸਿਧਾਂਤਾ ਦੇ ਅਧਾਰ 'ਤੇ ਅਸੀਂ ਕਿਸੇ ਤਰ੍ਹਾਂ ਦੇ ਸਮਾਜ ਵਿੱਚ ਜਮਾਤਾਂ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ।

ਅਸੀਂ ਇੱਕ ਹੀ ਜਮਾਤ ਦੇ ਅੰਦਰ ਅੱਡ-ਅੱਡ ਸਮੂਹ ਪਾਉਂਦੇ ਹਾਂ ਅਤੇ ਉਹਨਾਂ ਸਮੂਹਾਂ ਵਿੱਚ ਅੰਤਰ-ਵਿਰੋਧ ਪਾਉਂਦੇ ਹਾਂ।

ਮਾਲਕ ਜਮਾਤ ਦੇ ਅੰਦਰ ਕਿਰਾਇਆ, ਵਿਆਜ਼ ਅਤੇ ਮੁਨਾਫ਼ੇ ਦੇ ਰੂਪ ਵਿੱਚ, ਕਿਰਤੀ ਲੁੱਟ ਦੇ ਸਿੱਟੇ ਵਜੋਂ ਹਾਸਿਲ ਵਾਧੂ ਕਦਰ ਦੀ ਵੰਡ ਸਮੇਂ, ਵੱਡਾ ਹਿੱਸਾ ਲੈਣ ਲਈ ਅੰਤਰ-ਵਿਰੋਧ ਹੁੰਦੇ ਹਨ।

ਮਜ਼ਦੂਰ ਜਮਾਤ ਵਿੱਚ ਸਰੀਰਕ ਕਿਰਤ ਅਤੇ ਮਾਨਸਿਕ ਕਿਰਤ ਵਿੱਚ ਵਖਰੇਵੇਂ ਦੇ ਕਾਰਣ ਅੱਡ-ਅੱਡ ਸਮੂਹ ਹੁੰਦੇ ਹਨ। ਮਾਨਸਿਕ ਕਾਮਿਆਂ ਦੀ ਤੁਲਨਾ ਵਿੱਚ ਸਰੀਰਕ ਕਾਮੇ ਵਧੇਰੀ ਗਰੀਬੀ ਭਰਿਆ ਜੀਵਨ ਜਿਉਂਦੇ ਹਨ। ਲੁੱਟ 'ਤੇ ਅਧਾਰਿਤ ਸਮਾਜ ਇਸ ਫਰਕ ਨੂੰ ਹੋਰ ਵੀ ਵਧਾ ਦਿੰਦੇ ਹਨ। ਇਸ ਤੋਂ ਇਲਾਵਾ, ਮਜ਼ਦੂਰਾਂ ਦੇ ਅੰਦਰ ਕਿਸੇ ਵੀ ਸਮੂਹ ਲਈ ਨੌਕਰੀ ਦੀ ਕੋਈ ਗਾਰੰਟੀ ਨਹੀਂ ਹੁੰਦੀ। ਇਸ ਤੱਥ ਦੇ ਕਾਰਣ ਮਜ਼ਦੂਰਾਂ ਵਿੱਚ ਇਰਖਾ ਸ਼ੁਰੂ ਹੋ ਜਾਂਦੀ ਹੈ ਅਤੇ ਅੰਤਰ-ਵਿਰੋਧ ਦੂਸਰਿਆਂ ਦੀ ਵਾਧੂ ਕਦਰ ਦੀ ਲੁੱਟ ਲਈ ਨਹੀਂ ਹੁੰਦੇ। ਇਹ ਅੰਤਰ-ਵਿਰੋਧ ਸਿਰਫ਼ ਰੋਜ਼ੀ-ਰੋਟੀ ਦੇ ਉਦੇਸ਼ ਲਈ ਹੁੰਦੇ ਹਨ।

ਅਸੀਂ ਜਮਾਤਾਂ, ਜਮਾਤਾਂ ਦੇ ਅੰਦਰ ਰੂਪਮਾਨ ਤਬਕਿਆਂ ਅਤੇ ਸਮਾਜਿਕ ਸਬੰਧਾਂ ਦੇ ਪੂਰੇ ਸਮੂਹ ਨੂੰ ਸਮਝਣ ਵਿੱਚ ਉਦੋਂ ਹੀ ਸਫਲ ਹੋ ਸਕਾਂਗੇ ਜਦੋਂ ਅਸੀਂ ਕਿਰਤ ਦੀ ਲੁੱਟ

ਦੇ ਬਾਰੇ ਵਿੱਚ ਸਪੱਸ਼ਟ ਰੂਪ ਵਿੱਚ ਜਾਣਦੇ ਹੋਵਾਂਗੇ।

ਅੰਬੇਡਕਰ ਦੇ ਇਸ ਦਾਅਵੇ ਦਾ ਜਮਾਤਾਂ ਨਾਲ਼ ਕੋਈ ਲੈਣਾ-ਦੇਣਾ ਨਹੀਂ ਹੈ ਕਿ 'ਬੁੱਧ ਨੇ ਜਮਾਤਾਂ ਬਾਰੇ ਪਹਿਲਾਂ ਹੀ ਦੱਸ ਦਿੱਤਾ ਸੀ।' ਪਰ ਜੇ ਅਸੀਂ ਜਮਾਤਾਂ ਨੂੰ ਸਮਝ ਲਵਾਂਗੇ ਤਾਂ ਹੀ ਅਸੀਂ ਉਹਨਾਂ ਅੰਤਰ-ਵਿਰੋਧਾਂ ਦਾ ਸੁਭਾਅ ਸਮਝ ਸਕਦੇ ਹਾਂ ਜਿਨ੍ਹਾਂ ਦਾ ਬੁੱਧ ਨੇ ਵਰਨਣ ਕੀਤਾ ਹੈ।

**ਰਾਜਿਆਂ ਵਿੱਚ ਅੰਤਰਵਿਰੋਧ:** ਵੱਖ-ਵੱਖ ਰਾਜਿਆਂ ਦਾ ਅਰਥ ਵੱਖ-ਵੱਖ ਜਮਾਤ ਨਹੀਂ ਹੁੰਦਾ। ਸਭ ਦੀ ਇੱਕੋ ਹੀ ਜਮਾਤ ਹੁੰਦੀ ਹੈ, ਲੋਟੂਆਂ ਦੀ ਜਮਾਤ। ਜਿਨ੍ਹਾਂ ਰਾਜਿਆਂ ਵਿੱਚ ਇੱਕ ਦੂਜੇ ਨਾਲ਼ ਅੰਤਰਵਿਰੋਧ ਹੁੰਦੇ ਹਨ ਉਹ ਉਸੇ ਜਮਾਤ ਅੰਦਰਲੇ ਵੱਖ-ਵੱਖ ਸਮੂਹ ਹੁੰਦੇ ਹਨ। ਹਰ ਰਾਜੇ ਦੀ ਆਮਦਨ ਦਾ ਸੋਮਾ ਟੈਕਸ ਹੁੰਦਾ ਹੈ। ਇਨ੍ਹਾਂ ਟੈਕਸਾਂ ਦਾ ਜ਼ਿਆਦਾ ਹਿੱਸਾ ਸ਼ਾਹੀ ਵਿਲਾਸਤਾਵਾਂ ਲਈ ਵਰਤਿਆ ਜਾਂਦਾ ਹੈ। ਰਾਜ ਦੀ ਆਪਣੀ ਭੂ-ਜਾਇਦਾਦ ਹੁੰਦੀ ਹੈ ਅਤੇ ਕਾਰੋਬਾਰ ਵੀ। ਉਹ ਕਿਰਾਇਆ (ਲਗਾਨ) ਅਤੇ ਵਪਾਰਕ ਮੁਨਾਫ਼ਾ ਪ੍ਰਾਪਤ ਕਰਦਾ ਹੈ। ਇਹ ਰਾਜੇ ਦੀ ਵਿਅਕਤੀਗਤ ਆਮਦਨੀ ਦੇ ਸੋਮੇ ਹੁੰਦੇ ਹਨ। ਰਾਜੇ ਇੱਕ ਦੂਜੇ ਦੇ ਰਾਜ ਨੂੰ ਖੋਹਣ ਲਈ ਆਪਸ ਵਿੱਚ ਲੜਦੇ ਰਹਿੰਦੇ ਹਨ। ਜੇ ਕੋਈ ਰਾਜਾ ਦੂਸਰੇ ਦਾ ਰਾਜ ਖੋਹਣ ਵਿੱਚ ਸਫਲ ਹੋ ਜਾਂਦਾ ਹੈ ਤਾਂ ਜੇਤੂ ਰਾਜੇ ਨੂੰ ਨਵੇਂ ਰਾਜ ਤੋਂ ਸਾਰੇ ਟੈਕਸ ਅਤੇ ਲਗਾਨ ਪ੍ਰਾਪਤ ਹੁੰਦੇ ਹਨ। ਇਹ ਲੁੱਟ ਕਰਨ ਵਾਲ਼ੀ ਜਮਾਤ ਦੇ ਸਮੂਹਾਂ ਵਿਚਕਾਰਲਾ ਅੰਤਰਵਿਰੋਧ ਹੈ।

**ਕੁਲੀਨਾਂ ਵਿੱਚ ਅੰਤਰਵਿਰੋਧ:** ਕੁਲੀਨ (ਉੱਚੀ ਕੁੱਲ ਵਾਲ਼ੇ) ਕਿਰਤੀ ਨਹੀਂ ਹੁੰਦੇ। ਜੋ ਲੋਕ ਕੋਈ ਵੀ ਕਿਰਤ ਨਹੀਂ ਕਰਦੇ ਉਹ ਕੁਲੀਨ ਅਤੇ ਵੱਡੇ ਲੋਕ ਹੋ ਜਾਂਦੇ ਹਨ। ਇਸ ਲਈ ਇਹ ਕੁਲੀਨ ਸਪੱਸ਼ਟ ਤੌਰ 'ਤੇ ਆਲਸੀ ਵਿਅਕਤੀ ਹੁੰਦੇ ਹਨ। ਅਜਿਹੇ ਵਿਅਕਤੀਆਂ ਵਿਚਲਾ ਅੰਤਰਵਿਰੋਧ ਸਿਰਫ਼ ਜਾਇਦਾਦ ਲਈ ਪ੍ਰਗਟ ਹੁੰਦਾ ਹੈ। ਇਹ ਅੰਤਰਵਿਰੋਧ ਵੀ ਲੋਟੂਆਂ ਵਿਚਲੇ ਸਮੂਹਾਂ ਦੇ ਆਪਸੀ ਅੰਤਰਵਿਰੋਧ ਹੁੰਦੇ ਹਨ।

**ਬ੍ਰਾਹਮਣਾਂ ਵਿੱਚ ਅੰਤਰਵਿਰੋਧ:** ਇਹ ਅੰਤਰਵਿਰੋਧ ਬਿਨਾਂ ਕੋਈ ਕਿਰਤ ਕੀਤੇ ਯੱਗ ਅਤੇ ਕਰਮ ਕਾਂਡਾਂ ਦੇ ਸੰਚਾਲਨ ਤੋਂ ਪ੍ਰਾਪਤ ਧਨ ਰਾਸ਼ੀ ਦੀ ਵੰਡ ਨੂੰ ਲੈ ਕੇ ਹੁੰਦਾ ਹੈ। ਉਹਨਾਂ ਦੀ ਵੱਖਰੀ ਜਮਾਤ ਨਹੀਂ ਹੁੰਦੀ। ਉਹ ਲੋਟੂਆਂ ਵਿੱਚ ਹੀ ਅੱਡ-ਅੱਡ ਸਮੂਹ ਹੁੰਦੇ ਹਨ।

**ਗ੍ਰਹਿਸਥੀਆਂ ਵਿੱਚ ਅੰਤਰਵਿਰੋਧ:** ਜੇ ਇਹ ਗ੍ਰਹਿਸਥੀ ਧਨ ਦੌਲਤ ਵਾਲ਼ੇ ਹੋਣ ਤਾਂ ਉਹਨਾਂ ਵਿੱਚ ਖੇਤ ਬੰਨਿਆਂ ਅਤੇ ਗੋਦਾਮਾਂ ਦੇ ਪਟੇ (ਠੇਕੇ) ਨੂੰ ਲੈ ਕੇ ਅੰਤਰਵਿਰੋਧ ਉੱਭਰ ਸਕਦੇ ਹਨ। ਜੇ ਇਹ ਗ੍ਰਹਿਸਥੀ ਗਰੀਬ ਲੋਕ ਹੋਣ ਤਾਂ ਉਹਨਾਂ ਚੀਜ਼ਾਂ ਨੂੰ ਲੈ ਕੇ ਅੰਤਰਵਿਰੋਧ ਉੱਭਰ ਸਕਦੇ ਹਨ ਜਿਨ੍ਹਾਂ ਦਾ ਉਹ ਆਪਸ ਵਿੱਚ ਉਧਾਰੀ ਲੈਣ-ਦੇਣ ਕਰਦੇ ਹਨ। ਇਹ ਅੰਤਰਵਿਰੋਧ ਜਾਂ ਤਾਂ ਧਨਾਢਪਣ ਕਾਰਣ ਪੈਦਾ ਹੁੰਦਾ ਹੈ ਜਾਂ ਗਰੀਬੀ ਕਾਰਣ।

**ਪੁੱਤਰ ਅਤੇ ਪਿਤਾ ਵਿੱਚ, ਮਾਂ ਅਤੇ ਬੇਟੇ ਵਿੱਚ ਅਤੇ ਭਾਈਆਂ-ਭੈਣਾਂ ਵਿੱਚ ਅੰਤਰਵਿਰੋਧ:** ਸਮਾਜ ਮਰਦ ਪ੍ਰਧਾਨ ਹੁੰਦਾ ਹੈ। ਪਤੀ ਅਤੇ ਉਸਦੇ ਪਰਿਵਾਰ ਦੇ ਮੈਂਬਰਾਂ ਦੀ ਪਤਨੀਆਂ 'ਤੇ ਸਰਦਾਰੀ ਚੱਲਦੀ ਹੈ। ਪੁੱਤਾਂ ਦਾ ਮਾਂ 'ਤੇ ਹੁਕਮ ਚੱਲਦਾ ਹੈ। ਭਾਈਆਂ ਦਾ ਭੈਣਾਂ 'ਤੇ ਹੁਕਮ ਚੱਲਦਾ ਹੈ। ਸੱਸ ਅਤੇ ਨੂੰਹ ਵਿਚਲਾ ਅੰਤਰਵਿਰੋਧ ਵੀ ਇਸੇ ਸ਼੍ਰੇਣੀ ਵਿੱਚ ਆਉਂਦਾ ਹੈ। ਜਿਸਦਾ ਅੰਬੇਡਕਰ ਨੇ ਜਿਕਰ ਨਹੀਂ ਕੀਤਾ। ਇਹ ਉਹ ਅੰਤਰਵਿਰੋਧ ਹਨ ਜੋ ਪਰਿਵਾਰਕ ਸਬੰਧਾਂ ਵਿੱਚ ਬਰਾਬਰੀ ਦੀ ਘਾਟ ਕਾਰਣ ਪੈਦਾ ਹੁੰਦੇ ਹਨ। ਕਿਉਂਕੀ 'ਬਰਾਬਰੀ' ਕਿਰਤ ਸਬੰਧਾਂ ਦੀ ਨੀਂਹ 'ਤੇ ਹੀ ਗੈਰ ਮੌਜੂਦ ਰਹਿੰਦੀ ਹੈ। ਇਸ

ਲਈ ਇਸ ਦਾ ਪ੍ਰਭਾਵ ਮਰਦ ਪ੍ਰਧਾਨਤਾ ਦੇ ਰੂਪ ਵਿੱਚ ਪਰਿਵਾਰਕ ਸਬੰਧਾਂ 'ਤੇ ਪਵੇਗਾ ਹੀ।

**ਮਿੱਤਰਾਂ ਵਿੱਚ ਅੰਤਰਵਿਰੋਧ**: ਇਸ ਦਾ ਅਰਥ ਹੈ ਕਿ ਦੋਨੇ ਹੀ ਮਿੱਤਰ ਜਾਂ ਉਹਨਾਂ ਵਿੱਚੋਂ ਕੋਈ ਇੱਕ ਕੁੱਝ ਸਵਾਰਥੀ ਹਿੱਤਾਂ ਲਈ ਮਿੱਤਰਤਾ ਦਾ ਵਿਵਹਾਰ ਕਰਦਾ ਹੈ। ਜਦੋਂ ਦੋਨੇ ਮਿੱਤਰ ਨਿਰਸਵਾਰਥ ਹੋਣ ਤਾਂ ਅੰਤਰਵਿਰੋਧ ਪੈਦਾ ਨਹੀਂ ਹੁੰਦਾ।

ਇਸ ਤਰ੍ਹਾਂ ਦੇ ਅੰਤਰਵਿਰੋਧਾਂ ਨੂੰ ਦਰਸਾਉਂਦੇ ਹੋਏ, ਅੰਬੇਡਕਰ ਦੱਸਦੇ ਹਨ ਕਿ 'ਬੁੱਧ ਨੇ ਜਮਾਤਾਂ ਦੀ ਹੋਂਦ ਨੂੰ ਪਛਾਣਿਆ'। ਉਹ ਕਹਿੰਦੇ ਹਨ:

"ਜਿੱਥੋਂ ਤੱਕ ਜਮਾਤੀ ਅੰਤਰਵਿਰੋਧ ਪ੍ਰਤੀ ਬੁੱਧ ਦਾ ਆਪਣਾ ਦ੍ਰਿਸ਼ਟੀਕੋਣ ਹੈ, ਤਾਂ ਉਸਦਾ ਅਸ਼ਟਾਂਗ ਮਾਰਗ ਦਾ ਸਿਧਾਂਤ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜਮਾਤੀ ਅੰਤਰਵਿਰੋਧ ਬਣਿਆ ਰਹਿੰਦਾ ਹੈ ਅਤੇ ਇਹ ਕਿ ਜਮਾਤੀ ਅੰਤਰਵਿਰੋਧ ਹੀ ਦੁੱਖਾਂ ਦਾ ਕਾਰਣ ਹੈ।" (ਪੰਨਾ 445)

ਜੇ ਬੁੱਧ ਨੇ ਜਮਾਤ ਦੀ ਹੋਂਦ ਨੂੰ ਪਛਾਣ ਲਿਆ ਸੀ ਤਾਂ ਉਸਨੇ ਕੀ ਹੱਲ ਪੇਸ਼ ਕੀਤਾ ? ਸਿਰਫ਼ ਅਸ਼ਟਾਂਗ ਮਾਰਗ, ਘੋਲ ਨਹੀਂ। ਉਸ ਨੇ ਇਹ ਦਲੀਲ ਪੇਸ਼ ਨਹੀਂ ਕੀਤੀ ਕਿ ਕੋਈ ਜਮਾਤ ਹੀ ਨਹੀਂ ਹੋਣੀ ਚਾਹੀਦੀ। ਜੇ ਇਸ ਪ੍ਰਤੀ ਸੁਚੇਤ ਹੁੰਦੇ ਹੋਏ ਵੀ ਬੁੱਧ ਨੇ ਕੋਈ ਸਹੀ ਹੱਲ ਪੇਸ਼ ਨਹੀਂ ਕੀਤਾ ਤਾਂ ਇਸਦਾ ਮਤਲਬ ਇਹ ਨਹੀਂ ਹੁੰਦਾ ਕਿ ਲੋਟੂ ਜਮਾਤ ਦਾ ਪੱਖ ਲਿਆ ?

ਇਹ ਕਲਪਨਾ ਕਰਨਾ ਔਖਾ ਹੈ ਕਿ ਅੰਬੇਡਕਰ ਦਾ ਇਹ ਸਿੱਧ ਕਰਨ ਦਾ ਯਤਨ ਕਿ ਬੁੱਧ ਨੇ ਸਭ ਕੁੱਝ ਮਾਰਕਸ ਤੋਂ ਬਹੁਤ ਪਹਿਲਾਂ ਹੀ ਕਹਿ ਦਿੱਤਾ ਸੀ ਉਸ ਨੂੰ ਕਿਸ ਸਥਿਤੀ ਤੱਕ ਲੈ ਜਾਵੇਗਾ। ਇਸ ਦੇ ਨਾਲ਼ ਹੀ ਦੂਜਾ ਨੁਕਤਾ ਖਤਮ ਹੁੰਦਾ ਹੈ।

**3. "ਜਾਇਦਾਦ ਦੀ ਨਿੱਜੀ ਮਾਲਕੀ ਇੱਕ ਜਮਾਤ ਨੂੰ ਤਾਕਤ ਦਿੰਦੀ ਹੈ ਅਤੇ ਦੂਸਰੇ ਨੂੰ ਲੁੱਟ ਦੁਆਰਾ ਦੁੱਖ":**

ਇਹ ਸਿੱਧ ਕਰਨ ਲਈ ਕਿ ਬੁੱਧ ਨੇ ਪਹਿਲਾਂ ਹੀ ਇਸ ਗੱਲ ਬਾਰੇ ਬੋਲਿਆ ਸੀ, ਅੰਬੇਡਕਰ ਨੇ ਇੱਕ ਪ੍ਰਸੰਗ ਦਾ ਵਰਨਣ ਕੀਤਾ ਹੈ।

ਬੁੱਧ ਪੋਤਥਵਾਦ ਨੂੰ ਕਹਿੰਦੇ ਹਨ:

"ਪੋਤਥਵਾਦ ! ਮੈਂ ਵਿਸਥਾਰ ਨਾਲ਼ ਦੱਸ ਦਿੱਤਾ ਹੈ ਕਿ ਸੰਤਾਪ ਅਤੇ ਦੁੱਖ ਹਮੇਸ਼ਾ ਰਹਿੰਦੇ ਹਨ। ਮੈਂ ਦੱਸ ਦਿੱਤਾ ਹੈ ਕਿ ਦੁੱਖਾਂ ਦਾ ਮੂਲ ਕੀ ਹੈ– ਤ੍ਰਿਸ਼ਣਾ। ਮੈਂ ਦੱਸ ਦਿੱਤਾ ਹੈ ਕਿ ਦੁੱਖਾਂ ਦਾ ਛੁਟਕਾਰਾ ਕੀ ਹੈ– ਤ੍ਰਿਸ਼ਣਾ ਦੀ ਅਣਹੋਂਦ। ਮੈਂ ਦੱਸ ਦਿੱਤਾ ਹੈ ਕਿ ਉਹ ਕਿਹੜੀ ਵਿਧੀ ਹੈ (ਅਸ਼ਟਾਂਗ ਮਾਰਗ) ਜਿਸ ਨਾਲ਼ ਕੋਈ ਦੁੱਖਾਂ ਦੇ ਅੰਤ ਤੱਕ ਪਹੁੰਚ ਸਕੇ।"(ਪੰਨਾ 445)

ਅੰਬੇਡਕਰ ਬੁੱਧ ਦੇ ਇਨ੍ਹਾਂ ਸ਼ਬਦਾਂ ਨੂੰ ਵਿਆਖਿਆ ਦਿੰਦੇ ਹੋਏ ਕਹਿੰਦੇ ਹਨ, "ਭਾਸ਼ਾ ਅੱਡ ਹੈ ਪਰ ਭਾਵ ਉਹੀ ਹੈ। ਜੇ ਕੋਈ ਦੁੱਖ ਦੀ ਥਾਂ 'ਤੇ ਲੁੱਟ ਪੜ੍ਹੇ ਤਾਂ ਬੁੱਧ ਮਾਰਕਸ ਤੋਂ ਦੂਰ ਨਹੀਂ।" (ਪੰਨਾ 446)

ਅੰਬੇਡਕਰ ਦੀ ਦਲੀਲ ਹੈ ਕਿ ਸਿਰਫ਼ ਭਾਸ਼ਾ ਅੱਡ ਹੈ ਪਰ ਦੋਨਾਂ ਨੇ ਜੋ ਕੁੱਝ ਕਿਹਾ, ਉਸਦਾ ਸਾਰ ਉਹੀ ਹੈ। ਉਸ ਦੇ ਅਨੁਸਾਰ ਬੁੱਧ ਜਿਸ ਦੁੱਖ ਦੀ ਗੱਲ ਕਰਦੇ ਹਨ ਅਤੇ ਮਾਰਕਸ ਜਿਸ ਕਿਰਤ ਦੀ ਲੁੱਟ ਦੀ ਗੱਲ ਕਰਦੇ ਹਨ, ਉਹ ਦੋਵੇਂ ਇੱਕੋ ਹਨ।

ਪਰ ਮਾਰਕਸ ਦੇ ਅਨੁਸਾਰ, ਕਿਰਤੀਆਂ ਦੇ ਦੁੱਖਾਂ ਦਾ ਕਾਰਣ ਮਾਲਕਾਂ ਦੀ ਜਮਾਤ ਹੈ।

ਬੁੱਧ ਦੇ ਅਨੁਸਾਰ ਸਾਰੇ ਲੋਕ ਦੁਖੀ ਹਨ। ਉਹਨਾਂ ਦੇ ਦੁੱਖਾਂ ਦਾ ਕਾਰਣ ਉਹਨਾਂ ਦੀਆਂ ਆਪਣੀਆਂ ਇੱਛਾਵਾਂ ਹਨ। ਦਾਸ ਦਾ ਦੁੱਖ ਉਹਦੀ ਆਪਣੀ ਇੱਛਾ ਦੇ ਕਾਰਣ

ਹੈ। ਅਛੂਤ ਦਾ ਦੁੱਖ ਵੀ ਉਸਦੀ ਇੱਛਾ ਦੇ ਕਾਰਣ ਹੈ।

ਇਹੀ ਉਨ੍ਹਾਂ ਦੀ ਉਸ ਟਿੱਪਣੀ ਦਾ ਅਰਥ ਹੈ ਕਿ, " ਭਾਸ਼ਾ ਅੱਡ ਹੈ ਪਰ ਭਾਵ ਉਹੀ ਹੈ।"

ਕੀ ਉਸ ਬੁੱਧ ਨੇ, ਜਿਸਨੇ ਧਨ ਦੌਲਤ ਦੇ ਬਾਰੇ ਇੰਨਾਂ ਕੁੱਝ ਕਿਹਾ, ਕਿਸੇ ਵੀ ਵਿਅਕਤੀ ਨੂੰ ਆਪਣੀ ਧਨ ਦੌਲਤ ਘੱਟ ਕਰਨ ਲਈ ਕਿਹਾ?

"ਜੇ ਤੁਸੀਂ ਆਪਣਾ ਧਨ ਘੱਟ ਕਰ ਲਵੋ ਤਾਂ ਤੁਹਾਡੇ ਟਕਰਾਅ ਘੱਟ ਹੋ ਜਾਣਗੇ ਅਤੇ ਦੁੱਖ ਖਤਮ ਹੋ ਜਾਣਗੇ। ਆਪਣੀ ਕੁੱਝ ਭੂਮੀ ਦਾ ਤਿਆਗ ਕਰ ਦੇਵੋ, ਆਪਣੇ ਦਾਸਾਂ ਨੂੰ ਮੁਕਤ ਕਰ ਦੇਵੋ"- ਕੀ ਬੁੱਧ ਨੇ ਧਨਾਢਾਂ ਨੂੰ ਇਹ ਸਲਾਹ ਦਿੱਤੀ?

"ਮੈਂ ਉਹਨਾਂ ਵਿਅਕਤੀਆਂ ਨੂੰ ਆਪਣੇ ਚੇਲਿਆਂ ਵਿੱਚ ਸ਼ਾਮਿਲ ਕਰਾਂਗਾ ਜਿਨ੍ਹਾਂ ਪਾਸ ਘੱਟੋ ਘੱਟ ਜਾਇਦਾਦ ਹੋਵੇਗੀ ਅਤੇ ਜਿਨ੍ਹਾਂ ਦੀ ਜਾਇਦਾਦ ਲਈ ਕੋਈ ਇੱਛਾ ਨਹੀਂ ਹੋਵੇਗੀ"- ਕੀ ਬੁੱਧ ਨੇ ਇਸ ਤਰ੍ਹਾਂ ਕਿਹਾ?

ਇਸ ਤਰ੍ਹਾਂ ਦਾ ਇੱਕ ਵੀ ਪ੍ਰਸੰਗ ਨਹੀਂ। ਬੁੱਧ ਨੇ ਸਿਰਫ਼ ਇਸ ਤਰ੍ਹਾਂ ਦੇ ਪ੍ਰਵਚਨ ਦਿੱਤੇ, "ਤ੍ਰਿਸ਼ਣਾ ਨਾ ਰੱਖੋ" ਪਰ ਉਸ ਨੇ ਧਨਵਾਨ ਲੋਕਾਂ ਲਈ ਕੋਈ ਝੰਜਟ ਪੈਦਾ ਨਹੀਂ ਕੀਤਾ। ਇਸਦੇ ਨਾਲ਼ ਤੀਸਰਾ ਨੁਕਤਾ ਖਤਮ ਹੁੰਦਾ ਹੈ।

**4. "ਸਮਾਜ ਦੇ ਭਲੇ ਲਈ ਇਹ ਜਰੂਰੀ ਹੈ ਕਿ ਨਿੱਜੀ ਜਾਇਦਾਦ ਦੇ ਖਾਤਮੇ ਰਾਹੀਂ ਦੁੱਖਾਂ ਨੂੰ ਖਤਮ ਕੀਤਾ ਜਾਵੇ:"**

ਅੰਬੇਡਕਰ ਦੇ ਅਨੁਸਾਰ, ਬੁੱਧ ਨੇ ਮਾਰਕਸ ਤੋਂ ਪਹਿਲਾਂ ਕਹਿ ਦਿੱਤਾ ਸੀ ਕਿ ਨਿੱਜੀ ਜਾਇਦਾਦ ਦਾ ਖਾਤਮਾ ਹੋਣਾ ਚਾਹੀਦਾ ਹੈ ਅੰਬੇਡਕਰ ਨੇ ਕਿਹਾ:

"ਚੌਥੇ ਨੁਕਤੇ ਲਈ ਕਿਸੇ ਸਬੂਤ ਦੀ ਲੋੜ ਨਹੀਂ। ਭਿਕਸ਼ੂ ਸੰਘ ਦੇ ਨਿਯਮ ਇਸ ਵਿਸ਼ੇ 'ਤੇ ਸਭ ਤੋਂ ਵਧੀਆ ਗਵਾਹ ਹਨ।" (ਪੰਨਾ 446)

ਇੱਕ ਨਿਯਮ ਹੈ ਕਿ ਭਿਕਸ਼ੂਆਂ ਨੂੰ ਅੱਠ ਚੀਜ਼ਾਂ ਤੋਂ ਵੱਧ ਕੁੱਝ ਨਹੀਂ ਰੱਖਣਾ ਚਾਹੀਦਾ। ਅੰਬੇਡਕਰ ਦੇ ਅਨੁਸਾਰ, ਇਸ ਨਿਯਮ ਦਾ ਅਰਥ ਹੈ ਕਿ ਬੁੱਧ ਨੇ ਕੋਈ ਵੀ ਨਿੱਜੀ ਜਾਇਦਾਦ ਨਾ ਰੱਖਣ ਦੀ ਸਲਾਹ ਦਿੱਤੀ ਸੀ। ਠੀਕ ਹੈ, ਪਰ ਅੱਠ ਚੀਜ਼ਾਂ ਦੀ ਵਰਤੋਂ ਕਰਨ ਵਾਲ਼ਾ ਨਿਯਮ ਕਿਸ ਦੇ ਲਈ ਲਾਗੂ ਹੁੰਦਾ ਹੈ? ਇਹ ਤਾਂ ਮਹਿਜ਼ ਭਿਕਸ਼ੂਆਂ ਦੇ ਮਾਮਲੇ ਵਿੱਚ ਲਾਗੂ ਹੁੰਦਾ ਹੈ। ਇਹ ਨਿਯਮ, ਜਿਸ ਦਾ ਭਿਕਸ਼ੂਆਂ ਨੇ ਪਾਲਣ ਕਰਨਾ ਹੈ, ਸਾਰੇ ਲੋਕਾਂ 'ਤੇ ਕਿਵੇਂ ਲਾਗੂ ਹੁੰਦਾ ਹੈ?

ਕੀ ਬੁੱਧ ਨੇ ਰਾਜਿਆਂ, ਵਪਾਰੀਆਂ ਅਤੇ ਧਨਵਾਨਾਂ ਨੂੰ ਉਹਨਾਂ ਅੱਠ ਚੀਜ਼ਾਂ ਤੋਂ ਵੱਧ ਜਾਇਦਾਦ ਨਾ ਰੱਖਣ ਦਾ ਸੁਝਾਅ ਦਿੱਤਾ ਸੀ? ਇਨ੍ਹਾਂ ਸਾਰਿਆਂ ਲਈ ਉਸਨੇ ਕੀ ਕਿਹਾ ਸੀ? ਉਸਨੇ ਰਾਜਿਆਂ ਨੂੰ ਆਪਣੇ ਸਾਮਰਾਜਾਂ 'ਤੇ ਸ਼ੋਸ਼ਣ ਕਰਨ ਦਿੱਤਾ, ਵਪਾਰੀਆਂ ਨੂੰ ਆਪਣਾ ਕਾਰੋਬਾਰ ਕਰਨ ਦਿੱਤਾ ਅਤੇ ਉਹਨਾਂ ਨੂੰ ਆਪਣੇ ਕਾਰਜ ਹੋਰ ਉਤਸ਼ਾਹ ਨਾਲ਼ ਕਰਨ ਲਈ ਕਿਹਾ। ਜਦੋਂ ਅਨਾਥਪਿੰਡਕ ਨੇ ਪੁੱਛਿਆ ਕਿ ਕੀ ਉਸ ਨੂੰ ਆਪਣੀ ਜਾਇਦਾਦ ਤਿਆਗ ਦੇਣੀ ਚਾਹੀਦੀ ਹੈ ਤਾਂ ਬੁੱਧ ਦੁਖੀ ਹੋ ਗਏ ਅਤੇ ਉਸ ਨੂੰ ਅਜਿਹਾ ਕਰਨ ਤੋਂ ਉਤਸ਼ਾਹ ਹੀਣ ਕੀਤਾ। ਬੁੱਧ ਨੇ ਕਿਹਾ ਕਿ ਵਿਅਕਤੀ ਨੂੰ ਕਮਲ ਅਤੇ ਪਾਣੀ ਦੀ ਬੂੰਦ ਵਾਂਗ ਹੋਣਾ ਚਾਹੀਦਾ ਹੈ ਅਤੇ ਜਾਇਦਾਦ ਰੱਖਣਾ ਬੁਰਾ ਨਹੀਂ ਹੈ। ਫਿਰ ਬੁੱਧ ਨੇ ਜਾਇਦਾਦ ਨਾ ਰੱਖਣ ਲਈ ਕਿਹਾ ਹੈ। ਕਿਸ ਧਨਵਾਨ ਵਿਅਕਤੀ ਨੇ ਅਜਿਹਾ ਕੀਤਾ? ਜੇ ਅਸੀਂ ਅੱਠ ਚੀਜ਼ਾਂ ਰੱਖਣ ਵਾਲ਼ੇ ਨਿਯਮ ਨੂੰ 5 ਜਾਂ 6 ਸਾਲ ਦੇ ਬੱਚੇ ਨੂੰ ਦੱਸੀਏ ਤਾਂ ਉਹ ਕਹੇਗਾ ਕਿ "ਇਹ ਸੰਨਿਆਸੀਆਂ ਲਈ ਹੈ।" ਜੇ 7 ਜਾਂ 8 ਸਾਲ ਦਾ ਬੱਚਾ ਹੋਵੇ ਤਾਂ ਉਹ ਇਹ ਵੀ ਕਹਿ ਸਕਦਾ ਹੈ ਕਿ "ਬੁੱਧ ਨੇ ਅਨਾਥਪਿੰਡਕ ਨੂੰ ਕਾਰੋਬਾਰ ਨਾ ਤਿਆਗਣ ਲਈ ਕਿਹਾ

ਸੀ।" ਕੀ ਨਹੀਂ ਕਿਹਾ ਸੀ ? ਇਹ ਗੱਲਾਂ ਇੰਨੀਆਂ ਸਧਾਰਨ ਹਨ ਕਿ ਬੱਚੇ ਵੀ ਇਨ੍ਹਾਂ 'ਤੇ ਸੋਚ ਵਿਚਾਰ ਕਰ ਸਕਦੇ ਹਨ। ਪਰ ਅੰਬੇਡਕਰ ਨੂੰ ਇਨ੍ਹਾਂ ਗੱਲਾਂ ਨਾਲ਼ ਕੋਈ ਸਰੋਕਾਰ ਨਹੀਂ। ਉਸਨੇ ਦਲੀਲ ਦਿੱਤੀ ਕਿ ਬੁੱਧ ਨੇ ਤਾਂ ਲੋਕਾਂ ਨੂੰ ਨਿੱਜੀ ਜਾਇਦਾਦ ਨਾ ਰੱਖਣ ਦੀ ਸਲਾਹ ਦਿੱਤੀ ਸੀ ਅਤੇ ਭਿਕਸ਼ੂਆਂ ਦੇ ਨਿਯਮ ਬੁੱਧ ਦੇ ਦ੍ਰਿਸ਼ਟੀਕੋਣ ਦਾ ਸਰਵੋਤਮ ਸਬੂਤ ਹਨ। ਫਿਰ ਅਨਾਥਪਿੰਡਕ ਨੂੰ ਦਿੱਤੀ ਗਈ ਬੁੱਧ ਦੀ ਸਲਾਹ ਬਾਰੇ ਕੀ ਵਿਚਾਰ ਹੈ ? ਇਹ ਕਿਸ ਗੱਲ ਦਾ ਸਬੂਤ ਹੈ ? ਜੇ ਅੱਠ ਚੀਜ਼ਾਂ ਦਾ ਨਿਯਮ ਸਾਰੇ ਲੋਕਾਂ 'ਤੇ ਲਾਗੂ ਹੋਣ ਲੱਗੇ ਤਾਂ ਉਹਨਾਂ ਭੀਖ ਮੰਗਣ ਵਾਲ਼ੇ ਭਾਂਡਿਆਂ ਵਿੱਚ ਭੀਖ ਕੌਣ ਪਾਵੇਗਾ ਜਿਨ੍ਹਾਂ ਨੂੰ ਸਾਰੇ ਲੋਕ ਲੈ ਕੇ ਚੱਲਣਗੇ ?

ਬੁੱਧ ਸੰਘ ਦੇ ਨਿਯਮਾਂ ਦਾ ਵਰਨਣ ਕਰਦੇ ਹੋਏ ਅੰਬੇਡਕਰ ਨੇ ਦੱਸਿਆ ਕਿ ਉਪਾਸਕ (ਸਧਾਰਨ ਅਨੁਯਾਈ) ਜਾਇਦਾਦ ਰੱਖ ਸਕਦੇ ਹਨ। ਉਹਨਾਂ ਨੇ ਇਹ ਵੀ ਕਿਹਾ ਕਿ ਬੁੱਧਵਾਦ ਨੇ ਸ਼ੂਦਰਾਂ ਅਤੇ ਇਸਰਤੀਆਂ ਨੂੰ ਜਾਇਦਾਦ ਦਿਵਾਉਣ ਲਈ ਮਹਾਨ ਮੌਕੇ ਮੁਹੱਈਆ ਕਰਵਾਏ ਪਰ ਇੱਥੇ ਉਹ ਕਹਿੰਦੇ ਹਨ ਕਿ ਬੁੱਧਵਾਦ ਨਿੱਜੀ ਜਾਇਦਾਦ ਦੀ ਮਨਾਹੀ ਕਰਦਾ ਹੈ।

ਇਨ੍ਹਾਂ ਅਜੀਬ ਅਤੇ ਧਿੰਗੋ ਜੋਰੀ ਵਾਲ਼ੇ ਤਰਕਾਂ ਨੂੰ ਕੋਈ ਕਿਵੇਂ ਸਮਝ ਸਕਦਾ ਹੈ ? ਹੋਰ ਤਾਂ ਹੋਰ, ਜੇ ਅਸੀਂ ਭਿਕਸ਼ੂਆਂ 'ਤੇ ਹੀ ਵਿਚਾਰ ਕਰੀਏ ਤਾਂ ਪਤਾ ਚੱਲਦਾ ਹੈ ਕਿ ਉਹ ਵਿਅਕਤੀਗਤ ਰੂਪ ਵਿੱਚ ਜਾਇਦਾਦ ਨਹੀਂ ਰੱਖ ਸਕਦੇ ਪਰ ਕਿਸੇ ਸੀਮਾ ਤੱਕ ਸਮੂਹਿਕ ਜਾਇਦਾਦ ਰੱਖ ਸਕਦੇ ਹਨ। ਉਹ ਸਮੂਹਿਕ ਪ੍ਰਸ਼ਾਦ, ਫੁੱਲ ਵਾਟਿਕਾਵਾਂ-ਵਿਹਾਰ ਵਾਟਿਕਾਵਾਂ ਆਦਿ ਸਾਰਾ ਕੁੱਝ ਸਮੂਹਿਕ ਰੂਪ ਵਿੱਚ ਰੱਖ ਸਕਦੇ ਹਨ। ਭਿਕਸ਼ੂ ਧਨੀਆਂ ਦੇ ਘਰਾਂ ਵਿੱਚ ਮੱਛੀ ਅਤੇ ਮਾਸ ਦੇ ਪ੍ਰੀਤੀਭੋਜਾਂ ਦਾ ਅਨੰਦ ਤੱਕ ਲੈ ਸਕਦੇ ਹਨ। ਜਦੋਂ ਤੱਕ ਉਹ ਖੁਦ "ਬੱਸ ! ਬੱਸ !" ਨਾ ਕਹਿਣ। ਉਹ ਦਿਨ ਵਿੱਚ ਇੱਕ ਘੰਟੇ ਲਈ ਵੀ ਕੰਮ ਕੀਤੇ ਬਿਨਾਂ ਵਿਹਲੇ ਰਹਿ ਸਕਦੇ ਹਨ। ਕੀ ਇਹ ਸਭ ਜਾਇਦਾਦ ਭੋਗ ਨਹੀਂ ? ਕੇਵਲ ਅੱਠ ਚੀਜ਼ਾਂ ਰੱਖਣ ਦਾ ਨਿਯਮ ਇੱਕ ਵਿਖਾਵਾ ਹੈ। ਅਸਲੀ ਸਾਰ ਤਾਂ ਹੈ ਭੋਗ ਵਿਲਾਸ !

ਇਹ ਦਾਅਵਾ ਕਰਦੇ ਹੋਏ ਕਿ ਬੁੱਧ ਨੇ ਜਾਇਦਾਦ ਬਾਰੇ ਸਖਤ ਨਿਯਮ ਬਣਾਏ, ਅੰਬੇਡਕਰ ਨੇ ਟਿੱਪਣੀ ਕੀਤੀ:

"ਇਹ ਨਿਯਮ ਉਹਨਾਂ ਨਿਯਮਾਂ ਦੀ ਤੁਲਨਾ ਵਿੱਚ ਜ਼ਿਆਦਾ ਕਠੋਰ ਹਨ ਜੋ ਰੂਸ ਦੇ ਸਾਮਵਾਦ ਵਿੱਚ ਪਾਏ ਜਾਂਦੇ ਹਨ।" (ਪੰਨਾ 447)

ਇੱਥੇ ਰੂਸ ਦੇ ਸਾਮਵਾਦ ਬਾਰੇ ਚਰਚਾ ਕਰਨੀ ਅਪ੍ਰਸੰਗਿਕ ਹੋਵੇਗੀ। ਜੇ ਅਸੀਂ ਬੁੱਧ ਅਤੇ ਮਾਰਕਸ ਦੀ ਤੁਲਨਾ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਦੋਹਾਂ ਵਿਅਕਤੀਆਂ ਦੇ ਸ਼ਬਦਾਂ ਦੀ ਹੀ ਪਰਖ-ਪੜਚੋਲ ਕਰਨੀ ਹੋਵੇਗੀ, ਨਾ ਕਿ ਉਹਨਾਂ ਦੇ ਨਾਮ 'ਤੇ ਕਹੇ ਗਏ ਦੂਜਿਆਂ ਦੇ ਸ਼ਬਦਾਂ ਦੀ।

ਮਾਰਕਸ ਕਹਿੰਦੇ ਹਨ ਕਿ, "ਲੁੱਟ 'ਤੇ ਅਧਾਰਿਤ ਨਿੱਜੀ ਜਾਇਦਾਦ ਨਹੀਂ ਹੋਣੀ ਚਾਹੀਦੀ।" ਕੀ ਬੁੱਧ ਨੇ ਵੀ ਇਹੀ ਗੱਲ ਕਹੀ ? ਅਜਿਹਾ ਨਹੀਂ ਹੈ। ਬੁੱਧ ਨੇ ਅਜਿਹਾ ਨਹੀਂ ਕਿਹਾ ਸੀ। ਜਾਇਦਾਦ ਬਾਰੇ ਉਸਦਾ ਨਿਯਮ ਸਿਰਫ਼ ਭਿਕਸ਼ੂਆਂ 'ਤੇ ਲਾਗੂ ਹੁੰਦਾ ਹੈ। ਦੂਸਰਿਆਂ 'ਤੇ ਨਹੀਂ ! ਅਜਿਹੀ ਸਥਿਤੀ ਵਿੱਚ ਅੰਬੇਡਕਰ ਇਹ ਕਿਵੇਂ ਕਹਿ ਸਕਦੇ ਹਨ ਕਿ ਬੁੱਧ ਦੇ ਨਿਯਮ ਸਾਮਵਾਦ ਦੇ ਨਿਯਮਾਂ ਤੋਂ ਜ਼ਿਆਦਾ ਕਠੋਰ ਹਨ। ਉਹ ਕਿਸ ਅਧਾਰ 'ਤੇ ਇਹ ਤਰਕ ਦੇ ਸਕਦੇ ਹਨ ਕਿ ਜਾਇਦਾਦ ਦੇ ਸਬੰਧ ਵਿੱਚ ਮਾਰਕਸ ਅਤੇ ਬੁੱਧ ਦਾ ਦ੍ਰਿਸ਼ਟੀਕੋਣ ਇੱਕ ਹੈ ? ਇਹ ਸਮਝ ਪਾਉਣਾ ਬਹੁਤ ਮੁਸ਼ਕਲ ਹੈ ਕਿ ਅੰਬੇਡਕਰ ਦੀ ਮੱਤ (ਕਾਮਨਸੈਂਸ) ਨੂੰ ਕੀ ਹੋ ਗਿਆ ?

ਹੁਣ ਤੱਕ ਜੋ ਅਸੀਂ ਜਾਂਚਿਆ-ਪਰਖਿਆ ਹੈ ਉਹ ਇਸ ਤਰ੍ਹਾਂ ਹੈ:

ਅੰਬੇਡਕਰ ਨੇ ਪਹਿਲਾਂ ਇਹ ਸਿੱਟਾ ਕੱਢਿਆ ਕਿ ਮਾਰਕਸ ਦੇ ਸਿਧਾਂਤ ਵਿੱਚ ਚਾਰ ਗੱਲਾਂ ਅਜਿਹੀਆਂ ਹਨ ਜੋ ਮਹੱਤਵਪੂਰਣ ਹਨ। ਬਾਅਦ ਵਿੱਚ ਉਹਨਾਂ ਨੇ ਦੰਦ-ਕਥਾਵਾਂ ਦੇ ਸਹਾਰੇ ਇਹ ਦੱਸਣ ਦਾ ਯਤਨ ਕੀਤਾ ਕਿ ਬੁੱਧ ਨੇ ਖੁਦ ਉਹਨਾਂ ਚਾਰ ਗੱਲਾਂ ਨੂੰ ਮਾਰਕਸ ਤੋਂ ਬਹੁਤ ਪਹਿਲਾਂ ਕਹਿ ਦਿੱਤਾ ਸੀ। ਪਰ ਉਹਨਾਂ ਦੇ ਯਤਨ ਸਫਲ ਨਹੀਂ ਹੋਏ।

ਅੰਬੇਡਕਰ ਨੇ ਇਸ ਤੱਥ ਨੂੰ ਨਹੀਂ ਸਮਝਿਆ ਕਿ ਉਸਦੇ ਯਤਨ ਅਸਫਲ ਹੋ ਗਏ। ਉਹ ਉਤਸ਼ਾਹਪੂਰਵਕ ਇਹ ਸੋਚਦੇ ਹੋਏ ਅੱਗੇ ਵਧਦੇ ਗਏ ਕਿ ਉਸਨੇ ਸਫਲਤਾਪੂਰਵਕ ਆਪਣੇ ਉਸ ਦਾਅਵੇ ਨੂੰ ਸਿੱਧ ਕਰ ਦਿੱਤਾ ਕਿ ਬੁੱਧ ਨੇ ਵੀ ਮਾਰਕਸ ਦੀ ਹੀ ਤਰ੍ਹਾਂ ਸਾਮਵਾਦ ਦੀ ਗੱਲ ਕੀਤੀ ਸੀ।

ਬੁੱਧ ਦੇ ਸੰਦਰਭ ਵਿੱਚ 'ਸਮਾਜਵਾਦ' ਅਤੇ 'ਸਾਮਵਾਦ' ਜਿਹੇ ਸ਼ਬਦ ਦੀ ਵਰਤੋਂ ਕਰਦੇ ਸਮੇਂ ਅੰਬੇਡਕਰ ਨੇ ਸਿੱਟਾ ਕੱਢ ਲਿਆ ਕਿ ਬੁੱਧ ਨੇ ਵੀ ਉਸੇ ਤਰ੍ਹਾਂ ਸਾਮਵਾਦ ਪ੍ਰਸਤਾਵਿਤ ਕੀਤਾ ਸੀ ਜਿਸ ਤਰ੍ਹਾਂ ਦਾ ਮਾਰਕਸ ਨੇ ਕੀਤਾ। ਇਸ ਨਾਲ਼ ਅੰਬੇਡਕਰ ਨੇ ਇਹ ਸਿੱਧ ਕਰਨ ਦੇ ਯਤਨ ਸ਼ੁਰੂ ਕਰ ਦਿੱਤੇ ਕਿ 'ਦੋਨਾਂ ਨੇ ਸਾਮਵਾਦ ਦੀ ਗੱਲ ਕੀਤੀ ਸੀ; ਪਰ ਇਸ ਨੂੰ ਹਾਸਿਲ ਕਰਨ ਲਈ ਮਾਰਕਸ ਦੀ ਤੁਲਨਾ ਵਿੱਚ ਬੁੱਧ ਦਾ ਮਾਰਗ ਸ਼੍ਰੇਸ਼ਟ ਹੈ।'

**4. ਕਿਸਦਾ ਮਾਰਗ ਬਿਹਤਰ ਹੈ ?**

ਹੁਣ ਸਮੁੱਚੀ ਚਰਚਾ ਸਾਮਵਾਦ ਪ੍ਰਾਪਤ ਕਰਨ ਦੇ ਸਾਧਨਾਂ ਭਾਵ ਮਾਰਗ ਦੇ ਸਬੰਧ ਵਿੱਚ ਕਰਦੇ ਹਾਂ। ਪਹਿਲਾਂ ਉਸਨੇ ਬੁੱਧ ਦਾ ਮਾਰਗ ਦਿਖਾਇਆ ਅਤੇ ਬਾਅਦ ਵਿੱਚ ਮਾਰਕਸ ਦਾ।

ਇਸ ਤੋਂ ਪਹਿਲਾਂ ਕਿ ਅਸੀਂ ਇਹ ਜਾਂਚ ਕਰਨੀ ਸ਼ੁਰੂ ਕਰੀਏ ਕਿ ਕਿਹੜਾ ਮਾਰਗ ਵਧੀਆ ਹੈ, ਅਸੀਂ ਇੱਕ ਗੱਲ ਦਾ ਵਰਨਣ ਜਰੂਰੀ ਸਮਝਦੇ ਹਾਂ। ਮਾਰਕਸਵਾਦੀ ਸਿਧਾਂਤ ਦੇ ਸੂਤਰਪਾਤ ਦੇ 60 ਸਾਲਾਂ ਬਾਅਦ ਹੀ ਮਾਰਕਸ ਦੇ ਮਾਰਗ 'ਤੇ ਚੱਲਦੇ ਹੋਏ ਦੋ ਦੇਸ਼ਾਂ ਵਿੱਚ ਸਾਮਵਾਦ ਦੀ ਦਿਸ਼ਾ ਵਿੱਚ ਵਧਣਾ ਸ਼ੁਰੂ ਹੋ ਗਿਆ। ਇਨ੍ਹਾਂ ਲਹਿਰਾਂ ਨੂੰ ਅਸਥਾਈ ਤੌਰ 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਹੈ ! ਉਹਨਾਂ ਨੇ ਅਨੇਕ ਗਲਤੀਆਂ ਵੀ ਕੀਤੀਆਂ ਹੋਣਗੀਆਂ। ਪਰ ਇਹ ਅੱਡ ਮੁੱਦਾ ਹੈ। ਮੁੱਖ ਗੱਲ ਹੈ ਕਿ ਸੰਸਾਰ ਦੇ ਕਈ ਹਿੱਸਿਆਂ ਵਿੱਚ ਸਮਾਜ ਨੂੰ ਬਦਲਣ ਦੀ ਦਿਸ਼ਾ ਵੱਲ ਮਾਰਕਸ ਦੇ ਰਸਤੇ 'ਤੇ ਘੱਟੋ-ਘੱਟ ਸ਼ੁਰੂਆਤੀ ਕਦਮ ਉੱਠਣੇ ਸ਼ੁਰੂ ਹੋ ਗਏ। ਪਰ 2500 ਸਾਲਾਂ ਬਾਅਦ ਹੀ ਅਜਿਹੇ ਸਾਮਵਾਦ ਦੀ ਦਿਸ਼ਾ ਵੱਲ ਕਿਸੇ ਇੱਕ ਵੀ ਦੇਸ਼ ਨੇ ਅਜਿਹੇ ਯਤਨ ਨਹੀਂ ਕੀਤੇ ਜੋ ਬੁੱਧ ਦੇ ਅਸ਼ਟਾਂਗ ਮਾਰਗ ਦੇ ਧਾਰਨੀ ਹੋਣ। ਕੀ ਅੰਬੇਡਕਰ ਇਸ ਤੱਥ ਤੋਂ ਜਾਣੂ ਨਹੀਂ ? ਉਹ ਜਰੂਰ ਜਾਣੂ ਹਨ ਪਰ ਇਹ ਉਹਨਾਂ ਦਾ ਅਤਿ-ਆਤਮਵਿਸ਼ਵਾਸ ਹੈ ਕਿ ਸਾਨੂੰ ਇਸ ਤੱਥ 'ਤੇ ਵਿਚਾਰ ਕਰਨ ਦੀ ਲੋੜ ਨਹੀਂ ਅਤੇ ਇਹ ਵੀ ਕਿ ਅਸ਼ਟਾਂਗ ਮਾਰਗ ਦੁਆਰਾ ਹੀ ਸਾਮਵਾਦ ਸੰਭਵ ਹੋਵੇਗਾ। ਉਹਨਾਂ ਨੂੰ ਇਸਦਾ ਕੋਈ ਅਨੁਮਾਨ ਨਹੀਂ ਹੈ- 'ਜਦੋਂ 2500 ਸਾਲਾਂ ਬਾਅਦ ਵੀ ਇਹ ਨਹੀਂ ਹੋਇਆ ਤਾਂ ਫਿਰ ਕਦੋਂ ਹੋਵੇਗਾ ?' ਉਹ ਇਸ ਪ੍ਰਸ਼ਨ ਦਾ ਉੱਤਰ ਦੇਣ ਦੀ ਕੋਈ ਲੋੜ ਹੀ ਨਹੀਂ ਸਮਝਦੇ ਕਿਉਂਕੀ ਉਹਨਾਂ ਕੋਲ ਪ੍ਰਸ਼ਨ ਹੀ ਨਹੀਂ ਹੈ।

ਹੁਣ 'ਸਾਧਨ' ਜਾਂ 'ਮਾਰਗ' ਨਾਲ਼ ਸਬੰਧਿਤ ਚਰਚਾ ਸ਼ੁਰੂ ਹੁੰਦੀ ਹੈ, ਜੋ ਇਸ ਤਰ੍ਹਾਂ ਹੈ:

**1. ਸਾਮਵਾਦ ਹਾਸਿਲ ਕਰਨ ਦੇ ਬੁੱਧ ਦੇ ਸਾਧਨ**

"ਬੁੱਧ ਨੇ ਸਾਮਵਾਦ ਲਿਆਉਣ ਲਈ ਜਿਨ੍ਹਾਂ ਸਾਧਨਾਂ ਦੀ ਤਜਵੀਜ ਕੀਤੀ, ਉਹ ਬਿਲਕੁਲ ਨਿਸ਼ਚਿਤ ਸਨ। ਇਨ੍ਹਾਂ ਸਾਧਨਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ

ਸਕਦਾ ਹੈ।" (ਪੰਨਾ 447)

ਅਸੀਂ ਕਈ ਵਾਰ ਦੇਖਿਆ ਹੈ ਕਿ ਇਹ ਤਿੰਨੋ ਭਾਗ ਅਸਲ ਵਿੱਚ ਕੀ ਹਨ:

ਸ਼ੁੱਧਤਾ, ਨੀਤੀਗੁਣ ਅਤੇ ਸਦਗੁਣ ਅਰਥਾਤ ਪੰਚਸ਼ੀਲ, ਅਸ਼ਟਾਂਗ ਮਾਰਗ ਅਤੇ ਪਰਾਮਿਤ!

ਅੰਬੇਡਕਰ ਨੇ ਇਨ੍ਹਾਂ ਤਿੰਨ ਭਾਗਾਂ ਦੀ ਵਿਆਖਿਆ ਕਰਦੇ ਹੋਏ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਉਹੀ ਮਾਰਗ ਹੈ ਜਿਸ ਨਾਲ਼ ਸਾਮਵਾਦ ਹਾਸਿਲ ਕੀਤਾ ਜਾ ਸਕਦਾ ਹੈ। ਇਸ ਦਾ ਅਰਥ ਇਹ ਹੈ ਕਿ ਅੰਬੇਡਕਰ ਵੀ ਸਾਮਵਾਦ ਚਾਹੁੰਦੇ ਹਨ। ਇਹ ਤਾਂ ਹੈਰਾਨੀਜਨਕ ਗੱਲ ਹੈ!

ਭਾਵੇਂ ਅਸੀਂ ਬੁੱਧਵਾਦ ਬਾਰੇ ਜਾਣਦੇ ਹਾਂ, ਫਿਰ ਵੀ ਸਾਮਵਾਦ ਦੇ ਹਿੱਤ ਵਿੱਚ ਸਾਨੂੰ ਦੁਬਾਰਾ ਇਸ ਨੂੰ ਠਰ੍ਹੰਮੇ ਨਾਲ਼ ਵੇਖਣਾ ਪਵੇਗਾ। ਜੇ ਸਿਰਫ਼ ਚਰਚਾ ਦਾ ਉਦੇਸ਼ ਹੈ, ਤਾਂ ਵੀ ਸਾਨੂੰ ਸਾਵਧਾਨੀ ਨਾਲ਼ ਇਹਦਾ ਦੁਬਾਰਾ ਨਿਰੀਖਣ ਕਰਨਾ ਪਵੇਗਾ।

ਅੰਬੇਡਕਰ ਨੇ ਕਿਹਾ ਕਿ ਸਾਨੂੰ ਬੁੱਧ ਮਾਰਗ ਨੂੰ ਤਿੰਨ ਭਾਗਾਂ ਵਿੱਚ ਵੰਡਣਾ ਪਵੇਗਾ, "ਭਾਗ ਇੱਕ ਪੰਚਸ਼ੀਲ ਦਾ ਪਾਲਣ ਕਰਨ ਬਾਰੇ ਵਿੱਚ ਹੈ।" (ਪੰਨਾ 447)

ਅੰਬੇਡਕਰ ਨੇ ਇਸ ਮਾਰਗ ਦਾ ਹੇਠ ਲਿਖੇ ਅਨੁਸਾਰ ਖ਼ੁਲਾਸਾ ਕੀਤਾ:

ਬੁੱਧਵਾਦ ਇੱਕ 'ਨਵੀਨ ਸੂਖਮ ਸੰਦੇਸ਼' ਹੈ। ਇਸ ਦਾ ਅਧਾਰ ਇਹ ਹੈ ਕਿ ਸੰਸਾਰ ਦੁੱਖ ਅਤੇ ਚਿੰਤਾ ਨਾਲ਼ ਭਰਿਆ ਹੋਇਆ ਹੈ। ਇਸ ਤੱਥ ਦਾ ਪੂਰਨ ਗਿਆਨ ਹੀ ਉਹ ਮਾਰਗ ਹੈ ਜੋ ਮੁਕਤੀ ਪ੍ਰਦਾਨ ਕਰਦਾ ਹੈ।

ਇੰਨਾਂ ਕਹਿਣ ਤੋਂ ਬਾਅਦ, ਅੰਬੇਡਕਰ ਨੇ ਇਹ ਟਿੱਪਣੀ ਕੀਤੀ ਕਿ ਦੁੱਖਾਂ ਦੇ ਦੋ ਕਾਰਣ ਹੁੰਦੇ ਹਨ।

1. "ਮਨੁੱਖ ਦੇ ਦੁੱਖ ਅਤੇ ਸੰਤਾਪ ਦਾ ਇੱਕ ਅੰਸ਼ ਉਸਦੇ ਖੁਦ ਦੇ ਬੁਰੇ ਕਰਮਾਂ ਦਾ ਸਿੱਟਾ ਹੁੰਦਾ ਹੈ"। (ਪੰਨਾ 447)

ਇਸ ਪ੍ਰਵਚਨ ਅਨੁਸਾਰ, ਕਿਸੇ ਦਾਸ ਦੇ ਦੁੱਖਾਂ ਦਾ ਕਾਰਣ ਉਸਦੇ ਬੁਰੇ ਕਰਮ ਹਨ। ਕਿਸੇ ਅਛੂਤ ਦੇ ਦੁਖਾਂ ਦੇ ਕਾਰਣ ਵੀ ਉਸਦੇ ਬੁਰੇ ਕਰਮ ਹਨ। ਠੀਕ ਹੈ, ਫਿਰ ਹੁਣ ਤੱਕ ਅਛੂਤਾਂ ਨੇ ਵਿਚਾਰੇ ਹਿੰਦੂਆਂ 'ਤੇ ਕਿਉਂ ਦੋਸ਼ ਲਾਇਆ? ਘੱਟੋ ਘੱਟ, ਹਿੰਦੂਆਂ ਤੋਂ ਮਾਫ਼ੀ ਤਾਂ ਮੰਗੋ। ਉਹਨਾਂ ਨੂੰ ਕਹੋ, "ਇਹ ਸਾਡੇ ਬੁਰੇ ਕਰਮ ਹਨ ਜੋ ਦੁੱਖ ਅਤੇ ਕਸ਼ਟ ਵਿੱਚ ਤਬਦੀਲ ਹੋਏ। ਤੁਸੀਂ ਲੋਕਾਂ ਨੇ ਸਾਡਾ ਕੁੱਝ ਵੀ ਬੁਰਾ ਨਹੀਂ ਕੀਤਾ।"

ਇਸ ਤੋਂ ਇਲਾਵਾ, ਅਛੂਤਾਂ ਨੂੰ ਇਹ ਐਲਾਨ ਕਰਨਾ ਚਾਹੀਦਾ ਹੈ ਕਿ ਰਿਜ਼ਰਵੇਸ਼ਨ ਜਰੂਰੀ ਨਹੀਂ। ਕਿਉਂਕੀ ਜਦੋਂ ਸਿਰਫ਼ ਉਹਨਾਂ ਦੇ ਆਪਣੇ ਬੁਰੇ ਕਰਮ ਹੀ ਕਸ਼ਟਾਂ ਵਿੱਚ ਤਬਦੀਲ ਹੋਏ ਹਨ ਤਾਂ ਹੱਲ ਉਹਨਾਂ ਦੇ 'ਕਰਮਾਂ' ਨੂੰ ਬਦਲਣ ਵਿੱਚ ਪਿਆ ਹੈ। ਇਸ ਲਈ ਉਹ ਰਿਜ਼ਰਵੇਸ਼ਨ ਦੀ ਮੰਗ ਕਿਵੇਂ ਕਰ ਸਕਦੇ ਹਨ? ਜਦੋਂ ਸਾਰਾ ਦੋਸ਼ ਹੀ ਬੁਰੇ ਕਰਮਾਂ ਦਾ ਹੈ, ਤਾਂ ਹੋਰ ਹੱਲ ਲੱਭਣ ਦਾ ਕੀ ਫਾਇਦਾ?

ਖੁਦ ਅੰਬੇਡਕਰ ਸਭ ਤੋਂ ਪਹਿਲਾਂ ਬੁਰੇ ਕਰਮਾਂ ਨੂੰ ਬਦਲਣ ਲਈ ਹੇਠ ਲਿਖੇ ਪੰਚਸ਼ੀਲ ਦਾ ਸੁਝਾਅ ਦਿੰਦੇ ਹਨ। ਦਾਅਵੇ ਨਾਲ਼ ਉਹਨਾਂ ਦੇ ਕਸ਼ਟ ਦੂਰ ਹੋ ਜਾਣਗੇ। ਇਸ ਲਈ ਅਛੂਤਾਂ ਨੂੰ ਅਜਿਹਾ ਹੀ ਕਰਨਾ ਚਾਹੀਦਾ ਹੈ। ਇੱਥੇ ਅੰਬੇਡਕਰ ਨੇ ਪੰਚਸ਼ੀਲ ਬਾਰੇ ਕੁੱਝ ਨਵਾਂ ਦੱਸਿਆ ਇਹ ਬਿਹਤਰ ਹੋਵੇਗਾ ਕਿ ਇਸ ਨੂੰ ਪੜ੍ਹਣ ਤੋਂ ਬਾਅਦ ਇਸ ਦਾ ਪਾਲਣ ਕੀਤਾ ਜਾਵੇ ਅਤੇ ਪੁਰਾਣੇ ਅਨੁਭਵ ਨਾਲ਼ ਮਿਲਾਇਆ ਜਾਵੇ।

1. "ਕਿਸੇ ਵੀ ਜੀਵ ਦਾ ਵਿਨਾਸ਼ ਕਰਨ ਅਤੇ ਉਸਦੇ ਵਿਨਾਸ਼ ਲਈ ਹਲਾਤ ਪੈਦਾ ਕਰਨ ਤੋਂ ਦੂਰ ਰਹਿਣਾ।"

(ਠੀਕ ਹੈ, ਇਹ ਚੰਗੇ ਸ਼ਬਦ ਹਨ! ਪਰ ਬੁੱਧ ਅਤੇ ਉਸਦੇ ਚੇਲੇ ਮਾਸ ਕਿਉਂ ਖਾਂਦੇ ਸਨ ਅਤੇ ਇਸ ਤਰ੍ਹਾਂ ਉਹ ਜੀਵਤ ਪਸ਼ੂਆਂ ਦੇ ਵਿਨਾਸ਼ ਵਿੱਚ ਹਿੱਸੇਦਾਰ ਕਿਉਂ ਹੁੰਦੇ ਸਨ? ਓਹ! ਉਹ ਅਜਿਹਾ ਕਰਦੇ ਸਨ ਪਰ ਅਸੀਂ ਅਜਿਹਾ ਨਹੀਂ ਕਰ ਸਕਦੇ! ਹੁਣ ਗੱਲ ਸਪੱਸ਼ਟ ਹੋ ਗਈ!)

2. "ਚੋਰੀ ਕਰਨ ਤੋਂ ਪਰਹੇਜ ਕਰਨਾ ਅਰਥਾਤ ਧੋਖੇ ਦੁਆਰਾ ਜਾਂ ਹਿੰਸਾ ਰਾਹੀਂ ਦੂਸਰੇ ਦੀ ਜਾਇਦਾਦ ਹੜੱਪਣ ਜਾਂ ਰੱਖਣ ਤੋਂ ਦੂਰ ਰਹਿਣਾ।"

(ਦੂਸਰੇ ਦੀ ਜਾਇਦਾਦ! ਅਰਥਾਤ ਜਾਇਦਾਦ ਉਸਦੀ ਹੁੰਦੀ ਹੈ, ਜਿਸ ਦਾ ਇਸ 'ਤੇ ਕਬਜ਼ਾ ਹੁੰਦਾ ਹੈ। ਜੋ ਜਾਇਦਾਦ ਰਾਜੇ ਦੇ ਕਬਜ਼ੇ ਵਿੱਚ ਹੁੰਦੀ ਹੈ, ਉਹ ਰਾਜੇ ਦੀ ਹੁੰਦੀ ਹੈ। ਜੋ ਮੰਤਰੀ ਦੇ ਕਬਜ਼ੇ ਵਿੱਚ ਹੁੰਦੀ ਹੈ, ਉਹ ਮੰਤਰੀ ਦੀ ਹੁੰਦੀ ਹੈ। ਬਿਲਕੁਲ ਦਰੁਸਤ। ਪਰ ਅੰਬੇਡਕਰ ਤਾਂ ਦਲੀਲ ਇਹ ਦੇ ਰਹੇ ਹਨ ਕਿ ਬੁੱਧ ਨੇ ਇਹ ਉਪਦੇਸ਼ ਦਿੱਤਾ ਸੀ ਕਿ ਕੋਈ ਵੀ ਨਿੱਜੀ ਜਾਇਦਾਦ ਨਹੀਂ ਹੋਣੀ ਚਾਹੀਦੀ। ਇਹ ਬਹੁਤ ਅਜੀਬ ਬੁਝਾਰਤ ਹੈ ਕਿ ਜੇ ਵਿਅਕਤੀਗਤ ਕਬਜ਼ੇ ਵਾਲ਼ੀ ਜਾਇਦਾਦ ਸਿਰਫ਼ ਅੱਡ-ਅੱਡ ਲੋਕਾਂ ਦੀ ਹੀ ਜਾਇਦਾਦ ਹੈ, ਤਾਂ ਉਹੀ ਜਾਇਦਾਦ ਉਹਨਾਂ ਕੋਲ ਨਿੱਜੀ ਜਾਇਦਾਦ ਦੇ ਰੂਪ ਵਿੱਚ ਕਿਉਂ ਨਹੀਂ ਰਹਿ ਸਕਦੀ?)

3. "ਝੂਠ ਬੋਲਣ ਤੋਂ ਸਦਾ ਦੂਰ ਰਹਿਣਾ।"

(ਬੁੱਧ ਨੇ ਕਿਉਂ ਝੂਠ ਬੋਲਿਆ? ਉਦਾਹਰਣ ਲਈ, 'ਪ੍ਰਕਿਰਤੀ' ਨਾਂ ਦੀ ਕਹਾਣੀ ਵਿੱਚ।)

4. "ਇੱਛਾਵਾਂ ਤੋਂ ਦੂਰ ਰਹਿਣਾ।"

(ਕੀ ਸਾਰੇ ਤਰ੍ਹਾਂ ਦੀਆਂ ਇੱਛਾਵਾਂ ਤੋਂ ਦੂਰ ਰਹਿਣਾ, ਜਾਂ ਗਿਆਨ, ਤੋਹਫ਼ੇ, ਪ੍ਰੀਤੀਭੋਜਾਂ ਦੀ ਇੱਛਾ ਨੂੰ ਛੱਡ ਕੇ? ਉਹ ਵੀ, ਕੀ ਬੁੱਧ ਤੋਂ ਇਲਾਵਾ ਬਾਕੀ ਸਾਰੇ ਲੋਕਾਂ ਨੂੰ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ?)

5. "ਨਸ਼ੀਲੇ ਪਦਾਰਥਾਂ ਦੇ ਸੇਵਨ ਤੋਂ ਦੂਰ ਰਹਿਣਾ।"

(ਕਿੰਨੀ ਦੂਰੀ ਰੱਖਣੀ ਚਾਹੀਦੀ ਹੈ? ਉਹਨਾਂ ਧਨਵਾਨਾਂ ਦੀ ਸਨਮਾਨਜਨਕ ਮੰਡਲੀ ਤੋਂ ਕਿੰਨਾ ਦੂਰ ਬੈਠਣਾ ਚਾਹੀਦਾ ਹੈ ਜੋ ਨਸ਼ੇ ਲੈਂਦੇ ਹਨ?)

ਆਪਣੇ ਬੁਰੇ ਕਰਮਾਂ ਨੂੰ ਬਦਲਣ ਲਈ ਅਤੇ ਦੁੱਖਾਂ ਤੋਂ ਮੁਕਤ ਹੋਣ ਲਈ, ਸਭ ਤੋਂ ਪਹਿਲਾਂ ਇਹਨਾਂ ਪੰਜ ਸਿਧਾਂਤਾਂ ਦਾ ਪਾਲਣ ਕਰਨਾ ਚਾਹੀਦਾ ਹੈ।

ਗ਼ਮ ਅਤੇ ਦੁੱਖ ਦੇ ਕੁੱਲ ਮਿਲਾਕੇ ਦੋ ਕਾਰਣ ਹਨ। ਪਹਿਲਾ ਕਾਰਣ ਤਾਂ ਦੇਖ ਲਿਆ ਹੁਣ ਦੂਸਰਾ ਕਾਰਣ ਦੇਖਦੇ ਹਾਂ।

2. "ਸੰਸਾਰ ਵਿੱਚ, ਸਦਮੇ ਅਤੇ ਦੁੱਖ ਦਾ ਇੱਕ ਅੰਸ਼ ਬੁੱਧ ਦੇ ਅਨੁਸਾਰ ਮਨੁੱਖ ਦੀ ਮਨੁੱਖ ਪ੍ਰਤੀ ਅਸਮਾਨਤਾ ਦਾ ਨਤੀਜਾ ਹੈ।"

ਮਾਲਕ ਆਪਣੇ ਨੌਕਰ ਨਾਲ਼ ਬਰਾਬਰੀ ਵਾਲ਼ਾ ਵਿਵਹਾਰ ਕਰਨ ਦੀ ਥਾਂ, ਉਸ ਨੂੰ ਛੋਟਾ ਵਿਅਕਤੀ ਸਮਝਦਾ ਹੈ। ਦਾਸ ਦੁਖੀ ਹੁੰਦਾ ਹੈ ਅਤੇ ਮਾਲਕ ਖ਼ੁਸ਼ ਹੁੰਦਾ ਹੈ। ਦਾਸ ਵੀ ਆਪਣੇ ਮਾਲਕ ਨੂੰ ਬਰਾਬਰ ਨਾ ਸਮਝਣ ਦੀ ਥਾਂ ਸ਼੍ਰੇਸ਼ਟ ਵਿਅਕਤੀ ਸਮਝਦਾ ਹੈ। ਇਸ ਕਾਰਣ ਵੀ ਦਾਸ ਦੁਖੀ ਹੁੰਦਾ ਹੈ ਅਤੇ ਮਾਲਕ ਖ਼ੁਸ਼ ਹੁੰਦਾ ਹੈ।

ਕੋਈ ਵਿਅਕਤੀ ਦੂਜੇ ਨਾਲ਼ ਬਰਾਬਰ ਜਿਹਾ ਵਿਵਹਾਰ ਕਿਉਂ ਨਹੀਂ ਕਰਦਾ? ਜੋ ਲੋਕ ਆਪਣੀਆਂ ਜੀਵਨ ਹਾਲਤਾਂ ਵਿੱਚ ਬਰਾਬਰ ਨਹੀਂ ਹਨ, ਉਹ ਇੱਕ ਦੂਜੇ ਨਾਲ਼ ਬਰਾਬਰ ਜਿਹਾ ਵਰਤਾਅ ਨਹੀਂ ਕਰ ਸਕਦੇ। ਉਹ ਆਦਮੀ ਅਨੰਦ ਪ੍ਰਾਪਤ ਕਰਦਾ ਹੈ ਜੋ ਉੱਚ ਸਥਿਤੀ ਵਿੱਚ ਰਹਿੰਦਾ ਹੈ ਜਦ ਕਿ ਉਹ ਸਧਾਰਣ ਵਿਅਕਤੀ ਦੁੱਖ ਪ੍ਰਾਪਤ ਕਰਦਾ ਹੈ

ਜੋ ਹੇਠਲੀ ਸਥਿਤੀ ਵਿੱਚ ਰਹਿੰਦਾ ਹੈ।

ਪਰ ਬੁੱਧ ਦੇ ਅਨੁਸਾਰ, ਕਿਸੇ ਵੀ ਦੋ ਵਿਅਕਤੀਆਂ ਨੂੰ ਇੱਕ ਦੂਜੇ ਨਾਲ਼ ਤਦ ਵੀ ਬਰਾਬਰ ਜਿਹਾ ਵਰਤਾਅ ਕਰਨਾ ਚਾਹੀਦਾ ਹੈ ਜਦ ਕਿ ਉਹ ਬਰਾਬਰ ਜੀਵਨ ਹਾਲਤਾਂ ਵਿੱਚ ਨਾ ਵੀ ਹੋਣ।

ਅੰਬੇਡਕਰ ਨੂੰ ਇਸ 'ਅਸਮਾਨਤਾ' ਦੇ ਪ੍ਰਸ਼ਨ ਦੇ ਹੱਲ ਲਈ ਬੁੱਧ ਦੇ ਵਿਚਾਰਾਂ ਵਿੱਚੋਂ ਇੱਕ ਸੁੰਦਰ ਮਾਰਗ ਮਿਲ ਗਿਆ।

"ਮਨੁੱਖ ਦੀ ਮਨੁੱਖ ਪ੍ਰਤੀ ਅਸਮਾਨਤਾ ਨੂੰ ਖਤਮ ਕਰਨ ਲਈ ਬੁੱਧ ਨੇ ਸ਼੍ਰੇਸ਼ਟ ਅਸ਼ਟਾਂਗ ਮਾਰਗ ਸੁਝਾਇਆ।" (ਪੰਨਾ 447)

ਅਸੀਂ ਗ਼ਮ ਅਤੇ ਦੁੱਖ ਦੇ ਦੋ ਕਾਰਣ ਵੇਖੇ। ਅਜਿਹੇ ਦੁੱਖਾਂ ਦਾ ਹੱਲ 'ਪੰਚਸ਼ੀਲ' ਹੈ ਜੋ ਪਹਿਲੇ ਕਾਰਣ, ਯਾਨੀ, ਬੁਰੇ ਕਰਮਾਂ ਤੋਂ ਪੈਦਾ ਹੁੰਦੇ ਹਨ।

ਅਜਿਹੇ ਦੁੱਖਾਂ ਦਾ ਹੱਲ 'ਅਸ਼ਟਾਂਗ ਮਾਰਗ' ਹੈ ਜੋ ਦੂਸਰੇ ਕਾਰਣ ਅਰਥਾਤ ਅਸਮਾਨਤਾ ਤੋਂ ਜਨਮਦੇ ਹਨ।

ਕੀ ਅਜਿਹਾ ਨਹੀਂ ਹੋ ਸਕਦਾ ਅਸ਼ਟਾਂਗ ਮਾਰਗ ਉਹਨਾਂ ਦੁੱਖਾਂ ਨੂੰ ਦੂਰ ਕਰ ਦੇਵੇ ਜੋ ਪਹਿਲੇ ਕਾਰਣ ਤੋਂ ਪੈਦਾ ਹੁੰਦੇ ਹਨ ਅਤੇ ਪੰਚਸ਼ੀਲ ਉਹਨਾਂ ਦੁੱਖਾਂ ਨੂੰ ਦੂਰ ਕਰ ਦੇਵੇ ਜੋ ਦੂਜੇ ਕਾਰਣ ਤੋਂ ਪੈਦਾ ਹੁੰਦੇ ਹਨ? ਕਦੇ ਨਹੀਂ? ਕੀ ਅਜਵਾਈਨ ਦੀ ਥਾਂ 'ਤੇ ਰਾਈ ਦੇ ਦਾਣਿਆਂ ਨਾਲ਼ ਬਦਹਜ਼ਮੀ ਦੂਰ ਹੋ ਸਕਦੀ ਹੈ। ਹਰੇਕ ਬਿਮਾਰੀ ਦਾ ਢੁੱਕਵੀਂ ਦਵਾਈ ਨਾਲ਼ ਹੀ ਇਲਾਜ ਕੀਤਾ ਜਾਣਾ ਚਾਹੀਦਾ ਹੈ। ਇਹ ਵੀ ਉਸੇ ਤਰ੍ਹਾਂ ਹੈ।

ਚਲੋ ਸਭ ਠੀਕ ਹੈ। ਕੀ ਤੁਹਾਨੂੰ ਅਸ਼ਟਾਂਗ ਮਾਰਗ ਦੇ ਸਾਰੇ ਅੰਗ ਯਾਦ ਹਨ? ਜੇ ਨਹੀਂ ਤਾਂ ਸੰਖੇਪ ਰੂਪ ਵਿੱਚ ਉਹਨਾਂ ਨੂੰ ਦੁਬਾਰਾ ਯਾਦ ਕਰ ਲੈਂਦੇ ਹਾਂ:

1. ਉਚਿਤ ਦ੍ਰਿਸ਼ਟੀ 2. ਉਚਿਤ ਸੰਕਲਪ 3. ਉਚਿਤ ਬੋਲ 4. ਉਚਿਤ ਵਰਤਾਓ 5. ਉਚਿਤ ਕਮਾਈ 6. ਹੋਰ ਸਭ ਹਿੱਤਾਂ ਵਿੱਚ ਉਚਿਤ ਸੁਮੇਲ (ਕੇਵਲ ਪੰਜ ਸਿਧਾਂਤਾਂ ਦਾ ਵਰਨਣ ਕਰਦੇ ਹੋਏ ਅਤੇ ਸੱਤਵੇਂ ਸਿਧਾਂਤ ਨੂੰ ਛੇਵੇਂ ਸਿਧਾਂਤ ਦੇ ਰੂਪ ਵਿੱਚ ਪਾਲਣ ਕਰਨਾ ਪ੍ਰਸਤਾਵਿਤ ਕਰਦੇ ਹੋਏ) 7. ਉਚਿਤ ਮਨ ਦੀ ਅਵਸਥਾ 8. ਉਚਿਤ ਚਿੰਤਨ

ਅੰਬੇਡਕਰ ਨੇ ਇਨ੍ਹਾਂ ਸਾਰੇ ਅੰਗਾਂ ਦੀ ਵਿਸਥਾਰ ਨਾਲ਼ ਵਿਆਖਿਆ ਪੇਸ਼ ਕੀਤੀ ਹੈ। ਜਿਹੜੇ ਲੋਕਾਂ ਨੇ ਆਪਣੇ ਦੂਸਰੀ ਤਰ੍ਹਾਂ ਦੇ ਦੁਖਾਂ ਨੂੰ ਅਸ਼ਟਾਂਗ ਮਾਰਗ ਰਾਹੀਂ ਮਿਟਾਉਣਾ ਹੈ, ਉਹ ਕ੍ਰਿਪਾ ਕਰਕੇ ਖੰਡ 3 ਪੰਨਾ 447 ਵੇਖੋ।

"ਇਸ ਸ਼੍ਰੇਸਟ ਅਸ਼ਟਾਂਗ ਮਾਰਗ ਦਾ ਉਦੇਸ਼ ਧਰਤੀ 'ਤੇ ਨੀਤੀ ਅਧਾਰਿਤ ਸਾਮਰਾਜ ਸਥਾਪਿਤ ਕਰਨਾ ਹੈ ਅਤੇ ਇਸਦੇ ਰਾਹੀਂ ਸੰਸਾਰ ਤੋਂ ਗ਼ਮ ਅਤੇ ਦੁੱਖ ਨੂੰ ਦੂਰ ਕਰਨਾ ਹੈ।"(ਪੰਨਾ 448)

ਅਸ਼ਟਾਂਗ ਮਾਰਗ ਦਾ ਪਾਲਣ ਕਰਨ ਵਿੱਚ ਬਹੁਤ ਸਾਰੀਆਂ ਮੁਸ਼ਕਿਲਾਂ ਅਤੇ ਰੁਕਾਵਟਾਂ ਦਾ ਸਾਹਮਣਾ ਕਰਨਾ ਪਵੇਗਾ।

"ਨਿਰਵਾਣ (ਮੁਕਤੀ) ਦਾ ਸਿਧਾਂਤ ਉਹਨਾਂ ਮੁਸ਼ਕਿਲਾਂ ਨੂੰ ਦੱਸਦਾ ਹੈ ਜੋ ਅਸ਼ਟਾਂਗ ਮਾਰਗ ਦੀ ਰਿੱਧੀ ਸਿੱਧੀ ਦੇ ਰਾਹ ਵਿੱਚ ਆਉਂਦੀਆਂ ਹਨ।" (ਪੰਨਾ 448)

ਦਸ ਮੁਸ਼ਕਿਲਾਂ ਹੁੰਦੀਆਂ ਹਨ। ਉਹ ਇਸ ਤਰ੍ਹਾਂ ਹਨ : ਆਤਮ ਭਰਮ, ਸ਼ੱਕ ਅਤੇ ਦੋਚਿੱਤੀ, ਕਰਮ ਕਾਡਾਂ ਅਤੇ ਯੱਗਾਂ ਦੀ ਸਮਰੱਥਾ 'ਤੇ ਨਿਰਭਰਤਾ, ਮੌਤ ਦਾ ਡਰ, ਦੂਸਰੇ ਵਿਅਕਤੀਆਂ ਪ੍ਰਤੀ ਦ੍ਰਿਸ਼ਟੀਕੋਣ, ਭੌਤਿਕ ਸਰੀਰ ਦੇ ਜੀਵਨ ਦੀ ਇੱਛਾ, ਹੰਕਾਰ, ਧਰਮ ਅਭਿਆਨ ਅਤੇ ਅਗਿਆਨਤਾ ਜੇ ਅਸੀਂ ਹੋਰ ਸਾਰੀਆਂ ਮੁਸ਼ਕਿਲਾਂ ਨੂੰ ਜਿੱਤ ਵੀ

ਲਈਏ, ਤਾਂ ਵੀ ਆਖਿਰੀ ਇੱਕ ਬਿਨਾਂ ਜਿੱਤੇ ਰਹਿ ਜਾਵੇਗੀ। ਫਿਰ ਵੀ ਅਸੀਂ ਇਹਨਾਂ ਦਸ ਆਸਵਾਂ (ਬੰਧਨਾਂ, ਰੁਕਾਵਟਾਂ ਜਾਂ ਮੁਸ਼ਕਿਲਾਂ) 'ਤੇ ਨਿਰਵਾਣ ਦੇ ਸਾਧਨਾਂ ਦੁਆਰਾ ਜਿੱਤ ਪਾ ਸਕਦੇ ਹਾਂ।

ਬੁੱਧ ਦੇ ਨਵੀਨ ਸੂਖਮ ਸੰਦੇਸ਼ ਦਾ ਅੰਤਿਮ ਅੰਸ਼ ਪਰਾਮਿਤਾਂ ਦਾ ਸਿਧਾਂਤ ਹੈ। ਇਹ ਸਿਧਾਂਤ ਦਸ ਸਦਗੁਣਾਂ ਦੇ ਵਿਵਹਾਰ ਨੂੰ ਸੁਭਾਅ ਵਿੱਚ ਢਾਲਣ ਲਈ ਕਹਿੰਦਾ ਹੈ। (ਪੰਨਾ 449) ਉਹ ਇਸ ਤਰ੍ਹਾਂ ਹਨ : 1. ਪੁੰਨ 2. ਸਾਊਪੁਣਾ 3. ਸਹਿਣਸ਼ੀਲਤਾ 4. ਦਾਨ 5. ਵੀਰਤਾ 6. ਸ਼ਾਂਤੀ 7. ਸੱਚ 8. ਪ੍ਰਕਿਰਤੀ 9. ਬਜ਼ੁਰਗਾਂ ਦਾ ਸਤਿਕਾਰ 10. ਵਿਮੁਖਤਾ (ਲੋੜਾਂ ਤੋਂ)

ਅੰਬੇਡਕਰ ਕਹਿੰਦਾ ਹੈ ਕਿ ਬੁੱਧ ਮਾਰਗ ਇਹਨਾਂ ਸਿਧਾਂਤਾਂ ਰਾਹੀਂ ਸਾਰੇ ਮਨੁੱਖਾਂ ਨੂੰ ਸਵੈ ਇੱਛਾ ਨਾਲ਼ ਨੀਤੀ ਯੁਕਤ ਬਣਾਉਂਦਾ ਹੈ।

"ਇਹ ਸਪੱਸ਼ਟ ਹੈ ਕਿ ਬੁੱਧ ਦੁਆਰਾ ਅਪਣਾਏ ਗਏ ਸਾਧਨ ਕਿਸੇ ਮਨੁੱਖ ਨੂੰ, ਉਸਦੀ ਨੈਤਿਕ ਪ੍ਰਵਿਰਤੀ ਨੂੰ ਬਦਲਦੇ ਹੋਏ, ਇਸ ਤਰ੍ਹਾਂ ਤਬਦੀਲ ਕਰਨ ਲਈ ਸਨ ਜਿਸ ਵਿੱਚ ਉਹ ਸਵੈ ਇੱਛਾ ਨਾਲ਼ ਇਸ ਮਾਰਗ ਦਾ ਪਾਲਣ ਕਰਨ ਲੱਗੇ।" (ਪੰਨਾ 450)

ਨਾ ਸਿਰਫ਼ ਦਾਸ ਸਗੋਂ ਉਹਨਾਂ ਦੇ ਮਾਲਕ ਵੀ ਤਬਦੀਲ ਹੁੰਦੇ ਹਨ। ਨਾ ਸਿਰਫ਼ ਅਛੂਤ ਸਗੋਂ ਸਭ ਹਿੰਦੂ ਵੀ ਤਬਦੀਲ ਹੁੰਦੇ ਹਨ। ਇਸ ਰੀਤੀ ਤੋਂ ਸਾਮਵਾਦ ਦਾ ਉਦੈ ਹੁੰਦਾ ਹੈ। "ਅਜਿਹਾ ਹੈ ਉਹ ਸੂਖਮ ਸਿਧਾਂਤ ਜੋ ਬੁੱਧ ਨੇ ਬੋਧ ਗਿਆਨ ਦੇ ਫਲਸਰੂਪ ਸੰਸਾਰ ਵਿੱਚ ਸੰਤਾਪ ਅਤੇ ਦੁੱਖਾਂ ਦਾ ਅੰਤ ਕਰਨ ਲਈ ਤਜ਼ਵੀਜ਼ ਕੀਤਾ ਹੈ।" (ਪੰਨਾ 450)

ਹੁਣ ਤੱਕ ਅੰਬੇਡਕਰ ਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਸਾਮਵਾਦ ਪ੍ਰਾਪਤ ਕਰਨ ਲਈ ਸਿਰਫ਼ ਇਹੀ (ਬੁੱਧ ਮਾਰਗ) ਸਭ ਤੋਂ ਉੱਤਮ ਮਾਰਗ ਹੈ।

ਇਸ ਯਤਨ ਬਾਰੇ ਹੋਰ ਕੀ ਕਿਹਾ ਜਾਵੇ ? ਜੇਕਰ ਅਸੀਂ ਕੁੱਝ ਕਹਿਣਾ ਵੀ ਚਾਹੀਏ ਤਾਂ ਇੱਕ ਹੀ ਗੱਲ ਸਾਹਮਣੇ ਆਉਂਦੀ ਹੈ। ਅੰਬੇਡਕਰ ਸ਼ਾਇਦ ਉਸ ਸਾਮਵਾਦ ਨੂੰ ਭਲੀ-ਭਾਂਤ ਜਾਣਦੇ ਹਨ ਜਿਸ ਨੂੰ ਅਸ਼ਟਾਂਗ ਮਾਰਗ ਲਿਆਉਂਦਾ ਹੈ। ਪਰ ਉਸ ਸਾਮਵਾਦ ਦਾ ੳ,ਅ, ਵੀ ਨਹੀਂ ਜਾਣਦੇ ਜਿਸ ਨੂੰ ਜਮਾਤੀ ਘੋਲ ਲਿਆਉਂਦਾ ਹੈ ? ਉਹਨਾਂ ਦੇ ਇਸ ਯਤਨ ਬਾਰੇ ਇਸ ਤੋਂ ਬਿਨਾਂ ਹੋਰ ਕੁੱਝ ਕਹਿਣ ਦੀ ਗੁੰਜ਼ਾਇਸ਼ ਨਹੀਂ।

ਇੱਕ ਅਜਿਹੇ ਸਿੱਖਿਅਤ ਵਿਅਕਤੀ ਨੂੰ ਦੇਖਣਾ ਕਿਹੋ ਜਿਹਾ ਅਜੀਬ ਅਨੁਭਵ ਹੈ ਜਿਸ ਨੇ ਉਸ ਆਧੁਨਿਕ ਸਮਾਜ ਵਿੱਚ ਜਨਮ ਲਿਆ ਜਿੱਥੇ ਕਿਰਤ ਦੀ ਲੁੱਟ ਦਾ ਰਹੱਸ ਸਾਹਮਣੇ ਆ ਚੁੱਕਾ ਹੈ ਅਤੇ ਬਹੁਤ ਡਿਗਰੀਆਂ ਵੀ ਹਾਸਿਲ ਕੀਤੀਆਂ-ਆਪਣੇ ਮੱਥੇ ਵਿੱਚ ਗਿਆਨ ਦੀ ਇੱਕ ਕਿਰਨ ਵੀ ਪਾਰ ਨਹੀਂ ਹੋਣ ਦਿੱਤੀ ਅਤੇ 2500 ਸਾਲ ਪੁਰਾਣੀ ਆਤਮਾ ਨਾਲ਼ ਜੀਵਤ ਰਿਹਾ।

ਅੰਬੇਡਕਰ ਨੇ ਹੁਣ ਤੱਕ ਬੁੱਧ ਦੇ ਮਾਰਗ ਨੂੰ ਦਿਖਾਇਆ ਹੈ ਜੋ ਸਾਮਵਾਦ ਤੱਕ ਜਾਂਦਾ ਹੈ। ਹੁਣ ਉਸ ਸਾਮਵਾਦ ਦਾ ਮਾਰਕਸ ਦਾ ਮਾਰਗ ਦਿਖਾਵਾਂਗੇ ਅਤੇ ਇਹ ਵਿਆਖਿਆ ਕਰਾਂਗੇ ਕਿ ਕਿਹੜਾ ਮਾਰਗ ਬਿਹਤਰ ਹੈ।

2. ਸਾਮਵਾਦ ਹਾਸਿਲ ਕਰਨ ਦੇ ਮਾਰਕਸ ਦੇ ਸਾਧਨ ਅੰਬੇਡਕਰ ਨੇ ਇਸ ਸਵਾਲ 'ਤੇ ਆਪਣੀ ਚਰਚਾ ਇਸ ਤਰ੍ਹਾਂ ਸ਼ੁਰੂ ਕੀਤੀ:

"ਕਮਿਊਨਿਸਟਾਂ ਦੁਆਰਾ ਅਪਣਾਏ ਗਏ ਸਾਧਨ ਵੀ ਉਸੇ ਤਰ੍ਹਾਂ ਸਪੱਸ਼ਟ ਸੰਖੇਪ ਅਤੇ ਤੀਬਰ ਹਨ। ਉਹ ਹਨ: 1. ਹਿੰਸਾ 2. ਮਜ਼ਦੂਰ ਜਮਾਤ ਦੀ ਤਾਨਾਸ਼ਾਹੀ। ਕਮਿਊਨਿਸਟਾਂ ਦਾ ਕਹਿਣਾ ਹੈ ਕਿ ਕਮਿਊਨਿਜ਼ਮ (ਸਾਮਵਾਦ) ਸਥਾਪਿਤ ਕਰਨ ਦੇ ਦੋ ਹੀ

ਸਾਧਨ ਹਨ। ਪਹਿਲਾ ਹਿੰਸਾ ਹੈ। ਮੌਜੂਦਾ ਪ੍ਰਬੰਧ ਨੂੰ ਤੋੜਨ ਲਈ, ਇਸ ਤੋਂ ਘੱਟ ਕੁੱਝ ਵੀ ਢੁੱਕਵਾਂ ਨਹੀਂ ਹੋਵੇਗਾ। ਦੂਸਰਾ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਹੈ। ਨਵੀਂ ਅਵਸਥਾ ਨੂੰ ਬਣਾਈ ਰੱਖਣ ਲਈ, ਇਸ ਤੋਂ ਘੱਟ ਕੁੱਝ ਵੀ ਢੁੱਕਵਾਂ ਨਹੀਂ ਹੋਵੇਗਾ। ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਬੁੱਧ ਅਤੇ ਕਾਰਲ ਮਾਰਕਸ ਵਿੱਚ ਕੀ ਸਮਾਨਤਾਵਾਂ ਹਨ ਅਤੇ ਕੀ ਵਖਰੇਵੇਂ ਹਨ। ਵਖਰੇਵੇਂ ਸਾਧਨਾਂ ਬਾਰੇ ਹਨ। ਉਦੇਸ਼ ਦੋਨਾਂ ਵਿੱਚ ਸਮਾਨ ਹੈ।" (ਪੰਨਾ 450)

ਅੰਬੇਡਕਰ ਦਾ ਕਹਿਣਾ ਹੈ ਕਿ ਬੁੱਧ ਅਤੇ ਮਾਰਕਸ ਦੋਨਾਂ ਦਾ ਉਦੇਸ਼ ਸਮਾਨ ਹੈ, ਪਰ ਇਹ ਇੱਕ ਅਰਥਹੀਣ ਟਿੱਪਣੀ ਹੈ। ਦੋਨਾਂ ਦੇ ਉਦੇਸ਼ ਸਮਾਨ ਨਹੀਂ। ਜਦੋਂ ਉਹਨਾਂ ਦੇ ਉਦੇਸ਼ ਹੀ ਸਮਾਨ ਹਨ, ਤਾਂ ਇਸ ਚਰਚਾ ਦੀ ਲੋੜ ਨਹੀਂ ਰਹਿ ਜਾਂਦੀ ਕਿ ਉਹਨਾਂ ਦੇ ਸਾਧਨ ਇੱਕ ਹਨ ਜਾਂ ਨਹੀਂ। ਕਿਉਂਕੀ, ਅੰਬੇਡਕਰ ਨੇ ਮਾਰਕਸਵਾਦ ਦੀਆਂ ਉਹਨਾਂ ਮਿੱਥ ਧਾਰਨਾਵਾਂ ਨੂੰ ਗ੍ਰਹਿਣ ਕੀਤਾ ਹੈ ਜੋ ਬਹੁਤ ਲੋਕ ਕਰਦੇ ਹਨ, ਇਸ ਲਈ ਸਾਨੂੰ ਉਹਨਾਂ ਦੀ ਜਾਂਚ ਕਰਨੀ ਪਵੇਗੀ।

ਮਾਰਕਸਵਾਦ ਇੱਕ ਅਜਿਹਾ ਸਿਧਾਂਤ ਹੈ ਜੋ ਲੁਟੇਰੀਆਂ ਜਮਾਤਾਂ ਦਾ ਵਿਰੋਧੀ ਹੈ। ਇਸ ਲਈ ਉਹ ਜਮਾਤਾਂ ਇਸ ਸਿਧਾਂਤ ਨੂੰ ਸਮਝਣ ਦਾ ਯਤਨ ਨਹੀਂ ਕਰਦੀਆਂ। ਇਹ ਇੱਕ ਅਜਿਹਾ ਸਿਧਾਂਤ ਹੈ ਜੋ ਕਿਰਤੀ ਜਮਾਤ ਦੇ ਅਨੁਕੂਲ ਹੈ ਪਰ ਅਜੇ ਵੀ ਉਹ ਇਸ ਅਵਸਥਾ ਵਿੱਚ ਹੈ ਕਿ ਕਿਰਤੀ ਜਮਾਤਾਂ ਦੇ ਆਮ-ਲੋਕਾਂ ਤੱਕ ਨਹੀਂ ਪੁੱਜਿਆ। ਇਹੀ ਕਾਰਨ ਹੈ ਕਿ ਆਮ ਕਿਰਤੀ ਲੋਕ ਆਪਣੇ ਆਪ ਨੂੰ ਉਸ ਸਥਿਤੀ ਵਿੱਚ ਪਾਉਂਦੇ ਹਨ ਜਿੱਥੇ ਕਿ ਉਹ ਮਾਰਕਸਵਾਦ ਦੇ ਵਿਰੋਧੀਆਂ ਨੂੰ ਕਰਾਰਾ ਜਵਾਬ ਨਹੀਂ ਦੇ ਪਾਉਂਦੇ। ਹੋਰ ਤਾਂ ਹੋਰ ਕਿਰਤੀਆਂ ਦੇ ਅੰਦਰ ਵੀ ਬਹੁਤ ਲੋਕ ਵਿਰੋਧੀਆਂ ਦੇ ਵਾਂਗ ਮਿੱਥ ਧਾਰਨਾਵਾਂ ਨਾਲ਼ ਗ੍ਰਸਤ ਹੋ ਕੇ ਹਨੇਰੇ ਵਿੱਚ ਤੀਰ ਚਲਾਉਂਦੇ ਹਨ। ਇਸ ਕਰਕੇ ਸਾਨੂੰ 'ਹਿੰਸਾ' ਅਤੇ 'ਤਾਨਾਸ਼ਾਹੀ' ਦੇ ਉਹਨਾਂ ਸਵਾਲਾਂ ਨੂੰ ਜਰੂਰ ਜਾਣਨਾ ਚਾਹੀਦਾ ਹੈ ਜਿੰਨਾਂ ਨੂੰ ਅੰਬੇਡਕਰ ਨੇ ਚੁੱਕਿਆ ਹੈ। ਮਾਰਕਸਵਾਦ 'ਤੇ ਬਹਿਸ ਕਰਨ ਲਈ ਮਾਰਕਸ ਅਤੇ ਏਂਗਲਜ਼ ਦੀਆਂ ਰਚਨਾਵਾਂ ਦਾ ਸਹਾਰਾ ਲੈਣਾ ਪਵੇਗਾ ਅਤੇ ਉਹਨਾਂ ਗੱਲਾਂ 'ਤੇ ਭਰੋਸਾ ਨਹੀਂ ਕਰਾਂਗੇ ਜੋ ਰੂਸ, ਚੀਨ, ਭਾਰਤ ਜਾਂ ਹੋਰ ਦੇਸ਼ਾਂ ਵਿੱਚ ਕਮਿਊਨਿਸਟ ਕਹਿੰਦੇ ਜਾਂ ਕਰਦੇ ਹਨ।

ਸਾਨੂੰ ਕਿਸ ਕਮਿਊਨਿਸਟ ਵਿਅਕਤੀ, ਕਮਿਊਨਿਸਟ ਪਾਰਟੀ ਜਾਂ ਕਿਸੇ ਕਮਿਊਨਿਸਟ ਦੇਸ਼ ਨੂੰ ਮਾਰਕਸ ਦੇ ਸਿਧਾਂਤ ਨਾਲ਼ ਪੂਰੀ ਤਰ੍ਹਾਂ ਇੱਕ ਕਰਕੇ ਨਹੀਂ ਰੱਖਣਾ ਚਾਹੀਦਾ। ਉਹਨਾਂ ਵਿਅਕਤੀਆਂ ਅਤੇ ਜਥੇਬੰਦੀਆਂ ਵਿੱਚ ਅਨੇਕ ਗਲ਼ਤੀਆਂ ਹੋ ਸਕਦੀਆਂ ਹਨ ਜੋ ਮਾਰਕਸਵਾਦ ਦੇ ਧਾਰਨੀ ਹੋਣ ਦਾ ਦਾਅਵਾ ਕਰਦੇ ਹਨ। ਉਹ ਢੇਰ ਸਾਰੀਆਂ ਸੀਮਾਵਾਂ ਵਿੱਚ ਬੱਝ ਕੇ ਕੰਮ ਕਰ ਰਹੇ ਹੋ ਸਕਦੇ ਹਨ। ਕੋਈ ਵੀ ਗਲਤੀਆਂ ਅਤੇ ਦੋਸ਼ਾਂ ਲਈ ਉਹ ਖੁਦ ਇਕੱਲੇ ਜਵਾਬਦੇਹ ਹੁੰਦੇ ਹਨ, ਨਾ ਕਿ ਸਿਧਾਂਤ। ਇਸ ਲਈ ਸਾਨੂੰ ਮੂਲ ਲੇਖਕਾਂ ਦੇ ਸਬੰਧ ਵਿੱਚ ਕਿਸੇ ਵੀ ਵਿਅਕਤੀਆਂ ਅਤੇ ਸ੍ਰੋਤਾਂ ਦਾ ਉਦਾਹਰਣ ਨਹੀਂ ਲੈਣਾ ਚਾਹੀਦਾ।

ਬੁੱਧਵਾਦ ਦੇ ਸੰਦਰਭ ਵਿੱਚ, ਅੰਬੇਡਕਰ ਕਿਤੇ ਹੋਰ ਇਹ ਦਲੀਲ ਪੇਸ਼ ਕਰਦੇ ਹਨ ਕਿ ਬੁੱਧ ਨੇ ਹੀਨਯਾਨ ਅਤੇ ਮਹਾਂਯਾਨ ਸ਼ਖਾਵਾਂ ਦੀ ਸਥਾਪਨਾ ਨਹੀਂ ਕੀਤੀ ਸੀ ਅਤੇ ਜਦੋਂ ਕਿ ਇਨਾਂ ਪੰਥਾਂ ਨੂੰ ਬੁੱਧਵਾਦੀ ਮੰਨਿਆ ਜਾਂਦਾ ਹੈ। ਪਰ ਉਹ (ਅੰਬੇਡਕਰ) ਸਿਰਫ਼ ਬੁੱਧ ਦੇ ਮੌਲਿਕ ਸਿਧਾਂਤਾ ਨੂੰ ਮਾਨਤਾ ਦਿੰਦੇ ਹਨ। ਉਸੇ ਤਰ੍ਹਾਂ ਕਿਸੇ ਸਿਧਾਂਤ ਦਾ ਮੁਲਾਂਕਣ ਕਰਦੇ ਸਮੇਂ, ਸਿਰਫ਼ ਉਹਨਾਂ ਲੋਕਾਂ ਦੀਆਂ ਮੂਲ ਰਚਨਾਵਾ ਨੂੰ ਵਿਚਾਰਨਾ ਹੋਵੇਗਾ ਜਿਨ੍ਹਾਂ ਨੇ ਉਸ ਸਿਧਾਂਤ ਨੂੰ ਸਥਾਪਿਤ ਕੀਤਾ। ਮਾਰਕਸਵਾਦ ਦੇ ਸਬੰਧ ਵਿੱਚ ਵੀ ਸਾਨੂੰ ਇਹੀ

ਤਰੀਕਾ ਅਪਣਾਉਣਾ ਚਾਹੀਦਾ ਹੈ।

ਹੁਣ ਮਾਰਕਸਵਾਦ ਦੇ ਉਹਨਾਂ ਮੁੱਦਿਆਂ ਦੀ ਜਾਂਚ ਕੀਤੀ ਜਾਵੇ ਜਿੰਨਾਂ 'ਤੇ ਅੰਬੇਡਕਰ ਨੂੰ ਇਤਰਾਜ਼ ਹੈ।

**ਹਿੰਸਾ ਬਾਰੇ** - ਅੰਬੇਡਕਰ ਕਹਿੰਦੇ ਹਨ ਕਿ ਮਾਰਕਸਵਾਦ ਦੇ ਸਾਧਨ ਦੇ ਰੂਪ ਵਿੱਚ ਹਿੰਸਾ ਦੀ ਵਕਾਲਤ ਕਰਦਾ ਹੈ। ਉਹ ਕਿਸ ਅਧਾਰ 'ਤੇ ਇਹ ਗੱਲ ਕਰਦੇ ਹਨ ? ਕੀ ਉਹਨਾਂ ਨੇ ਮਾਰਕਸ ਦੀਆਂ ਰਚਨਾਵਾਂ ਤੋਂ ਕੁੱਝ ਵੀ ਉਦਾਹਰਣ ਦੇ ਤੌਰ 'ਤੇ ਲਿਆ ? ਉਹਨਾਂ ਨੇ ਇੱਕ ਵਾਕ ਵੀ ਨਹੀਂ ਲਿਆ। ਹਲਾਂਕਿ ਦੂਸਰਿਆਂ ਦੀਆਂ ਰਚਨਾਵਾਂ ਤੋਂ ਮਾਰਕਸ ਦਾ ਵਰਨਣ ਦੇਣਾ ਸਵੀਕਾਰਣਯੋਗ ਨਹੀਂ ਪਰ ਉਹਨਾਂ ਨੇ ਤਾਂ ਇਹ ਵੀ ਨਹੀਂ ਕੀਤਾ।

ਜੇ ਅੰਬੇਡਕਰ ਨੇ ਮਾਰਕਸ ਦੀਆਂ ਰਚਨਾਵਾਂ ਤੋਂ ਕੁੱਝ ਸਬੂਤ ਪੇਸ਼ ਕੀਤਾ ਹੁੰਦਾ ਤਾਂ ਅਸੀਂ ਉਸ 'ਤੇ ਬਹਿਸ ਕਰ ਸਕਦੇ ਸੀ। ਪਰ ਅਸੀਂ ਇਸ ਮੁੱਦੇ 'ਤੇ ਕਿਸ ਅਧਾਰ ਨਾਲ਼ ਬਹਿਸ ਕਰ ਸਕਦੇ ਹਾਂ, ਜਦੋਂ ਕਿ ਉਹ ਬਿਨਾਂ ਕਿਸੇ ਪ੍ਰਮਾਣ ਨੂੰ ਦਰਸਾਉਂਦੇ ਹੋਏ ਦਲੀਲ ਪੇਸ਼ ਕਰਦੇ ਹਨ ਕਿ ਮਾਰਕਸਵਾਦ ਸਾਮਵਾਦ ਦੀ ਸਥਾਪਨਾ ਲਈ ਸਾਧਨ ਦੇ ਤੌਰ 'ਤੇ ਹਿੰਸਾ ਦੀ ਵਰਤੋਂ ਕਰਦਾ ਹੈ ? ਸਾਨੂੰ ਖੁਦ ਨੂੰ ਮਾਰਕਸ ਦੀਆਂ ਰਚਨਾਵਾਂ ਵਿੱਚੋਂ ਇਸ ਗੱਲ ਦਾ ਪ੍ਰਮਾਣ ਲੱਭਣਾ ਹੋਵੇਗਾ। ਮਾਰਕਸ ਅਤੇ ਏਂਗਲਜ਼ ਦੀ ਰਚਨਾ 'ਕਮਿਊਨਿਸਟ ਪਾਰਟੀ ਦਾ ਐਲਾਨਨਾਮਾ' ਵਿੱਚ ਕੁੱਝ ਅਜਿਹੇ ਵਾਕ ਜਿੱਥੇ ਅਸੀਂ 'ਜਬਰੀ ਤਖਤਾਪਲਟ' ਅਤੇ 'ਹਿੰਸਕ ਤਖਤਾਪਲਟ' ਵਰਗੇ ਸ਼ਬਦ ਪਾਉਂਦੇ ਹਾਂ।

"ਮਜ਼ਦੂਰ ਜਮਾਤ ਦੇ ਵਿਕਾਸ ਦੇ ਸਭ ਤੋਂ ਸਧਾਰਨ ਪੜਾਵਾਂ ਦੀ ਗੱਲ ਕਰਦੇ ਹੋਏ ਅਸੀਂ ਮੌਜੂਦਾ ਸਮਾਜ ਅੰਦਰ ਘੱਟੋ-ਘੱਟ ਘਰੇਲੂ ਯੁੱਧ ਦੇ ਰੂਪ ਵਿੱਚ ਚੱਲਣ ਵਾਲ਼ੇ ਗ੍ਰਹਿ ਯੁੱਧ ਦਾ ਉਸ ਬਿੰਦੂ ਤੱਕ ਚਿੱਤਰਣ ਪੇਸ਼ ਕੀਤਾ ਹੈ, ਜਿੱਥੇ ਉਹ ਯੁੱਧ ਖੁੱਲ੍ਹੇ ਇਨਕਲਾਬ ਵਿੱਚ ਬਦਲ ਜਾਂਦਾ ਹੈ ਅਤੇ ਜਿੱਥੇ ਲੋਟੂ ਜਮਾਤ ਦਾ ਜਬਰੀ ਤਖਤਾਪਲਟ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦੀ ਬੁਨਿਆਦ ਰੱਖਦਾ ਹੈ।" (ਪੰਨਾ 44, ਹਿੰਦੀ ਐਡੀਸ਼ਨ, 1999)

"ਕਮਿਊਨਿਸਟ ਆਪਣੇ ਵਿਚਾਰਾਂ ਅਤੇ ਉਦੇਸ਼ਾਂ ਨੂੰ ਲੁਕਾਉਣੋਂ ਨਫ਼ਰਤ ਕਰਦੇ ਹਨ। ਉਹ ਖੁੱਲ੍ਹੇਆਮ ਐਲਾਨ ਕਰਦੇ ਹਨ ਕਿ ਉਹਨਾਂ ਦੇ ਉਦੇਸ਼ ਕੁੱਲ ਮੌਜੂਦਾ ਸਮਾਜਿਕ ਢਾਂਚਿਆਂ ਦੇ ਜਬਰੀ ਤਖਤਾਪਲਟ ਰਾਹੀਂ ਹੀ ਹਾਸਲ ਕੀਤੇ ਜਾ ਸਕਦੇ ਹਨ।" (ਪੰਨਾ 70)

ਮਾਰਕਸ ਅਤੇ ਏਂਗਲਜ਼ ਦੀਆਂ ਲਿਖਤਾ ਵਿੱਚ ਇਸ ਤਰ੍ਹਾਂ ਦੇ ਵਾਕ ਕਈ ਹੋਰ ਥਾਵਾਂ 'ਤੇ ਵੀ ਦੇਖੇ ਜਾ ਸਕਦੇ ਹਨ। ਅੰਬੇਡਕਰ ਜੀ, ਕੀ ਤੁਸੀਂ ਇਸ ਨੂੰ ਹਿੰਸਾ ਕਹਿੰਦੇ ਹੋ ? ਤਾਂ ਸੁਣੋ ! ਇਹ ਹਿੰਸਾ ਨਹੀਂ ਹੈ ਸਗੋਂ ਇਹ ਹਿੰਸਾ ਦੇ ਵਿਰੁੱਧ ਘੋਲ ਹੈ। ਇਹ ਹਿੰਸਾ ਦੇ ਵਿਰੁੱਧ ਇਨਕਲਾਬ ਹੈ। ਅਸਲੀ ਹਿੰਸਾ ਤਾਂ ਕਿਰਤ ਦੀ ਲੁੱਟ ਹੈ ਜੋ ਮਾਲਕਾਂ ਦੁਆਰਾ ਕੀਤੀ ਜਾਂਦੀ ਹੈ।

ਹਿੰਸਾ ਦਾ ਟਾਕਰਾ ਕਰਨ ਦਾ ਯਤਨ ਹਿੰਸਾ ਨਹੀਂ ਹੈ। ਇਹ ਕਿਰਤੀ ਜਮਾਤ ਦੀ ਆਤਮ-ਰੱਖਿਆ ਹੈ। ਜੇ ਤੁਸੀਂ ਉਸ ਘੋਲ ਨੂੰ ਹਿੰਸਾ ਦਾ ਨਾਮ ਦਿੰਦੇ ਹੋ ਜੋ ਆਤਮ-ਰੱਖਿਆ ਲਈ ਜਰੂਰੀ ਹੰਦਾ ਹੈ, ਤਾਂ ਇਸ ਦਾ ਸਿੱਧਾ ਅਰਥ ਇਹ ਹੁੰਦਾ ਹੈ ਕਿ ਤੁਸੀਂ ਕਿਰਤੀ ਜਮਾਤ ਨੂੰ ਉਹਨਾਂ ਦੀ ਮੁਕਤੀ ਲਈ ਘੋਲ ਅਤੇ ਵਿਦਰੋਹ ਨਾ ਕਰਨ ਦਾ ਉਪਦੇਸ਼ ਦੇ ਰਹੇ ਹੋ ਅਤੇ ਉਹਨਾਂ ਨੂੰ ਆਪਣੇ ਮਾਲਕਾਂ ਲਈ ਪਹਿਲਾਂ ਵਾਂਗ ਖੂਨ-ਪਸੀਨਾ ਵਹਾਉਂਦੇ ਹੋਏ ਦਾਸ ਹੀ ਬਣੇ ਰਹਿਣ ਦੀ ਸਲਾਹ ਦੇ ਰਹੇ ਹੋ।

ਜੇ ਤੁਹਾਡਾ ਕੋਮਲ ਦਿਲ ਮਜ਼ਦੂਰ ਜਮਾਤ ਦੇ ਘੋਲ ਨੂੰ ਨਹੀਂ ਝੱਲ ਸਕਦਾ, ਤਾਂ ਤੁਹਾਡੇ ਸਾਹਮਣੇ ਇੱਕ ਦੂਸਰਾ ਸੁੰਦਰ ਰਾਹ ਹੈ। ਜੇ ਮਾਲਕ ਜਮਾਤ ਤੋਂ ਕਿਸੇ ਲੜਾਈ ਝਗੜੇ ਤੋਂ ਬਿਨਾਂ ਉਹਨਾਂ ਦੇ ਮਾਲਕੀ ਅਧਿਕਾਰਾਂ ਦਾ ਤਿਆਗ ਕਰਾ ਸਕੋਂ ਤਾਂ ਭਲਾ

ਕਿਰਤੀ ਘੋਲ ਕਿਉਂ ਛੇੜਨਗੇ ਅਤੇ ਹਿੰਸਾ ਕਿਉਂ ਕਰਨਗੇ ? ਘੋਲ ਹੋਊ ਹੀ ਕਿਉਂ ਜਦ ਘੋਲ ਦੀ ਲੋੜ ਹੀ ਨਹੀਂ ਰਹਿ ਜਾਵੇਗੀ ?

ਕੀ ਮਾਲਕ ਜਮਾਤ ਆਪਣੇ ਮਾਲਕੀ ਅਧਿਕਾਰਾਂ ਨੂੰ ਛੱਡੂਗੀ ? ਕੀ ਉਹ ਆਪਦੇ ਆਪ ਦੇ ਪਾਲਣ-ਪੋਸ਼ਣ ਲਈ ਕਿਰਤ ਕਰਨਾ ਸ਼ੁਰੂ ਕਰ ਦੇਵੇਗੀ ? ਉਸ ਨੂੰ ਮਜ਼ਦੂਰਾਂ ਦੇ ਨਾਲ਼ ਜ਼ਮੀਨ ਵਾਹੁਣੀ ਪਵੇਗੀ। ਇਸ ਨੂੰ ਖਾਨਾਂ, ਕਾਰਖਾਨਿਆਂ ਵਿੱਚ ਕੰਮ ਕਰਨਾ ਪਵੇਗਾ। ਇਸ ਨੂੰ ਬੱਸਾਂ ਅਤੇ ਟ੍ਰੇਨਾਂ ਚਲਾਉਣੀਆਂ ਪੈਣਗੀਆਂ, ਇਸ ਨੂੰ ਗਲੀਆਂ ਵਿੱਚ ਝਾੜੂ ਲਾਉਣਾ ਪਵੇਗਾ ਅਤੇ ਨਾਲੀਆਂ ਦੀ ਸਫਾਈ ਕਰਨੀ ਪਵੇਗੀ। ਸਿਰਫ਼ ਇੱਕ ਤਰ੍ਹਾਂ ਦੇ ਕੰਮ ਨਹੀਂ ਸਗੋਂ ਕਈ ਤਰ੍ਹਾਂ ਦੇ ਕੰਮ। ਇਸ ਨੂੰ ਘੱਟੋ-ਘੱਟ ਸਰੀਰਕ ਮਿਹਨਤ ਦੇ ਨਾਲ਼-ਨਾਲ਼ ਹਰ ਤਰ੍ਹਾਂ ਦੇ ਕੰਮ ਠੀਕ ਉਸੇ ਤਰ੍ਹਾਂ ਕਰਨੇ ਪੈਣਗੇ ਜਿਵੇਂ ਕਿ ਸਮੁੱਚੀ ਮਜ਼ਦੂਰ ਜਮਾਤ ਕਈ ਹਜ਼ਾਰ ਸਾਲਾਂ ਤੋਂ ਕਰਦੀ ਆ ਰਹੀ ਹੈ। ਇਸ ਤੋਂ ਬਿਨਾਂ ਮਾਲਿਕਾਂ ਦੀ ਸੱਤ੍ਹਾ ਨੂੰ ਉਹਨਾਂ ਸਾਰੇ ਹਥਿਆਰਾਂ ਨੂੰ ਛੱਡਣਾ ਪਵੇਗਾ ਜਿਨ੍ਹਾਂ ਨੂੰ ਉਹ ਆਪਣੇ ਕੋਲ਼ ਕਿਰਤੀ ਜਮਾਤ ਨੂੰ ਕੁਚਲਣ ਲਈ ਰੱਖਦੇ ਹਨ। ਇਹਨਾਂ ਨੂੰ ਪੁਲਿਸ ਅਤੇ ਫੌਜ ਦਾ ਖਾਤਮਾ ਕਰਨਾ ਪਵੇਗਾ।

ਕਿਰਤੀ ਘੋਲ ਜਾਂ ਹਿੰਸਾ ਕਿਉਂ ਕਰਨ ਜੇ ਮਾਲਿਕ ਇਸ ਤਬਦੀਲੀ ਲਈ ਸਵੈ ਇੱਛਾ ਨਾਲ਼ ਸਹਿਮਤ ਹੋ ਜਾਣ ? ਕੀ ਕਿਰਤੀ ਜਮਾਤ ਸਨਕੀ ਸੁਭਾਅ ਦੀ ਹੈ ?

ਕੀ ਤੁਸੀਂ ਨਹੀਂ ਜਾਣਦੇ ਹਥਿਆਰਘਰ ਮਜ਼ਦੂਰਾਂ ਦੇ ਕਾਬੂ ਵਿੱਚ ਰਹਿੰਦੇ ਹਨ ਜਾਂ ਮਾਲਿਕਾਂ ਦੇ ਕਾਬੂ ਵਿੱਚ ?

ਕੀ ਤੁਸੀਂ ਨਹੀਂ ਜਾਣਦੇ ਕਿ ਹਿੰਸਾ ਮਾਲਕਾਂ ਦੀ ਜਮਾਤ ਵਿੱਚ ਜਨਮਦੀ ਹੈ ? ਇੱਕ ਪਾਸੇ ਜਿੱਥੇ ਹਿੰਸਾ ਦੇ ਤਰ੍ਹਾਂ-ਤਰ੍ਹਾਂ ਦੇ ਵਿੱਚਿਤਰ ਅਤੇ ਵਿਲੱਖਣ ਔਜ਼ਾਰ ਮੌਜੂਦ ਹੋਣ ਅਤੇ ਜਿੱਥੇ ਹਿੰਸਾ ਵਿੱਚ ਸਿਖਲਾਈ ਸ਼ੁਦਾ ਕਰਮਚਾਰੀਆਂ ਦੀਆਂ ਟੋਲੀਆਂ ਮਾਲਕਾਂ ਦੀ ਮਰਜ਼ੀ 'ਤੇ ਨਿਰਭਰ ਹੋਣ, ਉੱਥੇ ਤੁਸੀਂ ਕਿਰਤੀਆਂ ਦੇ ਉਸ ਘੋਲ ਨੂੰ ਹਿੰਸਾ ਦੇ ਬਰਾਬਰ ਮੰਨ ਰਹੇ ਹੋ ਜੋ ਉਹਨਾਂ ਦੀ ਆਤਮ-ਰੱਖਿਆ ਲਈ ਹੁੰਦਾ ਹੈ। ਇਹ ਸਭ ਕੁੱਝ ਇਹ ਦਰਸਾਉਂਦਾ ਹੈ ਕਿ ਤੁਹਾਨੂੰ ਹਿੰਸਾ ਦੇ ਅਧਾਰ ਦੀ ਕਿੰਨੀ ਚੰਗੀ ਸਮਝਦਾਰੀ ਹੈ।

ਬੁੱਧ ਨੇ ਹਿੰਸਾ ਬਾਰੇ ਕੀ ਕਿਹਾ ਹੈ ? ਉਸ ਨੇ ਕਿਹਾ, "ਯੁੱਧ ਅਣਉਚਿਤ ਹੈ, ਬਸ਼ਰਤੇ ਕੀ ਉਹ ਸੱਚ ਅਤੇ ਇਨਸਾਫ ਲਈ ਨਾ ਹੋਵੇ।" (ਪੰਨਾ 442) ਇਸ ਦਾ ਅਰਥ ਹੋਇਆ ਕਿ ਅਜਿਹਾ ਯੁੱਧ (ਸੱਚ ਤੇ ਇਨਸਾਫ) 'ਸਹੀ' ਯੁੱਧ ਹੋਵੇਗਾ।

ਮਜ਼ਦੂਰ ਜਮਾਤ ਜੋ ਯੁੱਧ ਛੇੜਦੀ ਹੈ, ਉਹ ਵੀ ਇੱਕਸਹੀ ਯੁੱਧ ਹੁੰਦਾ ਹੈ। ਜੇ ਅਜਿਹੇ ਯੁੱਧ ਵਿੱਚ ਮਨੁੱਖ ਮਾਰੇ ਜਾਂਦੇ ਹਨ ਅਤੇ ਹਿੰਸਾ ਹੁੰਦੀ ਹੈ ਤਾਂ ਇਸ ਹਿੰਸਾ ਲਈ ਮਜ਼ਦੂਰ ਜਮਾਤ ਜ਼ਿੰਮੇਵਾਰ ਨਹੀਂ। ਜ਼ਿੰਮੇਵਾਰ ਮਾਲਕ ਜਮਾਤ ਹੋਵੇਗੀ। ਜੇ ਲੋਟੂ ਜਮਾਤ ਆਪਣੀ ਤਾਨਾਸ਼ਾਹੀ ਛੱਡ ਦੇਵੇ ਤਾਂ ਕੋਈ ਹਿੰਸਾ ਨਹੀਂ ਹੋਵੇਗੀ। ਨਹੀਂ ਤਾਂ ਹਿੰਸਾ ਲਾਜ਼ਮੀ ਹੈ। ਆਤਮ ਰੱਖਿਆ ਲਾਜ਼ਮੀ ਹੈ ਜਾਂ ਨਹੀਂ ?

ਅੰਬੇਡਕਰ ਆਪਣੇ ਹੀ ਸ਼ਬਦਾਂ ਨੂੰ ਹਮੇਸ਼ਾ ਭੁੱਲ ਜਾਂਦੇ ਹਨ। ਨਹੀਂ ਤਾਂ ਉਹਨਾਂ ਇਸ ਤੱਥ ਨੂੰ ਯਾਦ ਰੱਖਿਆ ਹੁੰਦਾ ਕਿ ਉਹਨਾਂ ਨੇ ਭਾਵੁਕ ਹੋ ਕੇ ਅਛੂਤਾਂ ਲਈ ਹਿੰਸਾ ਦਾ ਉਪਦੇਸ਼ ਦਿੱਤਾ ਸੀ। ਇਹ ਸੰਦਰਭ ਇਸ ਤਰ੍ਹਾਂ ਸੀ : ਅੰਬੇਡਕਰ ਸ਼ੁਰੂ ਵਿੱਚ ਛੂਤ-ਛਾਤ ਵਿਰੋਧੀ ਸੰਘ ਦੇ ਮੈਂਬਰ ਸਨ ਜਿਸ ਨੂੰ ਗਾਂਧੀ ਨੇ 1932 ਵਿੱਚ ਸ਼ੁਰੂ ਕੀਤਾ ਸੀ। ਅੰਬੇਡਕਰ ਨੇ ਸੰਘ ਦੇ ਸਕੱਤਰ ਠੱਕਰ ਨੂੰ ਚਿੱਠੀ ਲਿਖਣ ਸਮੇਂ ਤਰਕ ਦਿੱਤਾ ਸੀ ਕਿ ਅਛੂਤਾਂ ਦੇ ਹੱਕਾਂ ਦੀ ਸੁਰੱਖਿਆ ਲਈ ਘੋਲ ਕਰਨ ਲਈ ਕਾਰਕੁੰਨਾਂ ਦੀ ਇੱਕ ਫੌਜ ਹੋਣੀ ਚਾਹੀਦੀ ਹੈ ਇਹ ਵੀ ਕਿ ਇਸ ਕੰਮ ਲਈ ਸਮਾਜਿਕ ਗੜਬੜ ਅਤੇ ਇੱਥੋਂ ਤੱਕ ਕਿ ਖ਼ੂਨ ਵੀ ਵਹਾਇਆ ਜਾ ਸਕਦਾ ਹੈ ਅਤੇ ਇਹ ਕਿ ਇਸ ਤੋਂ ਬਿਨਾਂ ਹੋਰ ਦੂਸਰੀ ਕਾਰਜ ਯੋਜਨਾ ਅਸਰਦਾਰ ਸਿੱਧ

ਨਹੀਂ ਹੋਵੇਗੀ।

ਕੀ ਤੁਸੀਂ ਇਸ ਨੂੰ ਅੰਬੇਡਕਰ ਦੇ ਸ਼ਬਦਾਂ ਵਿੱਚ ਹੀ ਦੇਖਣਾ ਚਾਹੋਗੇ?

"ਮੈਂ ਸਮਝਦਾ ਹਾਂ ਕਿ ਸੰਘ ਨੂੰ ਜੋ ਪਹਿਲੀ ਚੀਜ਼ ਆਪਣੇ ਜ਼ਿੰਮੇ ਲੈਣੀ ਚਾਹੀਦੀ ਹੈ, ਉਹ ਹੈ ਭਾਰਤ ਵਿੱਚ ਵਿਸ਼ਾਲ ਮੁਹਿੰਮ ਦਲਿਤਾਂ ਦੇ ਪੱਖ ਵਿੱਚ, ਉਹਨਾਂ ਦੇ ਨਾਗਰਿਕ ਹੱਕਾਂ ਦੀ ਵਰਤੋਂ ਸੁਰੱਖਿਅਤ ਕਰਨ ਲਈ, ਜਿਵੇਂ ਪਿੰਡਾਂ ਦੇ ਖੂਹਾਂ ਤੋਂ ਪਾਣੀ ਲੈਣਾਂ, ਪਿੰਡਾਂ ਦੇ ਸਕੂਲਾਂ ਵਿੱਚ ਭਰਤੀ, ਪਿੰਡਾਂ ਦੀਆਂ ਸੱਥਾਂ ਵਿੱਚ ਪ੍ਰਵੇਸ਼, ਜਨਤਕ ਆਵਾਜਾਈ ਦੀ ਵਰਤੋਂ ਆਦਿ।ਅਜਿਹੀ ਮੁਹਿੰਮ ਪਿੰਡਾਂ ਵਿੱਚ ਚੱਲੇ ਤਾਂ ਹਿੰਦੂ ਸਮਾਜ ਵਿੱਚ ਜਰੂਰ ਸਮਾਜਿਕ ਇਨਕਲਾਬ ਲਿਆਵੇਗਾ ਜਿਸ ਤੋਂ ਬਿਨਾਂ ਦਲਿਤਾਂ ਲਈ ਬਰਾਬਰ ਸਮਾਜਿਕ ਮਾਣ ਪ੍ਰਾਪਤ ਕਰਨਾ ਸੰਭਵ ਨਹੀਂ ਹੋਵੇਗਾ।ਸਭ ਤੋਂ ਪਹਿਲਾਂ ਦਲਿਤਾਂ ਅਤੇ ਹਿੰਦੂ ਜਾਤੀਆਂ ਵਿੱਚ ਦੰਗੇ ਹੋਣਗੇ ਜੋ ਸਿਰ ਪਾੜਣ ਤੱਕ ਹੋ ਸਕਦੇ ਹਨ।... ਸੰਘ ਨੂੰ ਪੇਂਡੂ ਹਿੱਸਿਆਂ ਵਿੱਚ ਕਾਰਕੁੰਨਾਂ ਦੀ ਇੱਕ ਫੌਜ ਰੱਖਣੀ ਪਵੇਗੀ ਜੋ ਦਲਿਤਾਂ ਨੂੰ ਆਪਣੇ ਹੱਕਾਂ ਲਈ ਲੜਣ ਵਾਸਤੇ ਪ੍ਰੇਰਿਤ ਕਰੇ। ਇਹ ਸਹੀ ਹੈ ਕਿ ਇਸ ਕੰਮ ਵਿੱਚ ਸਮਾਜਿਕ ਗੜਬੜ ਅਤੇ ਇੱਥੋਂ ਤੱਕ ਕਿ ਖੂਨ ਵਹਿਣਾ ਵੀ ਸ਼ਾਮਲ ਹੋ ਸਕਦਾ ਹੈ। ਪਰ ਮੈਂ ਨਹੀਂ ਸਮਝਦਾ ਕਿ ਇਸ ਨੂੰ ਟਾਲਿਆ ਜਾ ਸਕਦਾ ਹੈ। ਮੈਂ ਘੱਟੋ-ਘੱਟ ਟਾਕਰੇ ਦੀ ਕਾਰਜ ਦਿਸ਼ਾ ਸਵਿਕਾਰਣ ਦੀ ਬਦਲਵੀਂ ਨੀਤੀ ਬਾਰੇ ਜਾਣਦਾ ਹਾਂ। ਮੈਨੂੰ ਭਰੋਸਾ ਹੈ ਕਿ ਛੂਤ-ਛਾਤ ਮਿਟਾਉਣ ਦੇ ਮਾਮਲੇ ਵਿੱਚ ਇਹ ਅਸਰਦਾਇਕ ਨਹੀਂ ਰਹੇਗੀ... ਤੁਹਾਨੂੰ ਸਿੱਧੀ ਕਾਰਵਾਈ ਰਾਹੀਂ ਸੰਕਟ ਜਰੂਰ ਪੈਦਾ ਕਰਨਾ ਚਾਹੀਦਾ।"

(ਭਾਗ 9, ਪੰਨਾ 135-36, ਜੋਰ ਸਾਡਾ)

ਇਸ ਤਰ੍ਹਾਂ ਅੰਬੇਡਕਰ ਨੇ ਆਪਣੇ ਕਾਫੀ ਲੰਬੇ ਪੱਤਰ ਵਿੱਚ ਬਹੁਤ ਸਾਰੇ ਸੁਝਾਅ ਦਿੱਤੇ। ਕਿਸ ਤਰ੍ਹਾਂ ਦੇ ਸੁਝਾਅ? ਇਹ ਕਿ ਸਿਰਫ਼ ਕਾਰਕੁੰਨਾਂ ਦੀ ਫੌਜ ਰਾਹੀਂ ਜਥੇਬੰਦ ਸਿੱਧੀ ਕਾਰਵਾਈ ਹੀ ਛੂਤ-ਛਾਤ ਨੂੰ ਮਿਟਾਵੇਗੀ, ਭਾਵੇਂ ਇਸ ਵਿੱਚ ਖੂਨ ਵਹਾਉਣਾ ਵੀ ਕਿਉਂ ਨਾ ਸ਼ਾਮਿਲ ਹੋਵੇ।

ਅੰਬੇਡਕਰ ਵੱਲੋਂ ਪੇਸ਼ ਕੀਤੀ ਹੋਰ ਮਿਸਾਲ ਲਵੋ ਜਿੱਥੇ ਉਸ ਨੇ ਕਿਤੇ ਵੀ ਪਸਰੇ ਅਨਿਆਂ ਨਾਲ਼ ਲੜਨ ਲਈ ਸਾਧਨਾਂ ਦਾ ਸੁਝਾਅ ਦਿੱਤਾ ਹੈ! (ਭਾਗ 5, ਪੰਨਾ 375)

ਇਸ ਮੌਕੇ 'ਤੇ ਅੰਬੇਡਕਰ ਨੇ ਗਾਂਧੀ ਦੀ ਆਲੋਚਨਾ ਕੀਤੀ। ਗਾਂਧੀ ਵੱਲੋਂ ਸਥਾਪਿਤ ਹਰੀਜ਼ਨ ਸੇਵਕ ਸੰਘ ਦੇ ਸੰਵਿਧਾਨ ਦੀ ਇੱਕ ਧਾਰਾ ਇਸ ਤਰ੍ਹਾਂ ਹੈ:

"ਇਹ ਕਿ ਹੱਕਾਂ ਨੂੰ ਹਾਸਲ ਕਰਨ ਲਈ ਕਿਸੇ ਤਾਕਤ ਦੀ ਵਰਤੋਂ ਨਹੀਂ ਹੋਣੀ ਹੈ, ਸਗੋਂ ਇੱਕ ਮਾਤਰ ਸਾਧਨ ਦੇ ਰੂਪ ਵਿੱਚ ਸ਼ਾਂਤੀਪੂਰਵਕ ਸਮਝਾਉਣ-ਬੁਝਾਉਣ ਨੂੰ ਅਪਨਾਉਣਾ ਹੈ।" (ਭਾਗ 5, ਪੰਨਾ 375)

ਇਸ ਧਾਰਾ ਲਈ ਗਾਂਧੀ ਦੀ ਆਲੋਚਨਾ ਕਰਦੇ ਸਮੇਂ, ਤਾਕਤ ਦੀ ਵਰਤੋਂ (ਖੂਨ ਵਹਾਉਣ) ਦਾ ਪੱਖ ਪੂਰਦੇ ਹੋਏ ਅੰਬੇਡਕਰ ਨੇ ਆਪਣਾ ਤਰਕ, ਬਹੁਤ ਉਤਸ਼ਾਹ ਨਾਲ਼ ਅੱਗੇ ਵਧਾਇਆ। ਧਾਰਾ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ, ਅੰਬੇਡਕਰ ਕਹਿੰਦੇ ਹਨ:

"ਇਹ ਸੰਘ ਦਾ ਇੱਕ ਮੂਲ ਸਿਧਾਂਤ ਹੈ। ਇਹ ਮੈਨੂੰ ਇੱਕ ਅਜੀਬ ਸੁਝਾਅ ਲੱਗਿਆ-ਸੰਘ ਨੇ ਛੂਤ-ਛਾਤ ਦੂਰ ਕਰਨ ਦੇ ਇੱਕਮਾਤਰ ਸਾਧਨ ਦੇ ਰੂਪ ਵਿੱਚ ਹਿੰਦੂ ਜਾਤੀਆਂ ਨੂੰ ਸਮਝਾਉਣ ਬੁਝਾਉਣ ਤੱਕ ਹੀ ਆਪਣੇ ਆਪ ਨੂੰ ਕਿਉਂ ਸੀਮਤ ਰੱਖਿਆ?" (ਭਾਗ 5, ਪੰਨਾ 375)

ਇਸ ਤਰ੍ਹਾਂ ਉਹਨਾਂ ਨੇ ਵਿਸਥਾਰ ਨਾਲ਼ ਤਰਕ ਪੇਸ਼ ਕੀਤਾ ਅਤੇ ਅੰਤ ਵਿੱਚ ਸਿੱਟਾ ਕੱਢਿਆ ਕਿ ਅਨਿਆਂ ਦਾ ਤਾਕਤ ਦੁਆਰਾ ਟਾਕਰਾ ਕੀਤਾ ਜਾਣਾ ਚਾਹੀਦਾ ਹੈ

ਅਤੇ ਇਸ ਨੂੰ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ।

"ਜੇ ਨਿਆਂ ਨੂੰ ਖਤਮ ਕੀਤਾ ਜਾ ਰਿਹਾ ਹੋਵੇ ਤਾਂ ਇਸ ਦਾ ਟਾਕਰਾ ਕਰਨਾ ਚਾਹੀਦਾ ਅਤੇ ਜਦੋਂ ਅਨਿਆਂ, ਚਾਹੇ ਸਾਮਰਾਜਵਾਦ ਦੇ ਰੂਪ ਵਿੱਚ ਜਾਂ ਜਮਾਤੀ ਤਾਨਾਸ਼ਾਹੀ ਦੇ ਰੂਪ ਵਿੱਚ, ਸਮੂਹਿਕ ਸੱਤ੍ਹਾ ਵੱਲੋਂ ਸਿਰ ਚੁੱਕ ਰਿਹਾ ਹੋਵੇ ਤਾਂ ਇਸ ਨੂੰ ਤਾਕਤ ਰਾਹੀਂ ਚੁਣੌਤੀ ਦੇਣੀ ਚਾਹੀਦੀ ਹੈ। ਜਿਸ ਜਮਾਤ ਨੇ ਆਪਣੀ ਸਥਾਪਿਤ ਸੱਤ੍ਹਾ ਦੀ ਆੜ ਵਿੱਚ ਕਿਲੇਬੰਦੀ ਕਰ ਲਈ ਹੋਵੇ, ਉਸ ਨੂੰ ਉਦੋਂ ਤੱਕ ਪੁੱਟ ਕੇ ਡੇਗਿਆ ਨਹੀਂ ਜਾ ਸਕਦਾ, ਜਦੋਂ ਤੱਕ ਉਸ ਦੇ ਮੁਕਾਬਲੇ ਵਿੱਚ ਤਾਕਤ ਨਾ ਖੜ੍ਹੀ ਕਰ ਲਈ ਜਾਵੇ। ਤਾਕਤਵਰਾਂ ਦੁਆਰਾ ਗਰੀਬਾਂ ਦੀ ਲੁੱਟ ਨੂੰ ਰੋਕਣ ਦਾ ਇੱਕ ਮਾਤਰ ਇਹੀ ਰਾਹ ਹੈ।" (ਭਾਗ 5, ਪੰਨਾ 375)

ਇਸ ਤਰ੍ਹਾਂ ਉਸਨੇ ਕਿਹਾ 'ਸਿਰਫ ਇਹੀ ਰਾਹ ਹੈ' ਜਾਂ ਨਹੀਂ ਕਿਹਾ? ਫਿਰ ਅਨਿਆਂ ਦਾ ਵਿਦਰੋਹ ਜਾਂ ਟਾਕਰਾ ਸੰਘਰਸ਼ ਦੀ ਬਜਾਏ 'ਹਿੰਸਾ' ਕਿਵੇਂ ਹੋ ਸਕਦਾ ਹੈ?

"ਮੈਂ ਕਈ ਅੜਿੱਕਿਆਂ ਵਿੱਚੋਂ ਸਿਰਫ਼ ਦੋ ਦਾ ਵਰਨਣ ਕੀਤਾ ਹੈ ਜਿੰਨਾਂ 'ਤੇ ਸੰਘ ਨੇ ਕਾਬੂ ਕਰਨਾ ਹੋਵੇਗਾ ਬਸ਼ਰਤੇ ਕਿ ਨਾਗਰਿਕ ਹੱਕਾਂ ਦੀ ਇਸ ਮੁਹਿੰਮ ਨੇ ਸਫਲ ਹੋਣਾ ਹੈ ਅਤੇ ਸਫਲਤਾ ਲਈ ਸੰਘ ਨੂੰ ਪੇਂਡੂ ਹਿੱਸਿਆਂ ਵਿੱਚ ਕਾਰਕੁੰਨ ਦੀ ਇੱਕ ਫੌਜ ਰੱਖਣੀ ਹੋਵੇਗੀ ਜੋ ਦਲਿਤਾਂ ਨੂੰ ਆਪਣੇ ਹੱਕਾਂ ਲਈ ਲੜਣ ਵਾਸਤੇ ਪ੍ਰੇਰਿਤ ਕਰੇਗੀ। ਇਹ ਸਹੀ ਹੈ ਕਿ ਇਸ ਕੰਮ ਵਿੱਚ ਸਮਾਜਿਕ ਅਸ਼ਾਂਤੀ ਅਤੇ ਹਿੰਸਕ ਹੱਥੋਂ ਪਾਈ ਹੋ ਸਕਦੀ ਹੈ। ਪਰ ਮੈਂ ਨਹੀਂ ਸਮਝਦਾ ਕਿ ਇਸ ਨੂੰ ਟਾਲਿਆ ਜਾ ਸਕਦਾ ਹੈ।" (ਭਾਗ 5, ਪੰਨਾ 368, ਜੋਰ ਸਾਡਾ) "ਦਲਿਤਾਂ ਦੀ ਮੁਕਤੀ ਤੱਦ ਹੀ ਹੋਵੇਗੀ ਜੇ ਹਿੰਦੂ ਜਾਤੀ ਨੂੰ ਸੋਚਣ ਲਈ ਮਜ਼ਬੂਰ ਕੀਤਾ ਜਾਵੇ ਅਤੇ ਜਬਰੀ ਮਹਿਸੂਸ ਕਰਵਾਇਆ ਜਾਵੇ ਕਿ ਉਹਨਾਂ ਨੂੰ ਆਪਣੇ ਰਾਹ ਨੂੰ ਜਰੂਰ ਬਦਲਣਾ ਪਵੇਗਾ।" (ਭਾਗ 5, ਪੰਨਾ 368, ਜੋਰ ਸਾਡਾ)

ਜਦੋਂ ਮਾਰਕਸ ਦੇ ਸਿਧਾਂਤ ਦੀ ਚਰਚਾ ਦੀ ਵਾਰੀ ਆਈ ਤਾਂ ਅੰਬੇਡਕਰ ਦੇ ਤਰਕ ਕਿਉਂ ਉਲਟ ਗਏ ਜਿਸ ਵਿੱਚ ਉਸਨੇ 'ਹਿੰਸਕ ਹੱਥੋਪਾਈ', 'ਜਬਰੀ', 'ਸੰਕਟ' ਅਤੇ 'ਸਿੱਧੀ ਕਾਰਵਾਈ' ਦੀ ਗੱਲ ਕੀਤੀ ਸੀ ।

ਕੀ 'ਹਿੰਸਾ' ਅਤੇ 'ਤਾਕਤ ਦੀ ਵਰਤੋਂ'– ਜੋ ਛੂਤ–ਛਾਤ ਵਿਰੁੱਧ ਲੜਣ ਦੇ ਸਰਵਉੱਚ ਸਾਧਨ ਸਨ– 'ਕਿਰਤ ਦੀ ਲੁੱਟ' ਵਿਰੁੱਧ ਲੜਣ ਦੇ ਘਟੀਆ ਸਾਧਨ ਹੋ ਗਏ ਹਨ? ਇਸ ਤਰ੍ਹਾਂ ਦੀਆਂ ਦਲੀਲਾਂ ਲਈ ਕਿਹੜਾ ਨਾਮ ਢੁੱਕਵਾਂ ਹੋਵੇਗਾ?

ਜੇ ਅਸੀਂ ਇਸ ਵਿਸ਼ੇ 'ਤੇ ਹੋਰ ਵਿਸਥਾਰ ਨਾਲ਼ ਚਰਚਾ ਕਰੀਏ ਤਾ ਵੇਖਾਂਗੇ ਕਿ ਇਹ ਵਿਦਰੋਹ ਅਤੇ ਤਾਕਤ ਦੀ ਵਰਤੋਂ ਛੂਤ–ਛਾਤ ਦੇ ਮਾਮਲੇ ਵਿੱਚ ਇੰਨ੍ਹੇ ਪ੍ਰਭਾਵੀ ਢੰਗ ਨਾਲ਼ ਕਿਤੇ ਕਾਰਜ ਨਹੀਂ ਕਰਦੇ ਜਿਵੇਂ ਕਿ ਕਿਰਤ ਦੀ ਲੁੱਟ ਦੇ ਮਾਮਲੇ ਵਿੱਚ ਕਰਦੇ ਹਨ।

ਕਿਰਤ ਦੀ ਲੁੱਟ ਸਮਾਪਤ ਕਰਨ ਲਈ ਕਿਰਤੀਆਂ ਨੂੰ ਹੀ ਬਦਲਣਾ ਪਵੇਗਾ ਅਤੇ ਇਸਦੇ ਲਈ ਉਸਨੂੰ ਇਹ ਗਿਆਨ ਪ੍ਰਾਪਤ ਹੋ ਜਾਣਾ ਜ਼ਰੂਰੀ ਹੈ ਕਿ ਲੋਟੂ ਮਾਲਕੀ ਹੱਕਾਂ ਦਾ ਖਾਤਮਾ ਹੋਣਾ ਚਾਹੀਦਾ ਹੈ। ਫਿਰ ਤਾਂ ਸਮੱਸਿਆ ਸੁਲਝ ਜਾਵੇਗੀ। ਹੋਰ ਛੂਤ–ਛਾਤ ਦੇ ਸਵਾਲ 'ਤੇ ਸਥਿਤੀ ਇਸ ਤਰ੍ਹਾਂ ਨਹੀਂ ਹੈ। ਇੱਥੇ ਅਛੂਤਾਂ ਨੂੰ ਨਹੀਂ ਸਗੋਂ ਹਿੰਦੂਆਂ ਨੂੰ ਬਦਲਣਾ ਪਵੇਗਾ। ਜਦੋਂ ਤੱਕ ਹਿੰਦੂ ਮਹਿਸੂਸ ਨਹੀਂ ਕਰਦੇ ਕਿ "ਛੂਤ–ਛਾਤ ਦਾ ਪਾਲਣ ਗਲ਼ਤ ਹੈ", ਅਤੇ ਜਦੋਂ ਤੱਕ ਉਹ ਖੁਦ ਬਦਲਦੇ ਨਹੀਂ, ਤਦ ਤੱਕ ਅਛੂਤਾਂ ਦੇ ਵਿਦਰੋਹ ਪ੍ਰਭਾਵੀ ਨਹੀਂ ਹੋਣਗੇ।

ਅਛੂਤਾਂ ਨੂੰ ਜਨਤਕ ਖੂਹਾਂ ਦੀ ਵਰਤੋਂ ਕਰਨ ਦਾ ਹੱਕ ਹਾਸਲ ਹੋ ਸਕਦਾ ਹੈ। ਪਰ ਉਸ ਹਾਲਤ ਵਿੱਚ ਅਛੂਤ ਕੀ ਕਰ ਸਕਦੇ ਹਨ ਜੇ ਹਿੰਦੂ ਉਹਨਾਂ ਖੂਹਾਂ 'ਤੇ ਆਉਣਾ ਹੀ ਬੰਦ ਕਰ ਦੇਣ? ਉਹ ਕਿਸ ਹੱਕ ਨਾਲ਼ ਹਿੰਦੂਆਂ ਨੂੰ ਖੂਹਾਂ 'ਤੇ ਆਉਣ ਲਈ ਮਜਬੂਰ

ਕਰ ਸਕਦੇ ਹਨ ? ਜੇ ਹਿੰਦੂਆਂ ਦੇ ਬੱਚੇ ਉਹਨਾਂ ਸਕੂਲਾਂ ਵਿੱਚ ਜਾਣ ਹੀ ਨਾ ਜਿੱਥੇ ਅਛੂਤਾਂ ਦੇ ਬੱਚੇ ਪੜ੍ਹਦੇ ਹਨ ਤਾਂ ਉਹ ਕੀ ਕਰਨਗੇ ? ਜੇ ਹਿੰਦੂ ਉਹਨਾਂ ਮੰਦਰਾਂ ਵਿੱਚ ਨਾ ਜਾਣ ਜਿੱਥੇ ਅਛੂਤ ਦਾਖਲ ਹੁੰਦੇ ਹਨ ? ਜੇ ਹਿੰਦੂ ਅਛੂਤਾਂ ਨੂੰ ਘਰੇਲੂ ਨੌਕਰਾਂ ਦੇ ਰੂਪ ਵਿੱਚ ਨਾ ਰੱਖਣ ? ਉਹ (ਅਛੂਤ) ਕਿਸੇ ਹਿੰਦੂ ਵਿਰੁੱਧ ਉਸ ਨੂੰ ਇਸ ਗੱਲ ਤੋਂ ਰੋਕਣ ਲਈ ਕਿਸ ਹੱਕ ਨਾਲ਼ ਲੜ ਸਕਦੇ ਹਨ ਕਿਸੇ ਅਛੂਤ ਨਾਲ਼ ਛੂਹ ਜਾਣ ਬਾਅਦ ਉਹ ਘਰੇ ਨਹਾ ਲੈਂਦਾ ਹੈ ? ਇਹ ਅਜਿਹਾ ਕੁੱਝ ਨਹੀਂ ਜੋ ਹਿੰਦੂਆਂ ਦੇ ਵਿਰੁੱਧ ਤਾਕਤ ਦੀ ਵਰਤੋਂ ਦੁਆਰਾਂ ਅਛੂਤਾਂ ਨੂੰ ਹਾਸਲ ਹੋ ਸਕੇ ਇਸ ਦਾ ਹੱਲ ਹਿੰਦੂਆਂ ਦੇ ਹੱਥਾਂ ਵਿੱਚ ਹੈ ਨਾ ਕਿ ਅਛੂਤਾਂ ਦੇ।

ਛੂਤ-ਛੂਤ ਅਤੇ ਜਾਤ-ਪਾਤੀ ਵਿਤਕਰੇ ਦੀ ਸਮੱਸਿਆ ਦੀ ਪ੍ਰਕਿਰਤੀ ਅਜਿਹੀ ਹੈ ਕਿ ਉਸਦਾ ਖਾਤਮਾ ਕਰਨਾ ਉਦੋਂ ਤੱਕ ਸੰਭਵ ਨਹੀਂ ਜਦੋਂ ਤੱਕ ਇਸ ਨੂੰ ਅਮਲ ਵਿੱਚ ਲਿਆਉਣ ਵਾਲ਼ੇ ਤਬਦੀਲ ਨਾ ਹੋਣ। ਇੱਥੇ ਦੂਸਰਿਆਂ ਦੇ ਹੱਕ ਮਹੱਤਵ ਨਹੀਂ ਰੱਖਦੇ।

ਇਹ ਸੱਚਾਈ ਹੈ ਕਿ ਛੂਤ-ਛਾਤ ਦੀ ਪ੍ਰਥਾ ਅੱਜ ਖਤਮ ਹੋ ਚੁੱਕੀ ਹੈ। ਅਜਿਹਾ ਹਿੰਦੂਆਂ ਦੇ ਸੱਭਿਆਚਾਰਕ ਸੋਧੇ ਹੋਏ ਵਿਚਾਰਾਂ ਦੇ ਕਾਰਨ ਹੈ, ਨਾ ਕਿ ਇਸ ਕਾਰਨ ਕਿ ਅਛੂਤਾਂ ਨੇ ਹਿੰਦੂਆਂ ਨੂੰ ਇਸਦੇ ਅਮਲ ਤੋਂ ਰੋਕ ਦਿੱਤਾ ਹੈ।

ਸੱਭਿਆਚਾਰਕ ਰੂਪ ਵਿੱਚ ਸੋਧੇ ਹੋਏ ਵਿਚਾਰ ਸਦਾ ਉਹਨਾਂ ਹਾਲਤਾਂ ਵਿਰੁੱਧ ਲੜਾਈ ਦੇ ਕਾਰਨ ਪੈਦਾ ਹੁੰਦੇ ਹਨ ਜੋ ਉਹਨਾਂ ਵਿਚਾਰਾਂ ਦੇ ਉਲ਼ਟ ਹੁੰਦੀਆਂ ਹਨ। ਜਾਤੀ ਭੇਦ ਮੰਨਣ ਵਾਲ਼ਿਆਂ ਵਿੱਚ ਸੱਭਿਆਚਾਰਕ ਸੋਧੇ ਹੋਏ ਵਿਚਾਰ ਉਪਜਦੇ ਹਨ ਕਿਉਂਕਿ ਛੂਤ-ਛਾਤ ਪੀੜਤਾਂ ਨੇ ਕਿਸੇ ਨਾ ਕਿਸੇ ਰੂਪ ਵਿੱਚ ਛੂਤ-ਛਾਤ ਵਿਰੁੱਧ ਸੰਘਰਸ਼ ਕੀਤਾ। ਇਹ ਸੱਚ ਹੈ। ਪਰ ਛੂਤ-ਛਾਤ ਪੀੜਤਾਂ ਨੇ ਉਹਨਾਂ ਵਿਚਾਰਾਂ ਨੂੰ ਕਿਵੇਂ ਗ੍ਰਹਿਣ ਕੀਤਾ ਅਤੇ ਛੂਤ-ਛਾਤ ਵਿਰੁੱਧ ਸੰਘਰਸ਼ ਕੀਤਾ ? ਆਪਦੀ ਲੁੱਟ ਕਰਕੇ। ਇਹ ਕਾਰਣ ਆਦਿ ਕਾਲ ਵਿੱਚ ਵੀ ਮੌਜੂਦ ਸੀ। ਲੁੱਟ ਤੋਂ ਇਲਾਵਾ, ਪੈਦਾਵਾਰੀ ਸਬੰਧਾਂ ਦੇ ਖੇਤਰ ਵਿੱਚ ਬਦਲਾਅ ਅਤੇ ਸੰਘਰਸ਼- ਜੋ ਸੱਭਿਆਚਾਰ ਨੂੰ ਪ੍ਰਭਾਵਿਤ ਕਰਦੇ ਹਨ। ਅਜਿਹੇ ਬਦਲਾਅ ਅਤੇ ਸੰਘਰਸ਼ ਦਲਿਤਾਂ ਨੂੰ ਛੂਤ-ਛਾਤ ਵਿਰੁੱਧ ਲੜਣ ਲਈ ਉਤਸ਼ਾਹਿਤ ਕਰਦੇ ਹਨ। ਉਹ ਉਹਨਾਂ ਹਿੰਦੂਆਂ ਨੂੰ ਵੀ ਪ੍ਰਭਾਵਿਤ ਕਰਦੇ ਹਨ ਜੋ ਛੂਤ-ਛਾਤ ਵਾਲ਼ਾ ਵਿਵਹਾਰ ਕਰਦੇ ਹਨ।

ਅੰਬੇਡਕਰ ਨੇ ਛੂਤ-ਛਾਤ ਦੇ ਮਾਮਲੇ ਵਿੱਚ ਤਾਕਤ ਦੀ ਵਰਤੋਂ ਦਾ ਸੁਝਾਅ ਦਿੱਤਾ ਜਿੱਥੇ ਇਸ ਦੀ ਵਰਤੋਂ ਨਾਲ਼ ਗਲ਼ਤ ਪ੍ਰਥਾ ਨੂੰ ਸਮਾਪਤ ਕਰਨਾ ਸੰਭਵ ਨਹੀਂ। ਜਦ ਕਿ 'ਕਿਰਤ ਦੀ ਲੁੱਟ' ਬਾਰੇ, ਉਹ ਦਲੀਲ ਦੇ ਰਹੇ ਹਨ ਕਿ 'ਤਾਕਤ' ਲਾਗੂ ਨਹੀਂ ਹੁੰਦੀ। ਉਹਨਾਂ ਨੇ ਕਿਹਾ ਸੀ ਕਿ ਲੋਕਾਂ ਨੂੰ ਜਮਾਤੀ ਤਾਨਾਸ਼ਾਹੀ ਦੇ ਰੂਪ ਵਿੱਚ ਸਮੂਹਿਕ ਸੱਤ੍ਹਾ ਦਾ ਟਾਕਰਾ ਕਰਨਾ ਚਾਹੀਦਾ ਹੈ, ਕਿਹਾ ਸੀ ਨਾ ? ਫਿਰ ਉਹ ਕਿਵੇਂ ਕਹਿ ਸਕਦੇ ਹਨ ਕਿ ਮਾਰਕਸਵਾਦ ਹਿੰਸਾ ਦੇ ਰਾਹ ਦੀ ਵਕਾਲਤ ਕਰਦਾ ਹੈ। ਇਸ ਲਈ ਇਹ ਵਧੀਆ ਰਾਹ ਨਹੀਂ ਹੈ ? ਕੀ ਇਹ ਹੈਰਾਨੀਜਨਕ ਨਹੀਂ ?

ਜੇ ਅਸੀਂ ਅੰਬੇਡਕਰ ਦੀ ਹਰ ਗੱਲ ਤੇ ਹੈਰਾਨ ਹੋਣ ਲੱਗੀਏ ਤਾਂ ਇਹ ਅੰਤਹੀਨ ਕ੍ਰਿਆ ਹੋਵੇਗੀ। ਅਸੀਂ ਕੇਵਲ ਇੱਕ ਜਾਂ ਦੋ ਮੌਕਿਆਂ 'ਤੇ ਨਹੀਂ, ਸਗੋਂ ਲਗਾਤਾਰ ਹੈਰਾਨ ਹੁੰਦੇ ਹਾਂ। ਆਖਰਕਾਰ ਅਸੀਂ ਕਦੋਂ ਤੱਕ ਹੈਰਾਨ ਹੁੰਦੇ ਰਹਾਂਗੇ ਜਦੋਂ ਕਿ ਸਾਨੂੰ ਹਰ ਪੰਨੇ 'ਤੇ ਹੈਰਾਨ ਹੋਣਾ ਪਵੇ।

ਜੇ ਦੂਸਰੇ ਲੋਕ ਉਹੀ ਗੱਲਾਂ ਕਹਿਣ ਜੋ ਉਹਨਾਂ ਨੇ ਕਹੀਆਂ ਸਨ, ਤਾਂ ਗਲ਼ਤ ਹੈ। ਸਗੋਂ, ਅੱਜ ! ਉਹ ਉਸ ਗੱਲ ਨੂੰ ਨਹੀਂ ਕਹਿਣਗੇ ਜੋ ਉਹਨਾਂ ਨੇ ਕੱਲ ਕਹੀ ਸੀ ! ਉਹ ਉਹੀ ਗੱਲ ਕੱਲ ਨੂੰ ਨਹੀਂ ਕਹਿਣਗੇ ਜੋ ਉਹਨਾਂ ਨੇ ਅੱਜ ਕਹੀ ! ਤੱਤ ਰੂਪ ਵਿੱਚ ਕਿਸੇ

ਤਬਦੀਲੀ ਤੋਂ ਬਿਨਾਂ ਹੀ ਉਹਨਾਂ ਦੀਆਂ ਦਲੀਲਾਂ ਬਦਲ ਜਾਂਦੀਆਂ ਹਨ। ਉਹ ਆਪਣੀ ਸੁਵਿਧਾ ਅਨੁਸਾਰ ਉਸ ਵਿੱਚ ਫੇਰ ਬਦਲ ਕਰ ਲੈਂਦੇ ਹਨ। ਇਹੋ ਹੀ ਇੱਕ ਮਾਤਰ ਸਿਧਾਂਤ ਹੈ ਜਿਸਦੇ ਉਹ ਧਾਰਨੀ ਪ੍ਰਤੀਤ ਹੁੰਦੇ ਹਨ।

ਖੈਰ, ਹੁਣ ਮਾਰਕਸਵਾਦ ਦੇ ਉਸ ਨੁਕਤੇ ’ਤੇ ਚਰਚਾ ਕੀਤੀ ਜਾਵੇ ਜੋ ਅੰਬੇਡਕਰ ਨੂੰ ਮਾਫਕ ਨਹੀਂ ਹੈ।

ਅੰਬੇਡਕਰ ਦਲੀਲ ਪੇਸ਼ ਕਰਦੇ ਹਨ ਕਿ ਮਾਰਕਸ ਨੇ ਜਮਹੂਰੀਅਤ ਦੀ ਬਜਾਏ ਤਾਨਾਸ਼ਾਹੀ ਦੇ ਰਾਹ ਦਾ ਸੁਝਾਅ ਦਿੱਤਾ ਸੀ ਜਦ ਕਿ ਬੁੱਧ ਨੇ ਜਮਹੂਰੀਅਤ ਦਾ ਉਪਦੇਸ਼ ਦਿੱਤਾ ਸੀ ਅਤੇ ਇਸ ਲਈ ਬੁੱਧ ਦਾ ਰਾਹ ਬਿਹਤਰ ਹੈ!

ਅਸੀਂ ਇਹ ਬਾਅਦ ਵਿੱਚ ਚਰਚਾ ਕਰਾਂਗੇ ਕਿ ਤਾਨਾਸ਼ਾਹੀ ਤੋਂ ਮਾਰਕਸ ਦਾ ਕੀ ਅਰਥ ਹੈ। ਪਹਿਲਾਂ ਤਾਂ ਅਸੀਂ ਇਹ ਦੇਖ ਲਈਏ ਕਿ ਇਸ ਦਾਅਵੇ ਦਾ ਅਧਾਰ ਕੀ ਹੈ ਕਿ ਬੁੱਧ ਨੇ ਜਮਹੂਰੀਅਤ ਪ੍ਰਸਤਾਵਿਤ ਕੀਤੀ ਸੀ ? ਅੰਬੇਡਕਰ ਆਪਣੇ ਦਾਅਵੇ ਦੇ ਸਮਰਥਨ ਵਿੱਚ ਕੁੱਝ ਉਦਾਹਰਣ ਦਿੰਦੇ ਹਨ:

1. “ਡਿਕਟੇਟਰਸ਼ਿਪ (ਤਾਨਾਸ਼ਾਹੀ) ਬੁੱਧ ਨੂੰ ਬਿਲਕੁਲ ਸਵੀਕਾਰ ਨਹੀਂ। ਉਹ ਜਮਹੂਰੀ ਹੀ ਰਹੇ। ਉਹਨਾਂ ਦੇ ਜੀਵਨ ਕਾਲ ਵਿੱਚ 14 ਰਾਜਤੰਤਰ ਅਤੇ 4 ਗਣਤੰਤਰ ਸਨ। ਉਹ ਸ਼ੱਕ ਦੇ ਵੰਸ਼ ਵਿੱਚੋਂ ਸਨ ਅਤੇ ਸ਼ੱਕਾਂ (ਮੁਗਲ ਘਰਾਣਾ) ਦਾ ਰਾਜ ਗਣਤੰਤਰ ਸੀ।” (ਪੰਨਾਂ 45)

ਉਹ ਸਾਰੇ ਦੇਸ਼ ਲੁੱਟ ’ਤੇ ਟਿਕੇ ਹੋਏ ਸਨ ਜਿਹਨਾਂ ਦਾ ਅੰਬੇਡਕਰ ਨੇ ‘ਗਣਤੰਤਰ’ ਦੇ ਰੂਪ ਵਿੱਚ ਗੁਣਗਾਨ ਕੀਤਾ ਹੈ। ਉਹਨਾਂ ਗਣਤੰਤਰਾਂ ਵਿੱਚ ਇੱਕ ਉਹ ਜਮਾਤ ਹੈ ਜੋ ਕਿਰਤ ਕਰਦੀ ਸੀ ਅਤੇ ਇੱਕ ਉਹ ਜਮਾਤ ਜੋ ਕਿਰਤ ਦੀ ਲੁੱਟ ਕਰਦੀ ਸੀ। ਦਾਸਾਂ ਨੂੰ ਕੋਈ ਹੱਕ ਹਾਸਲ ਨਹੀਂ ਸੀ। ਇਹ ਉਹ ਸਰਵਉੱਚ ਜਮਹੂਰੀਅਤ ਹੈ ਜੋ ਅੰਬੇਡਕਰ ਨੂੰ ਪਿਆਰੀ ਹੈ। ਅੰਬੇਡਕਰ ਨੇ ਕਈ ਮੌਕਿਆਂ ’ਤੇ ਕਿਹਾ ਕਿ ਭਾਰਤ ਵਿੱਚ ਕੋਈ ਜਮਹੂਰੀਅਤ ਨਹੀਂ ਹੈ ਜਿੱਥੇ ਕਿ ਸਾਡੇ ਵਿਚਕਾਰ ਅਛੂਤ ਹੋਣ ਅਤੇ ਇਹ ਕਿ ਜਮਹੂਰੀਅਤ ਦੇ ਨਾਮ ’ਤੇ ਜੋ ਕੁੱਝ ਵੀ ਹੈ, ਉਹ ਅਛੂਤਾਂ ਲਈ ਜਮਹੂਰੀਅਤ ਨਹੀਂ ਹੈ। ਫਿਰ ਦਾਸਾਂ ਨਾਲ਼ ਭਰਿਆ ਉਹ ਸਮਾਜ, ਜਮਹੂਰੀ ਸਮਾਜ ਕਿਵੇਂ ਹੋ ਸਕਦਾ ਸੀ ਜੋ 2500 ਸਾਲ ਪਹਿਲਾਂ ਮੌਜੂਦ ਸੀ ? ਦੇਖੋ ਅਸੀਂ ਇੱਕ ਵਾਰ ਫਿਰ ਹੈਰਾਨ ਹੋ ਗਏ ਨਾ!

2. ਬੁੱਧ ਜਮਹੂਰੀ ਸਨ। ਇਹ ਦਾਅਵਾ ਕਰਨ ਲਈ ਅੰਬੇਡਕਰ ਨੇ ਇੱਕ ਹੋਰ ਮਿਸਾਲ ਦਿੱਤੀ ਹੈ: ਇਹ ਕਿ ਬੁੱਧ ਹੋਰ ਭਿਕਸ਼ੂਆਂ ਦੇ ਨਾਲ਼ ਹੀ ਚੀਥੜਿਆਂ (ਫਟੇ ਪੁਰਾਣੇ ਕੱਪੜਿਆਂ) ਨਾਲ਼ ਬਣਾਈ ਪੁਸ਼ਾਕ ਪਹਿਨਦੇ ਸਨ! ਅੰਬੇਡਕਰ ਕਹਿੰਦੇ ਹਨ ਕਿ ਚੀਥੜਿਆਂ ਨਾਲ਼ ਬਣੀ ਪੁਸ਼ਾਕ ਪਹਿਨਣ ਦਾ ਅਰਥ ਕੁਲੀਨਾਂ ਨੂੰ ਸੰਘ ਵਿੱਚ ਸ਼ਾਮਲ ਹੋਣ ਤੋਂ ਰੋਕਣਾ ਸੀ। ਇਸਦਾ ਅਰਥ ਹੈ ਕਿ ਲੋਕ ਸੰਘ ਵਿੱਚ ਇਸ ਲਈ ਸ਼ਾਮਲ ਨਹੀਂ ਹੁੰਦੇ ਸੀ ਕਿ ਉਹਨਾਂ ਦੀ ਧੰਮ (ਪੰਥ) ਵਿੱਚ ਕੋਈ ਰੁਚੀ ਸੀ। ਉਹ ਉਦੋਂ ਸ਼ਾਮਿਲ ਹੁੰਦੇ ਸੀ ਕਿ ਜਦੋਂ ਉਹ ਚੀਥੜਿਆਂ ਤੋਂ ਬਣਾਈ ਪੁਸ਼ਾਕ ਤੋਂ ਡਰਦੇ ਨਹੀਂ ਹੁੰਦੇ ਸੀ! ਜੇ ਉਹਨਾਂ ਨੂੰ ਚੀਥੜਿਆਂ ਵਿੱਚ ਸਜੇ ਰਹਿਣ ਦਾ ਡਰ ਰਹਿੰਦਾ ਤਾਂ ਉਹ ਸ਼ਾਮਲ ਨਾ ਹੁੰਦੇ!

ਜੇ ਬੁੱਧ ਕੁਲੀਨਾਂ ਨੂੰ ਪ੍ਰਵੇਸ਼ ਦੇਣ ਦੀ ਰੁਚੀ ਨਹੀਂ ਰੱਖਦੇ ਸੀ, ਤਾ ਕੀ ਉਸ ਦੁਆਰਾ ਇਹ ਸ਼ਰਤ ਰੱਖ ਦੇਣਾ ਬਹੁਤ ਨਹੀਂ ਸੀ ਕਿ ਉਹ ਧਨੀਆਂ ਨੂੰ ਪ੍ਰਵੇਸ਼ ਨਹੀਂ ਦਿੰਦੇ ? ਕੀ ‘ਚੀਥੜਿਆਂ ਤੋਂ ਬਣੀ ਪੁਸ਼ਾਕ’ ਪਹਿਨਣਾ ਹੀ ਇਸ ਦਾ ਹੱਲ ਹੈ ?

ਬੁੱਧ ਨੇ ਕਿਸੇ ਵੀ ਸੂਰਤ ਵਿੱਚ ਇਹ ਅਸੂਲ ਨਿਰਧਾਰਤ ਨਹੀਂ ਕੀਤਾ ਕਿ ਮੈਂਬਰਾਂ ਕੋਲ ‘ਮੁਦਰਾ’ ਨਹੀਂ ਹੋਣੀ ਚਾਹੀਦੀ, ਕੀ ਇਸ ਤਰ੍ਹਾਂ ਕੀਤਾ ਸੀ ? ਫਿਰ ਮੁਦਰਾ ਦੀ

ਪ੍ਰਧਾਨਤਾ ਜਾਂ ਕੁਲੀਨਵਾਦ ਗਲ਼ਤ ਕਿਵੇਂ ਹੋ ਗਿਆ? ਕਿਸੇ ਵਿਅਕਤੀ ਨੂੰ ਸੰਘ ਵਿੱਚ ਪ੍ਰਵੇਸ਼ ਦੇਣ ਲਈ ਮੁਦਰਾ ਦਾ ਸੰਦਰਭ ਹੀ ਕੀ ਹੈ? ਚਾਹੇ ਕਿੰਨਾਂ ਹੀ ਛੋਟਾ ਮਾਮਲਾ ਅੰਬੇਡਕਰ ਕਿਉਂ ਨਾ ਉਠਾਉਂਦੇ ਹੋਣ, ਇਸ ਵਿੱਚ ਘੱਟੋ-ਘੱਟ ਸੌ ਭੁੱਲਾਂ ਜਰੂਰ ਹੁੰਦੀਆਂ ਹਨ!

ਜਦੋਂ ਸਾਰੇ ਮੰਗਤੇ ਇਨ੍ਹਾਂ ਚੀਥੜਿਆਂ ਤੋਂ ਬਣੀਆਂ ਪੁਸ਼ਾਕਾਂ ਪਹਿਨ ਰਹੇ ਸਨ, ਉਸੇ ਦੌਰਾਨ ਜੀਵਿਕਾ ਨਾਮ ਦੇ ਇੱਕ ਸ਼ਾਹੀ ਵੈਦ ਨੇ ਬੁੱਧ ਨੂੰ ਪੂਰਨ ਵਸਤਰ ਤੋਂ ਨਿਰਮਤ ਪੁਸ਼ਾਕ ਸਵੀਕਾਰ ਕਰਨ ਲਈ ਰਾਜੀ ਕਰ ਲਿਆ। ਬੁੱਧ ਨੇ ਝੱਟ ਅਸੂਲ ਬਦਲ ਦਿੱਤਾ ਅਤੇ ਇਸਦਾ ਸਾਰੇ ਮੰਗਤਿਆਂ ਤੱਕ ਵਿਸਤਾਰ ਕਰ ਦਿੱਤਾ। (ਪੰਨਾ 452) ਅੰਬੇਡਕਰ ਦੇ ਅਨੁਸਾਰ, "ਬੁੱਧ ਪੂਰਨ ਸਮਤਾਵਾਦੀ ਸਨ।" ਅਜਿਹਾ ਪ੍ਰਤੀਤ ਹੁੰਦਾ ਹੈ ਕਿ ਬੁੱਧ ਨੂੰ ਪੂਰਨ ਵਸਤਰ ਤੋਂ ਬਣੀ ਪੁਸ਼ਾਕ ਜੱਚ ਗਈ। ਕਿਉਂਕਿ ਉਹ ਉਸ ਪੁਸ਼ਾਕ ਨੂੰ ਲਾਹੁਣਾ ਨਹੀਂ ਚਾਹੁੰਦੇ ਸੀ, ਇਸ ਲਈ ਉਹਨਾਂ ਨੇ ਮੰਗਤਿਆਂ ਨੂੰ ਵੀ ਉਸੇ ਤਰ੍ਹਾਂ ਦੀ ਪੁਸ਼ਾਕ ਪਹਿਨਣ ਦੀ ਆਗਿਆ ਦਿੱਤੀ। ਆਹ, ਬੁੱਧ ਕਿੰਨਾਂ ਚਤੁਰ ਵਿਅਕਤੀ ਸੀ।

ਚੀਥੜਿਆਂ ਵਾਲ਼ੀ ਇਹ ਜਮਹੂਰੀਅਤ ਅਜੀਬ ਹੈ, ਪਰ ਕੀ ਕੁਲੀਨਾਂ ਦੇ ਸੰਘ ਵਿੱਚ ਸ਼ਾਮਿਲ ਹੋਣ ਵਾਲ਼ੀ ਸਮੱਸਿਆ ਫਿਰ ਹਾਜਰ ਨਹੀਂ ਹੋ ਜਾਵੇਗੀ? ਚੀਥੜਿਆਂ ਤੋਂ ਬਣਿਆਂ ਪੁਸ਼ਾਕਾਂ ਵਾਲ਼ਾ ਪਹਿਲਾਂ ਨਿਯਮ ਤਾਂ ਕੁਲੀਨ ਜਮਾਤਾਂ ਦੇ ਪ੍ਰਵੇਸ਼ ਨੂੰ ਰੋਕਣ ਲਈ ਹੀ ਸੀ, ਜਾਂ ਨਹੀਂ ਸੀ। ਜੇ ਤੁਸੀਂ ਉਸ ਨਿਯਮ ਨੂੰ ਹਟਾ ਦੇਵੋਗੇ ਤਾਂ ਤੁਸੀਂ ਕੁਲੀਨਾਂ ਦੇ ਸੰਘ ਵਿੱਚ ਸ਼ਾਮਲ ਹੋਣ ਵਾਲ਼ੀ ਸਮੱਸਿਆ ਨੂੰ ਕਿਵੇਂ ਹੱਲ ਕਰੋਗੇ। ਕੀ ਇਹ ਜਾਣ ਕੇ ਫਿਰ ਹੈਰਾਨੀ ਨਹੀਂ ਹੁੰਦੀ ਕਿ ਅੰਬੇਡਕਰ ਨੇ ਬਿਨਾਂ ਇਸ ਸੁਆਲ ਨੂੰ ਦਿਮਾਗ ਵਿੱਚ ਰੱਖੇ ਕਹਾਣੀ ਘੜ ਦਿੱਤੀ? ਇਹ ਦੁਖਦਾਈ ਹੈ ਕਿ ਅੰਬੇਡਕਰ ਇਹ ਸੋਚਦੇ ਹੋਏ ਬਿਨਾਂ ਵਜਾਹ ਮੁਸ਼ਕਿਲ ਵਿੱਚ ਕੁੱਦ ਪਏ ਕਿ ਉਹ ਪੁਸ਼ਾਕਾਂ ਵਾਲ਼ੀ ਦੰਦ ਕਥਾ ਦੁਆਰਾ ਬੁੱਧ ਦੀ ਜਮਹੂਰੀਅਤ ਨੂੰ ਸਿੱਧ ਕਰ ਦੇਣਗੇ।

3. "ਇੱਕ ਵਾਰ ਬੁੱਧ ਦੀ ਮਾਂ ਗੌਤਮੀ ਨੇ, ਜੋ ਕਿ ਮੰਗਤੀਆਂ ਦੇ ਸੰਘ ਵਿੱਚ ਸ਼ਾਮਿਲ ਹੋ ਚੁੱਕੀ ਸੀ, ਸੁਣਿਆ ਕਿ 'ਬੁੱਧ ਨੂੰ ਠੰਢ ਲੱਗ ਗਈ ਹੈ...' ਇਹ ਸੁਨਣ 'ਤੇ ਉਹਨੇ ਉਸ ਲਈ ਤੁਰਤ ਹੀ ਗੁਲੂਬੰਦ ਤਿਆਰ ਕਰਨਾ ਸ਼ੁਰੂ ਕਰ ਦਿੱਤਾ (ਇਹ ਮਾਤਾ ਜੀ ਸ਼ਾਇਦ ਇਸ ਤਰ੍ਹਾਂ ਦੀ ਵਿਅਕਤੀ ਹੈ ਜਿਸ ਲਈ ਇਹ ਕਹਾਵਤ ਢੁੱਕਵੀਂ ਹੈ 'ਘਰ ਵਿੱਚ ਅੱਗ ਲੱਗਣ 'ਤੇ ਖ਼ੂਹ ਪੁੱਟਣਾ।' ਠੰਡ ਲੱਗ ਜਾਣ ਤੋਂ ਬਾਅਦ ਗੁਲੂਬੰਦ ਬਣਾ ਰਹੀ ਹੈ!) ਉਹ ਦੇ ਪੂਰਾ ਹੋ ਜਾਣ ਤੋਂ ਬਾਅਦ ਉਹ ਬੁੱਧ ਕੋਲ਼ ਲੈ ਕੇ ਗਈ ਅਤੇ ਉਸ ਨੂੰ ਇਹ ਪਹਿਨਣ ਲਈ ਕਿਹਾ। ਪਰ ਉਹਨੇ ਇਹ ਕਹਿੰਦੇ ਹੋਏ, ਇਹਨੂੰ ਸਵੀਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਕਿ ਜੇ ਇਹ ਤੋਹਫਾ ਹੈ ਤਾਂ ਸਾਰੇ ਸੰਘ ਲਈ ਹੋਣਾ ਚਾਹੀਦਾ ਹੈ, ਨਾ ਕਿ ਸੰਘ ਦੇ ਕਿਸੇ ਵਿਅਕਤੀਗਤ ਮੈਂਬਰ ਲਈ। ਉਹ ਮਿੰਨਤ ਕਰਦੀ ਰਹੀ ਪਰ ਉਸਨੇ ਮੰਨਣ ਤੋਂ ਇਨਕਾਰ ਕਰ ਦਿੱਤਾ।" (ਪੰਨਾ 452)

ਇਸਦਾ ਅਰਥ ਹੈ ਕਿ ਬੁੱਧ ਜਮਹੂਰੀ ਸਨ! ਇਹ ਤੀਜੀ ਮਿਸਾਲ ਹੈ।

ਪਰ ਉਹ ਗੁਲੂਬੰਦ ਨੂੰ ਸੰਘ ਲਈ ਲੈ ਸਕਦੇ ਸਨ ਅਤੇ ਹਰ ਇੱਕ- ਜਿਸ ਨੂੰ ਉਹਦੀ ਲੋੜ ਹੁੰਦੀ- ਇਸ ਦੀ ਵਰਤੋਂ ਕਰ ਸਕਦਾ ਸੀ। ਹੁਣ ਤਾਂ ਬੁੱਧ ਉਸਦੀ ਇਸ ਲਈ ਵਰਤੋਂ ਕਰਦੇ ਕਿਉਂਕਿ ਉਹਨਾਂ ਨੂੰ ਠੰਡ ਲੱਗ ਗਈ ਸੀ। ਬਾਅਦ ਵਿੱਚ, ਇਸ ਨੂੰ ਧੋ ਕੇ ਸਾਫ ਕਰਕੇ ਦੂਸਰੇ ਇਸ ਦੀ ਵਰਤੋਂ ਕਰਦੇ। ਕੀ ਠੰਡ ਲੱਗਣ ਦਾ ਵੀ ਕੋਈ ਅਕਾਲ ਹੈ? ਜਿਹਦੇ ਕੋਲ ਵੀ ਨੱਕ ਹੈ, ਉਸ ਨੂੰ ਠੰਡ ਲੱਗੇਗੀ ਹੀ। ਸੰਘ ਦੁਆਰਾ ਗੁਲੂਬੰਦ ਦੀ ਵਰਤੋਂ ਕੀਤੇ ਜਾਣ ਦਾ ਅਰਥ ਹੈ ਕਿ ਹਰ ਇੱਕ ਮੈਂਬਰ ਇਸ ਦੀ ਅੱਡ-ਅੱਡ ਵਰਤੋਂ ਕਰੇਗਾ। ਸੰਘ

ਦੇ ਸਾਰੇ ਮੈਂਬਰ ਉਸ ਨੂੰ ਆਪਣੇ ਸਿਰਾਂ 'ਤੇ ਇੱਕੋ ਹੀ ਸਮੇਂ ਨਹੀਂ ਬੰਨ੍ਹ ਸਕਦੇ।

ਬੁੱਧ ਆਪਣੀ ਮਾਂ ਨੂੰ ਸਪੱਸ਼ਟ ਕਹਿ ਸਕਦੇ ਸਨ ਕਿ ਉਹ ਉਸ ਨੂੰ ਤਾਂ ਹੀ ਸਵੀਕਾਰ ਕਰੇਗਾ, ਜੇ ਉਹ ਉਸ ਨੂੰ ਸਾਰੇ ਸੰਘ ਲਈ ਦੇਵੇਗੀ ਅਤੇ ਜੇ ਉਹ ਸਿਰਫ਼ ਉਸ ਲਈ ਹੀ ਬਣਿਆ ਹੈ , ਤਾਂ ਨਹੀਂ ਲਵੇਗਾ।

ਕੀ ਮਾਂ ਨੇ ਅਜਿਹਾ ਕਿਹਾ ਸੀ ਕਿ ਜੇ ਸਾਰੇ ਸੰਘ ਨੂੰ ਦੇਣਾਂ ਹੋਵੇਗਾ ਤਾਂ ਉਹ ਨਹੀਂ ਦੇਵੇਗੀ ?

ਅਜਿਹਾ ਲੱਗਦਾ ਹੈ ਕਿ ਅੰਬੇਡਕਰ ਦੇ ਬੁੱਧ ਦਿਮਾਗ ਦੀ ਵਰਤੋਂ ਨਹੀਂ ਕਰਦੇ ਸਨ ਉਹਨਾਂ ਦੀ ਮਾਤਾ ਵੀ ਉਹਨਾਂ ਵਰਗੀ ਹੀ ਲੱਗਦੀ ਹੈ। ਉਹ ਕਹਿ ਸਕਦੀ ਸੀ, 'ਠੀਕ ਹੈ, ਇਸ ਨੂੰ ਸੰਘ ਦੀ ਵਰਤੋਂ ਲਈ ਲੈ ਲਵੋ, ਜੋ ਵੀ ਚਾਹੇ ਇਸ ਨੂੰ ਵਰਤ ਸਕਦਾ ਹੈ।' ਜਦੋਂ ਕਿ ਬੁੱਧ ਮਹਾਨ ਬੁੱਧੀਮਾਨ ਪੁਰਸ਼, ਦਾਰਸ਼ਨਿਕ ਅਤੇ ਜਮਹੂਰੀਅਤ ਪਸੰਦ ਦੇ ਦਿਮਾਗ ਵਿੱਚ ਨਹੀਂ ਆਇਆ। ਬੁੱਧ ਨੇ ਗੁਲੂਬੰਦ ਨਹੀਂ ਲਿਆ। ਜੇ ਜ਼ਮੀਨ ਜਾਂ ਮਹਿਲ ਹੁੰਦਾ ਤਾਂ ਉਸ ਨੂੰ ਸੰਘ ਦੇ ਨਾਮ 'ਤੇ ਸਵੀਕਾਰ ਕਰ ਲਿਆ ਹੁੰਦਾ। ਉਸ ਨੇ ਇਸਨੂੰ ਇਸ ਲਈ ਸਵੀਕਾਰ ਨਹੀਂ ਕੀਤਾ ਕਿਉਂਕਿ ਇਹ ਇੱਕ ਨਿਰਾ ਗੁਲੂਬੰਦ ਸੀ।

'ਪੁਸ਼ਾਕ-ਜਮਹੂਰੀਅਤ ਅਤੇ ਗੁਲੂਬੰਦ-ਜਮਹੂਰੀਅਤ' ਦੀਆਂ ਦੰਦ ਕਥਾਵਾਂ ਅੰਬੇਡਕਰ ਦੇ ਇਸ ਦਾਅਵੇ ਦਾ ਅਧਾਰ ਹਨ ਕਿ ਬੁੱਧ ਮਹਾਨ ਜਮਹੂਰੀ ਸਨ ਅਤੇ ਉਸਦਾ ਰਾਹ ਸਾਰੇ ਰਾਹਾਂ ਤੋਂ ਸ੍ਰੇਸ਼ਟ ਹੈ। ਇਹ ਕਿੰਨਾ ਅਜੀਬ ਹੈ। ਕੀ ਅਜਿਹੀਆਂ ਕਹਾਣੀਆਂ ਦੇ ਅਧਾਰ 'ਤੇ ਹੀ ਕੋਈ ਸਿਧਾਂਤ 'ਜਮਹੂਰੀ ਸਿਧਾਂਤ' ਹੋ ਸਕਦਾ ਹੈ ?

ਅੰਬੇਡਕਰ 'ਲੋਕਤੰਤਰ' ਸ਼ਬਦ 'ਤੇ ਫਿਦਾ ਹੋ ਚੁੱਕੇ ਹਨ। ਉਹਨਾਂ ਨੂੰ ਇੱਥੋਂ ਤੱਕ ਵੀ ਫਿਕਰ ਨਹੀਂ ਕਿ ਉਸੇ ਲੋਕਤੰਤਰ ਵਿੱਚ ਦਾਸ ਮੌਜੂਦ ਹੈ। ਫਿਰ ਤਾਂ 'ਸੰਸਦੀ ਲੋਕਤੰਤਰ' ਦੀ ਸ਼ਬਦਾਵਲੀ 'ਤੇ ਗੱਲ ਕਰਨਾ ਹੀ ਵਿਅਰਥ ਹੈ।- ਜਦੋਂ ਕਿ ਯਥਾਵਤ ਬਰਕਰਾਰ ਹੈ।

ਲੁੱਟ 'ਤੇ ਅਧਾਰਿਤ ਸਮਾਜ ਲੋਟੂ ਸਬੰਧਾਂ ਨੂੰ 'ਲੋਕਤੰਤਰ' ਦੇ ਨਾਮ ਥੱਲੇ ਜ਼ਾਰੀ ਰੱਖ ਸਕਦਾ ਹੈ। ਅਜਿਹੀ ਜਮਹੂਰੀਅਤ ਮਾਲਕਾਂ ਵਿੱਚ ਹੀ ਮੌਜੂਦ ਹੁੰਦੀ ਹੈ, ਨਾ ਕਿ ਮਾਲਕਾਂ ਅਤੇ ਕਿਰਤੀਆਂ ਵਿੱਚ। ਇਸ ਲਈ 'ਲੁੱਟ' ਦੇ ਸੰਦਰਭ ਵਿੱਚ 'ਜਮਹੂਰੀਅਤ ਪਸੰਦ' ਅਤੇ 'ਗਣਤੰਤਰਵਾਦੀ' ਸ਼ਬਦ ਨਿਰਾਰਥਕ ਹਨ। ਇਹ ਮਹਿਜ਼ ਲੁਭਾਉਣਾ ਨਾਮ ਹੈ।

ਸਿਰਫ਼ ਨਾਮ ਦੁਆਰਾ ਹੀ ਕਿਸੇ ਗੱਲ ਦੀ ਵਕਾਲਤ ਕਰਨਾ ਜਾਂ ਉਸ ਦਾ ਵਿਰੋਧ ਕਰਨਾ ਗਲ਼ਤ ਹੈ। ਅੰਬੇਡਕਰ ਦਾ ਸਰੋਕਾਰ ਸਿਰਫ਼ ਨਾਮਾਂ ਨਾਲ਼ ਸੀ ਅਤੇ ਉਹਨਾਂ ਨਾਮਾਂ ਦੇ 'ਸਾਰ' ਨਾਲ਼ ਉਸ ਦਾ ਕੁੱਝ ਵੀ ਲੈਣ-ਦੇਣ ਨਹੀਂ ਸੀ। ਇਸ ਲਈ ਸ਼ੱਕ ਗਣਤੰਤਰ, ਵੈਸ਼ਾਲੀ ਗਣਤੰਤਰ, ਮਗਧ ਗਣਤੰਤਰ ਅਤੇ ਅਜਿਹੇ ਹੀ ਨਾਵਾਂ ਨੂੰ ਵੇਖਦੇ ਹੋਏ ਉਹਨਾਂ ਰਾਜਿਆਂ ਦੇ ਸ਼ਾਸਨ ਨੂੰ ਜਮਹੂਰੀ ਦੱਸਦੇ ਹਨ। ਇਸ ਤਰ੍ਹਾਂ ਮਾਰਕਸ ਦੇ ਤਾਨਾਸ਼ਾਹੀ ਦੇ ਸਿਧਾਂਤ ਪ੍ਰਤੀ ਗੰਭੀਰ ਵਿਰੋਧ ਦੀ ਨੁਮਾਇਸ਼ ਲਾਉਂਦੇ ਹਨ।

ਜੀ ਹਾਂ, ਮਾਰਕਸ ਤਾਨਾਸ਼ਾਹੀ ਦੀ ਗੱਲ ਕਰਦੇ ਹਨ। ਪਰ ਉਹਨਾਂ ਨੇ ਇਸ ਨੂੰ 'ਮਜ਼ਦੂਰ ਜਮਾਤ' ਦੀ ਤਾਨਾਸ਼ਾਹੀ ਕਿਹਾ ਹੈ। ਉਹ ਇਸ ਤਾਨਾਸ਼ਾਹੀ ਦਾ ਹੇਠ ਲਿਖੇ ਅਨੁਸਾਰ ਵਰਣਨ ਕਰਦੇ ਹਨ:-

ਸਰਮਾਏਦਾਰੀ ਅਤੇ ਕਮਿਊਨਿਸਟ ਸਮਾਜਾਂ ਵਿੱਚ ਇੱਕ ਦੀ ਦੂਸਰੇ ਵਿੱਚ ਇਨਕਲਾਬੀ ਤਬਦੀਲੀ ਹੈ। ਇਸ ਦੇ ਨਾਲ਼-ਨਾਲ਼ ਸਿਆਸੀ ਸੰਗਰਾਂਦੀ ਦੌਰ ਵੀ ਹੁੰਦਾ ਹੈ। ਜਿਸ ਦੌਰਾਨ ਮਜ਼ਦੂਰ ਜਮਾਤ ਦੀ ਇਨਕਲਾਬੀ ਤਾਨਾਸ਼ਾਹੀ ਤੋਂ ਬਿਨਾਂ ਰਾਜ ਦੀ ਕੋਈ ਹੋਂਦ ਨਹੀਂ ਹੋ ਸਕਦੀ। (ਗੋਥਾ ਪ੍ਰੋਗਰਾਮ ਦੀ ਆਲੋਚਨਾ, ਪੰਨਾ 26, ਅੰਗਰੇਜ਼ੀ ਐਡੀਸ਼ਨ,

ਮਾਸਕੋ, 1971)

ਕਮਿਊਨ ਜਮਾਤੀ ਸਰਕਾਰ ਦੇ ਨਵੇਂ ਰੂਪਾਂ ਨੂੰ ਸਥਾਪਿਤ ਨਹੀਂ ਕਰ ਸਕਦਾ। ਪੈਦਾਵਾਰ ਦੇ ਸਾਰੇ ਸਾਧਨ ਕਿਰਤ ਨੂੰ ਲੁੱਟ ਦੀਆਂ ਮੌਜੂਦਾ ਸਥਿਤੀਆਂ ਨੂੰ ਨਸ਼ਟ ਕਰਕੇ ਅਤੇ ਇਸ ਤਰ੍ਹਾਂ ਹਰ ਸਮਰੱਥ ਵਿਅਕਤੀ ਨੂੰ ਰੋਜ਼ੀ ਰੋਟੀ ਲਈ ਕਿਰਤ ਕਰਨਾ ਜ਼ਰੂਰੀ ਕਰਕੇ ਜਮਾਤੀ ਹਕੂਮਤ ਅਤੇ ਲੁੱਟ ਦਾ ਇੱਕਮਾਤਰ ਅਧਾਰ ਨਸ਼ਟ ਕਰ ਦਿੱਤਾ ਜਾਵੇਗਾ। ਪਰ ਇਸ ਤੋਂ ਪਹਿਲਾਂ ਕਿ ਅਜਿਹੀ ਤਬਦੀਲੀ ਅਮਲ ਵਿੱਚ ਲਿਆਂਦੀ ਜਾਵੇ। ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਜ਼ਰੂਰੀ ਹੋਵੇਗੀ। (ਮਾਰਕਸ ਏਂਗਲਜ਼ਃ ਚੋਣਵੀਆਂ ਰਚਨਾਵਾਂ, ਭਾਗ 2, ਪੰਨਾ 633-34, ਅੰਗਰੇਜ਼ੀ ਐਡੀਸ਼ਨ, ਮਾਸਕੋ, 1986)

ਮਾਰਕਸ ਦੀ ਵਿਆਖਿਆ ਅਨੁਸਾਰ, ਮਜ਼ਦੂਰ ਜਮਾਤ ਦੀ ਇਹ ਤਾਨਾਸ਼ਾਹੀ ਕਿਉਂ ਜ਼ਰੂਰੀ ਹੈ ? ਇਹ ਅਜਿਹੀ ਤਾਨਾਸ਼ਾਹੀ ਨਹੀਂ ਜੋ ਲੁੱਟ ਨੂੰ ਜਾਰੀ ਰੱਖਣ ਲਈ ਮਾਲਕਾਂ ਦੇ ਕੰਮ ਆਉਂਦੀ ਹੈ। ਸਗੋਂ ਇਸ ਦੇ ਬਿਲਕੁਲ ਉਲਟ ਹੈ। ਇਹ ਅਜਿਹੀ ਤਾਨਾਸ਼ਾਹੀ ਹੈ ਜੋ ਲੁੱਟ ਖਤਮ ਕਰਨ ਵਿੱਚ ਕਿਰਤੀਆਂ ਲਈ ਉਪਯੋਗੀ ਹੈ।

ਜਦੋਂ ਕਿਰਤੀ ਆਪਣੇ ਘੋਲਾਂ ਨਾਲ਼ 'ਰਾਜ-ਸੱਤ੍ਹਾ' ਨੂੰ ਕਬਜ਼ੇ ਵਿੱਚ ਕਰ ਲੈਣਗੇ, ਤਦ ਵੀ ਸਮਾਜ ਪੁਰਾਣੀਆਂ ਹਾਲਤਾਂ ਵਿੱਚ ਹੀ ਰਹੇਗਾ। ਮਤਲਬ ਕਿ ਉਹਨਾਂ ਹੀ 'ਮਾਲਕ-ਮਜ਼ਦੂਰ ਸਬੰਧਾਂ' ਦੀਆਂ ਹਾਲਤਾਂ ਵਿੱਚ। ਕਿਰਤੀਆਂ ਨੂੰ ਅਜਿਹੇ ਸਮਾਜ ਨੂੰ ਇੱਕ ਨਵੇਂ ਸਮਾਜ ਵਿੱਚ ਤਬਦੀਲ ਕਰਨਾ ਪਵੇਗਾ। ਮੌਜੂਦਾ ਕਿਰਤ ਸਬੰਧਾਂ 'ਤੇ ਇਨਕਲਾਬੀ ਪਾਬੰਦੀਆਂ ਲਗਾਉਣੀਆਂ ਹੋਣਗੀਆਂ। ਭੂਮੀ ਅਤੇ ਸਰਮਾਏ ਉੱਪਰ ਮਾਲਕੀ ਹੱਕਾਂ ਦਾ ਖਾਤਮਾ ਪੜਾਅ ਵਾਰ ਤਰੀਕੇ ਨਾਲ਼ ਸ਼ੁਰੂ ਕਰਨਾ ਹੋਵੇਗਾ। ਹਰ ਵਿਅਕਤੀ ਨੂੰ ਜ਼ਰੂਰੀ ਕਿਰਤ ਕਰਨੀ ਹੋਵੇਗੀ, ਨਾ ਸਿਰਫ਼ ਮਾਨਸਿਕ ਕਿਰਤ ਸਗੋਂ ਘੱਟੋ-ਘੱਟ ਸਰੀਰਕ ਕਿਰਤ ਵੀ। ਮਜ਼ਦੂਰੀ ਜਾਂ ਤਨਖਾਹ ਕਿਸੇ ਵਿਅਕਤੀ ਦੀ ਆਮਦਨ ਹੁੰਦੀ ਹੈ ਜੋ ਉਹ ਆਦਮੀ ਕਿਰਤ ਦੇ ਬਦਲੇ ਪਾਉਂਦਾ ਹੈ। ਇਸ ਦਾ ਅਰਥ ਹੈ ਕਿ ਕਿਸੇ ਵੀ ਆਦਮੀ ਨੂੰ ਬਿਨਾਂ ਕਿਸੇ ਕਿਰਤ ਦੇ ਉਸ ਆਮਦਨ ਨੂੰ ਪ੍ਰਾਪਤ ਕਰਨ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ ਜੋ ਕਿਰਾਇਆ, ਵਿਆਜ ਅਤੇ ਮੁਨਾਫ਼ੇ ਦੇ ਰੂਪ ਵਿੱਚ ਹੁੰਦੀ ਹੈ। ਧਰਮ ਇੱਕ ਵਿਅਕਤੀਗਤ ਮਾਮਲਾ ਹੋਣਾ ਚਾਹੀਦਾ ਹੈ। ਕਿਸੇ ਨੂੰ ਵੀ ਧਰਮ ਦਾ ਖੁੱਲਮ-ਖੁੱਲ੍ਹਾ ਪ੍ਰਚਾਰ ਕਰਨ, ਧਾਰਮਿਕ ਜਥੇਬੰਦੀਆਂ ਬਣਾਉਣ ਅਤੇ ਬਿਨਾਂ ਕੋਈ ਕਿਰਤ ਕੀਤੇ ਮਹੰਤਾਂ ਜਾਂ ਮੱਠਾਂ ਮੁੱਖੀਆਂ ਦੇ ਰੂਪ ਵਿੱਚ ਰਹਿਣ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ। ਇਸ ਤਰੀਕੇ ਨਾਲ਼ ਕਿਰਤੀਆਂ ਦੀ ਹਕੂਮਤ ਨੂੰ ਸਾਰੇ ਤਰਕਹੀਣ ਸਰੂਪਾਂ ਨੂੰ ਖਤਮ ਕਰਨਾ ਪਵੇਗਾ ਜੋ ਲੋਟੂ ਸਮਾਜਾਂ ਵਿੱਚ ਜਾਰੀ ਸਨ। ਇਹ ਸਭ ਹਾਸਿਲ ਕਰਨ ਲਈ ਇਸ ਸੱਤ੍ਹਾ ਨੂੰ ਅਨੇਕਾਂ ਇਨਕਲਾਬੀ ਪਾਬੰਦੀਆਂ ਲਾਗੂ ਕਰਨੀਆਂ ਪੈਣਗੀਆਂ।

ਅਜਿਹੀਆਂ ਪਾਬੰਦੀਆਂ ਲਗਾਉਣ ਦਾ ਅਰਥ ਹੈ- ਉਹਨਾਂ ਹੱਕਾਂ ਦਾ ਖਾਤਮਾ ਜੋ ਪੀੜ੍ਹੀ ਦਰ ਪੀੜ੍ਹੀ ਚੱਲੇ ਆ ਰਹੇ ਸਨ ਜਿਵੇਂ ਭੂ ਸਵਾਮੀ ਦੇ ਕਬਜ਼ੇ ਦੀ ਭੂਮੀ ਹੁਣ ਉਸ ਦੇ ਕੋਲ ਨਹੀਂ ਰਹੇਗੀ। ਸਰਮਾਇਆ ਸਰਮਾਇਦਾਰਾਂ ਦਾ ਨਹੀਂ ਹੈ ਅਤੇ ਹਰ ਵਿਅਕਤੀ ਨੂੰ ਕਿਰਤ ਕਰਨੀ ਚਾਹੀਦੀ ਹੈ ਅਤੇ ਆਪਣੀ ਕਿਰਤ 'ਤੇ ਨਿਰਭਰ ਰਹਿਣਾ ਚਾਹੀਦਾ ਹੈ। ਇਹ ਖਾਤਮਾ ਜਾਇਦਾਦਵਾਨ ਜਮਾਤ ਵਿਰੁੱਧ ਤਾਨਾਸ਼ਾਹੀ ਹੈ। ਚਾਹੇ ਅਸੀਂ ਕਿਸੇ ਵੀ ਤਰ੍ਹਾਂ ਨਾਲ਼ ਇਸ ਦਾ ਨਾਮ ਬਦਲ ਦੇਈਏ ਅਤੇ ਚਾਹੇ ਅਸੀਂ ਇਸ ਨੂੰ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਹੀ ਕਿਉਂ ਨਾ ਕਹੀਏ। ਇਹ ਉਸ ਸਮੇਂ ਤੱਕ ਕਿਸੇ ਦੂਸਰੀ ਜਮਾਤ ਵਿਰੁੱਧ ਤਾਨਾਸ਼ਾਹੀ ਹੀ ਰਹੇਗੀ ਜਦੋਂ ਤੱਕ ਪਾਬੰਦੀਆਂ ਜਾਰੀ ਰਹਿਣਗੀਆਂ। ਇਸ ਤਾਨਾਸ਼ਾਹੀ ਅਤੇ ਇਹਨਾਂ ਪਾਬੰਦੀਆਂ ਦੀ ਗੈਰ ਹਾਜ਼ਰੀ ਵਿੱਚ ਲੁਟੇਰੇ ਮਾਲਕੀ ਹੱਕਾਂ ਦਾ ਖਤਾਮਾ ਕਿਵੇਂ

ਸੰਭਵ ਹੈ।

ਬਰਾਬਰੀ ਸਥਾਪਿਤ ਕਰਨ ਲਈ ਜ਼ਰੂਰੀ ਸਾਰੀਆਂ ਪਾਬੰਦੀਆਂ ਸਿਰਫ਼ ਲੁਟੇਰਿਆਂ ਦੀ ਜਮਾਤ ਤੱਕ ਹੀ ਸੀਮਤ ਨਹੀਂ ਹਨ। ਕੁੱਝ ਤਰ੍ਹਾਂ ਦੀਆਂ ਰੋਕਾਂ ਜ਼ਰੂਰੀ ਰੂਪ ਵਿੱਚ ਸਾਰੇ ਲੋਕਾਂ 'ਤੇ ਲਾਗੂ ਹੋਣਗੀਆਂ। ਉਦਾਹਰਣ ਲਈ ਉਹਨਾਂ ਲੋਕਾਂ ਲਈ ਜ਼ਰੂਰੀ ਸਰੀਰਕ ਕਿਰਤ ਕਰਨਾ ਜੋ ਮਾਨਸਿਕ ਕਿਰਤ ਵਿੱਚ ਲੱਗੇ ਹੋਏ ਹਨ: ਤਾਂ ਸਾਰੀਆਂ ਪਾਬੰਦੀਆਂ ਹੋਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਕੁੱਝ ਅਜਿਹੀਆਂ ਰੋਕਾਂ ਹੋਣੀਆਂ ਚਾਹੀਦੀਆਂ ਹਨ ਜੋ ਪੁਰਸ਼ਾਂ ਅਤੇ ਇਸਤਰੀਆਂ ਵਿੱਚ ਮੌਜੂਦਾ ਕਿਰਤ ਵੰਡ ਨੂੰ ਬਦਲਣ ਲਈ ਹੋਣ। ਮਾਰਕਸ ਨੇ ਕਿਹਾ ਸੀ ਕਿ ਕਮਿਊਨਿਸਟਾਂ ਨੂੰ ਸਾਰੀਆਂ ਮੌਜੂਦਾ ਸਮਾਜਿਕ ਗੁਲਾਮੀਆਂ ਦੇ ਇਨਕਲਾਬੀ ਬਦਲ ਦਾ ਜ਼ਿੰਮਾਂ ਲੈਣਾ ਚਾਹੀਦਾ ਹੈ।

ਸਾਰੀਆਂ ਜਮਾਤਾਂ ਨਾਲ਼ ਸਬੰਧਿਤ ਉਹਨਾਂ ਸਾਰੇ ਲੋਕਾਂ ਨੂੰ ਬਰਾਬਰੀ ਦੇ ਸਬੰਧਾਂ ਅਤੇ ਬਰਾਬਰੀ ਵਾਲ਼ੇ ਵਿਚਾਰਾਂ ਵਿੱਚ ਤਬਦੀਲ ਹੋਣਾ ਪਵੇਗਾ ਜੋ ਸਦੀਆਂ ਤੋਂ ਲੋਟੂ ਸਬੰਧਾਂ ਅਤੇ ਲੋਟੂ ਵਿਚਾਰਧਾਰਾ ਵਿੱਚ ਜਿਉਂਦੇ ਆਏ ਹਨ। ਅਸਮਾਨਤਾ ਦੇ ਸਬੰਧਾਂ ਨੂੰ ਨਸ਼ਟ ਕਰਨਾ ਹੋਵੇਗਾ ਅਤੇ ਜੀਵਨ ਦੇ ਸਾਰੇ ਖੇਤਰਾਂ ਵਿੱਚ ਨਵੇਂ ਸਬੰਧਾਂ ਦੀ ਰਚਨਾ ਕਰਨੀ ਹੋਵੇਗੀ। ਇਹ ਸਭ ਉਸ ਸੁਤੰਤਰਤਾ ਦੇ ਵਿਰੁੱਧ ਘੋਲ ਹੈ ਜਿਸ ਦਾ ਮਾਲਕ ਜਮਾਤ ਨੇ ਇਕੱਲੇ ਉਪਭੋਗ ਕੀਤਾ। ਇਹ ਵਿਦਰੋਹ ਹੈ– ਹਰ ਉਸ ਜਗ੍ਹਾ 'ਤੇ ਜਿੱਥੇ ਚੌਧਰ ਮੌਜੂਦ ਹੈ ਇਸ ਲਈ ਇਨਕਲਾਬੀ ਤਾਨਾਸ਼ਾਹੀ ਤੋਂ ਬਿਨਾਂ ਦੂਸਰਾ ਕੋਈ ਵੀ ਨਾਮ ਚਿਰ ਸਥਾਈ ਨਹੀਂ ਹੋਵੇਗਾ। ਇਹ ਤਾਨਾਸ਼ਾਹੀ ਅਜਿਹਾ ਕੁੱਝ ਨਹੀਂ ਜੋ ਨਿਰੰਤਰ ਮੌਜੂਦ ਰਹੇ। ਇਹ ਉਦੋਂ ਤੱਕ ਜ਼ਰੂਰੀ ਹੈ ਜਦੋਂ ਤੱਕ ਅਸੀਂ ਲੋਟੂ ਸਬੰਧਾਂ ਨੂੰ ਬਰਾਬਰ ਵਾਲ਼ੇ ਸਬੰਧਾਂ ਵਿੱਚ ਤਬਦੀਲ ਨਹੀਂ ਕਰ ਦਿੰਦੇ। ਇਨਕਲਾਬੀ ਤਾਨਾਸ਼ਾਹੀ ਦਾ ਦੌਰ ਸਿਰਫ਼ ਸੰਗਰਾਂਦੀ ਹੀ ਰਹਿੰਦਾ ਹੈ। ਜਦੋਂ ਇਸ ਅਵਸਥਾ ਦੀ ਕੋਈ ਲੋੜ ਹੀ ਨਹੀਂ ਰਹਿ ਜਾਵੇਗੀ ਤਾਂ ਜਮਾਤੀ ਵਖਰੇਵੇਂ ਮੌਜੂਦ ਨਹੀਂ ਹੋਣਗੇ। ਜਦੋਂ ਜਮਾਤੀ ਵਖਰੇਵੇਂ ਬਿਲਕੁਲ ਹੀ ਨਹੀਂ ਹੋਣਗੇ ਤਾਂ ਚੌਧਰ ਦੀ ਵੀ ਕੋਈ ਹੋਂਦ ਨਹੀਂ ਰਹਿ ਜਾਵੇਗੀ।

ਅੰਬੇਡਕਰ ਨੇ ਮਾਰਕਸ ਦੀਆਂ ਇਹਨਾਂ ਵਿਆਖਿਆਵਾਂ ਵਿੱਚੋਂ ਕਿਸੇ ਇੱਕ 'ਤੇ ਵੀ ਧਿਆਨ ਨਹੀਂ ਦਿੱਤਾ। ਉਸ ਦੀ ਨਜ਼ਰ ਵਿੱਚ, ਤਾਨਾਸ਼ਾਹੀ ਸ਼ਬਦ ਹੀ ਗਲ਼ਤ ਹੈ। ਹਰ ਉਸ ਵਿਅਕਤੀ ਨੂੰ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਪ੍ਰਤੀਤ ਹੁੰਦੀ ਹੈ ਜਿਸ ਨੂੰ ਕਿਰਤ ਦੀ ਲੁੱਟ ਵਿਖਾਈ ਨਹੀਂ ਦਿੰਦੀ।

ਅੰਬੇਡਕਰ ਅਜਿਹੀ ਕੋਈ ਪਾਬੰਦੀ ਨਹੀਂ ਚਾਹੁੰਦੇ ਜਿਸ ਨੂੰ ਇਸ ਤਰ੍ਹਾਂ ਦੀ ਤਾਨਾਸ਼ਾਹੀ ਦੁਆਰਾ ਲੋਟੂ ਜਮਾਤ ਉੱਪਰ ਥੋਪਿਆ ਜਾਵੇ। ਉਹਨਾਂ ਅਨੁਸਾਰ ਸਾਰੇ ਲੋਕ ਬੁੱਧਵਾਦ ਦੇ ਸਾਧਨਾਂ ਦੁਆਰਾ ਹੀ ਤਬਦੀਲ ਹੋਣਗੇ ਅਤੇ ਤਾਨਾਸ਼ਾਹੀ ਦੀ ਕੋਈ ਲੋੜ ਨਹੀਂ।

ਜੇ ਅਜਿਹੀ ਤਬਦੀਲੀ ਸੰਭਵ ਹੈ ਤਾਂ ਫਿਰ ਸਾਨੂੰ ਇਸ ਤੋਂ ਵੱਧ ਕੀ ਚਾਹੀਦਾ ਹੈ। ਕੀ ਅਸੀਂ ਬਹੁਤ ਥੋੜ੍ਹੇ ਸਮੇਂ ਵਿੱਚ ਜਮਾਤਹੀਣ ਸਮਾਜ ਸਥਾਪਿਤ ਨਹੀਂ ਕਰ ਸਕਦੇ ਅਤੇ ਉਹ ਵੀ ਕਿਸੇ ਜਮਾਤ ਦੁਆਰਾ ਇੱਕ ਬੂੰਦ ਵੀ ਖ਼ੂਨ ਵਹਾਏ ਬਗੈਰ, ਬਸ਼ਰਤੇ ਕਿ ਲੋਟੂਆਂ ਦੀ ਜਮਾਤ–ਰੋਕਾਂ ਦੀ ਹੋਂਦ ਤੋਂ ਨਿਰਪੱਖ–ਆਪਣੇ ਮਾਲਕੀ ਅਧਿਕਾਰਾਂ ਨੂੰ ਛੱਡ ਦੇਵੇ ਅਤੇ ਕਿਰਤ ਕਰਨ ਦੀ ਜ਼ਿੰਮੇਵਾਰੀ ਨੂੰ ਮਹਿਸੂਸ ਕਰ ਲਵੇ ? ਕੀ ਬੁੱਧ ਮਾਰਗ ਦੇ ਸਾਧਨਾਂ ਦੁਆਰਾ ਇਹ ਹੋ ਸਕੇਗਾ।

ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦਾ ਵਿਰੋਧ ਕਰਦੇ ਹੋਏ, ਅੰਬੇਡਕਰ ਦੀ ਆਲੋਚਨਾ ਇਸ ਤਰ੍ਹਾਂ ਹੈ: "ਤਾਨਾਸ਼ਾਹੀ ਨੂੰ ਹੀ ਲੈ ਲਵੋ। ਜਿਸ ਦਾ ਉਦੇਸ਼ ਇਨਕਲਾਬ ਨੂੰ

ਖ਼ੂਨੀ ਇਨਕਲਾਬ ਬਣਾਉਣਾ ਹੈ। ਇਹ ਬਹੁਮੁੱਲਾ ਉਦੇਸ਼ ਹੈ। ਪਰ ਕੀ ਕਮਿਊਨਿਸਟ ਇਹ ਕਹਿ ਸਕਦੇ ਹਨ ਕਿ ਉਹਨਾਂ ਨੇ ਇਸ ਉਦੇਸ਼ ਨੂੰ ਪ੍ਰਾਪਤ ਕਰਨ ਵਿੱਚ ਹੋਰ ਬਹੁਮੁੱਲੇ ਉਦੇਸ਼ਾਂ ਨੂੰ ਨਸ਼ਟ ਨਹੀਂ ਕੀਤਾ ?" (ਪੰਨਾ 452) "ਉਹਨਾਂ ਨੇ ਨਿੱਜੀ ਜਾਇਦਾਦ ਨੂੰ ਖਤਮ ਕੀਤਾ ਹੈ। ਆਪਣੇ ਉਦੇਸ਼ ਦੀ ਪੂਰਤੀ ਲਈ ਉਹਨਾਂ ਨੇ ਨਾ ਜਾਣੇ ਕਿੰਨੇ ਲੋਕਾਂ ਦੀ ਹੱਤਿਆ ਕੀਤੀ ਹੈ। ਕੀ ਮਨੁੱਖੀ ਜੀਵਨ ਦਾ ਕੋਈ ਮੁੱਲ ਨਹੀਂ ? ਕੀ ਉਹ ਮਾਲਕ ਦੀ ਜਾਨ ਲਏ ਬਿਨਾਂ ਜਾਇਦਾਦ ਨਹੀਂ ਲੈ ਸਕਦੇ ਸਨ।" (ਪੰਨਾ 452)

ਇਹ ਹੱਤਿਆਵਾਂ ਕਿੱਥੇ ਹੋਈਆਂ ? ਕਦੋਂ ? ਕਿਸ ਮੌਕੇ 'ਤੇ ? ਉਸ ਨੇ ਕੋਈ ਸਬੂਤ ਪੇਸ਼ ਨਹੀਂ ਕੀਤਾ। ਸਿਵਾਏ ਇਹ ਕਹਿਣ ਦੇ ਕਿ 'ਉਹਨਾਂ ਨੇ ਹੱਤਿਆ ਕਰ ਦਿੱਤੀ'।

ਜੇ ਕਿਤੇ ਅਜਿਹਾ ਹੋਇਆ ਤਾਂ ਉਹ ਕਿਹੜੀ ਲੜਾਈ ਵਿੱਚ ਹੋਇਆ। ਇਹ ਉਦੋਂ ਹੋਇਆ ਹੋਵੇਗਾ ਜਦੋਂ ਮਾਲਕਾਂ ਨੇ ਮਜ਼ਦੂਰਾਂ ਦੀਆਂ ਲਹਿਰਾਂ ਦਾ ਵਿਰੋਧ ਕਰਦੇ ਸਮੇਂ ਉਹਨਾਂ ਦੀ ਹੱਤਿਆ ਕਰਨ ਦਾ ਯਤਨ ਕੀਤਾ ਹੋਵੇਗਾ ਜਦੋਂ ਤੱਕ ਅਸੀਂ ਇਹ ਨਾ ਜਾਣ ਲਈਏ ਕਿ ਹੋਇਆ ਕੀ ਸੀ ਅਤੇ ਕਿਸ ਸੰਦਰਭ ਵਿੱਚ ਹੋਇਆ ਸੀ, ਉਦੋਂ ਤੱਕ ਅਸੀਂ ਕਿਵੇਂ ਫੈਸਲਾ ਲੈ ਸਕਦੇ ਹਾਂ ਕਿ ਕੀ ਸਹੀ ਹੈ ਅਤੇ ਕੀ ਗਲ਼ਤ ?

ਅੰਬੇਡਕਰ ਪੁੱਛਦੇ ਹਨ ਕਿ "ਕੀ ਉਹ ਮਾਲਕ ਦੀ ਜਾਨ ਲਏ ਬਿਨਾਂ ਜਾਇਦਾਦ ਨਹੀਂ ਲੈ ਸਕਦੇ ਸਨ ?"

ਜੀ ਹਾਂ, ਉਹ ਲੈ ਸਕਦੇ ਸਨ। ਅਸਲ ਵਿੱਚ ਅਜਿਹਾ ਕਰਨਾ ਹੀ ਆਦਰਸ਼ਮੀ ਅਤੇ ਜ਼ਰੂਰੀ ਹੋ ਜਾਂਦਾ ਹੈ। ਪਰ ਇਹ ਤਾਂ ਹੀ ਸੰਭਵ ਹੈ ਜੇ ਮਾਲਕ ਵੀ ਸਹਿਯੋਗ ਦੇਵੇ ਮਤਲਬ ਜਦੋਂ ਮਾਲਕ ਆਪਣੇ ਕਬਜ਼ੇ ਵਾਲ਼ੀ ਜਾਇਦਾਦ ਅਤੇ ਮਾਲਕੀ ਵਾਲ਼ੀ ਭਾਵਨਾ ਤਿਆਗ ਦੇਵੇ। ਜੇ ਅਜਿਹਾ ਹੁੰਦਾ ਹੈ ਤਾਂ ਉਹ ਬਹੁਤ ਸੁਰੱਖਿਅਤ ਹੋ ਜਾਵੇਗਾ ਅਤੇ ਜੇ ਇੱਕ ਤੇਲਗੂ ਮੁਹਾਵਰੇ ਦੀ ਵਰਤੋਂ ਕਰੀਏ ਤਾਂ, "ਉਹ ਫੁੱਲ ਵੀ ਨਹੀਂ ਮੁਰਝਾਏਗਾ, ਜਿਸ ਨੂੰ ਮਾਲਕ ਆਪਣੇ ਸਿਰ ਵਿੱਚ ਲਗਾਉਂਦਾ ਹੈ" ਪਰ ਕੋਈ ਵੀ ਮਾਲਕ ਇੰਨਾ ਸੰਵੇਦਨਸ਼ੀਲ ਵਿਵਹਾਰ ਨਹੀਂ ਕਰਦਾ। ਉਹ ਕਹਿੰਦਾ ਹੈ, "ਸਮੁੱਚੀ ਧਰਤੀ ਮੇਰੀ ਹੈ।" ਜਦ ਕਿ ਧਰਤੀ ਕਿਸੇ ਇੱਕ ਵਿਅਕਤੀ ਦੀ ਨਹੀਂ ਹੁੰਦੀ। ਉਹ ਕਹਿੰਦਾ ਹੈ, "ਸਾਰਾ ਸਰਮਾਇਆ ਮੇਰਾ ਹੈ" ਜਦ ਕਿ ਸਰਮਾਇਆ ਕਿਰਤੀਆਂ ਦਾ ਹੁੰਦਾ ਹੈ। ਉਹ ਕਹਿੰਦਾ ਹੈ, "ਜਦੋਂ ਮੇਰੇ ਕੋਲ਼ ਜਾਇਦਾਦ ਹੈ ਤਾਂ ਮੈਂ ਕੰਮ ਕਿਉਂ ਕਰਾਂ।" ਇਹ ਅੰਤਰ ਵਿਰੋਧ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਜੇ ਇਹ ਘੋਲ ਅਤੇ ਹੱਤਿਆਵਾਂ ਨਾਲ਼ ਲੈਸ ਹੋ ਜਾਵੇ ਤਾਂ ਕੀ ਇਹ ਮਜ਼ਦੂਰਾਂ ਦਾ ਅਪਰਾਧ ਹੋਵੇਗਾ ? ਕੀ ਇਹ ਮਜ਼ਦੂਰਾਂ ਦੀ ਜ਼ਿੰਮੇਵਾਰੀ ਹੋਵੇਗੀ ?

ਕੀ ਇਹਨਾਂ ਘੋਲਾਂ ਵਿੱਚ ਸਿਰਫ਼ ਮਾਲਕ ਹੀ ਮਰਦੇ ਹਨ। ਕੀ ਕਿਰਤੀਆਂ ਨੂੰ ਕੁੱਝ ਨਹੀਂ ਹੁੰਦਾ। ਮਜ਼ਦੂਰ ਵੀ, ਆਪਣੇ ਜੀਵਨ ਦੀ ਬਾਜੀ ਕਿਉਂ ਲਗਾ ਦਿੰਦੇ ਹਨ ? ਕਿਉਂਕਿ ਇਸ ਦੀ ਲੋੜ ਹੈ।

ਅੰਬੇਡਕਰ ਬਹੁਤ ਮੁਨੱਖੀ ਸੰਵੇਦਨਾ ਨਾਲ਼ ਪੁੱਛਦੇ ਹਨ, "ਕੀ ਇਹ ਮਾਲਕ ਦੀ ਹੱਤਿਆ ਕੀਤੇ ਬਿਨਾਂ ਜਾਇਦਾਦ ਨਹੀਂ ਲੈ ਸਕਦੇ ?" ਕੀ ਅਸੀਂ ਇਹੀ ਸਵਾਲ ਉਹਨਾਂ ਤੋਂ ਨਹੀਂ ਪੁੱਛ ਸਕਦੇ ?" ਜੇ ਅਸੀਂ ਇਹੀ ਸਵਾਲ ਉਹਨਾਂ ਤੋਂ ਪੁੱਛੀਏ, "ਕੀ ਅਛੂਤ ਉਹਨਾਂ ਦਾ ਸਿਰ ਪਾੜਨ ਤੋਂ ਬਿਨਾਂ ਜਨਤਕ ਸੁੱਖ-ਸੁਵਿਧਾਵਾਂ ਦਾ ਇਸਤੇਮਾਲ ਨਹੀਂ ਕਰ ਸਕਦੇ, ਤਾਂ ਕੀ ਜਵਾਬ ਹੋਵੇਗਾ ?" ਅੰਬੇਡਕਰ ਨੇ ਹਿੰਦੂਆਂ ਦੇ ਸੰਦਰਭ ਵਿੱਚ ਖ਼ੂਨ ਵਹਾਉਣ ਦਾ ਕਿਉਂ ਸਮਰਥਨ ਕੀਤਾ ? ਉਸ ਨੇ ਖ਼ੁੱਦ ਕਿਹਾ ਕਿ ਸਿਰ ਭੰਨੇ ਜਾ ਸਕਦੇ ਹਨ, ਕਿਹਾ ਜਾ ਨਹੀਂ ? ਤਾਂ ਫਿਰ ਕੀ ਅਛੂਤ ਬਿਨਾਂ ਕਿਸੇ ਦਾ ਸਿਰ ਭੰਨੇ ਲਹਿਰ ਨਹੀਂ ਚਲਾ ਸਕਦੇ ? ਖ਼ੁੱਦ ਅੰਬੇਡਕਰ ਨੇ ਇਹ ਕਿਉਂ ਕਿਹਾ ਕਿ ਦੂਸਰਾ ਕੋਈ ਰਾਹ ਨਹੀਂ ? ਫਿਰ ਉਹ ਕਮਿਊਨਿਸਟਾਂ

ਤੋਂ ਇਹ ਕਿਵੇਂ ਪੁੱਛ ਸਕਦੇ ਹਨ ਕਿ 'ਕੀ ਤੁਸੀਂ ਮਾਲਕ ਨੂੰ ਮਾਰੇ ਬਿਨਾਂ ਜਾਇਦਾਦਾ ਨਹੀਂ ਲੈ ਸਕਦੇ ?'

ਅਛੂਤ, ਅਤੇ ਨਾਲ਼ ਹੀ ਨਾਲ਼ ਕਮਿਊਨਿਸਟ ਵੀ, ਇਹ ਜਾਣਦੇ ਹਨ ਕਿ ਹੱਤਿਆ ਆਦਰਸ਼ ਨਹੀਂ ਅਤੇ ਨਾ ਹੀ ਸਹੀ ਹੈ ਅਤੇ ਉਹਨਾਂ ਨੂੰ ਇਸ ਤਰੀਕੇ ਦਾ ਸਹਾਰਾ ਨਹੀਂ ਲੈਣਾ ਚਾਹੀਦਾ। ਇਹ ਗੱਲ ਤਦ ਹੁੰਦੀ ਹੈ ਜਦ ਸਥਿਤੀ ਕਾਬੂ ਤੋਂ ਬਾਹਰ ਹੋ ਜਾਂਦੀ ਹੈ।

ਅਸੀਂ ਹਰ ਪੜਾਅ 'ਤੇ ਦਰਜਨਾਂ ਬਾਰ ਵੇਖਿਆ ਕਿ ਅੰਬੇਡਕਰ ਦੀ ਪ੍ਰਣਾਲੀ (Methadology) ਕਿਸ ਤਰ੍ਹਾਂ ਕਾਰਜ ਕਰਦੀ ਹੈ। ਜੇ ਉਹ ਕੁੱਝ ਕਹਿਣ ਤਾਂ ਠੀਕ ਹੁੰਦਾ ਹੈ। ਉਹੀ ਗੱਲ ਜਦ ਦੂਸਰੇ ਕਹਿੰਦੇ ਹਨ ਤਾਂ ਉਹ ਗਲ਼ਤ ਹੁੰਦਾ ਹੈ। ਇਹੀ ਉਹਨਾਂ ਦਾ ਸਿਧਾਂਤ ਹੈ। ਇਹੀ ਉਹਨਾਂ ਦੇ ਸਾਰੇ ਖੋਜ ਕਾਰਜਾਂ ਦਾ ਮਾਰਗ ਦਰਸ਼ਕ ਸਿਧਾਂਤ ਹੈ।

ਕੀ ਤੁਹਾਨੂੰ ਯਾਦ ਹੈ ਕਿ ਇਸ ਲੋਕਤੰਤਰਵਾਦੀ ਨੇ – ਜੋ ਤਾਨਾਸ਼ਾਹੀ ਅਤੇ ਤਾਕਤ ਦੀ ਵਰਤੋਂ ਨੂੰ ਖਾਰਜ ਕਰਦੇ ਹਨ – ਹਿੰਦੂ ਧਰਮ ਦਾ ਸੁਧਾਰ ਕਿਵੇਂ ਕੀਤਾ ਜਾਵੇ, ਇਸ ਸੰਦਰਭ ਵਿੱਚ ਕੀ ਕਿਹਾ ਸੀ ? ਹੁਣ ਥੋੜ੍ਹਾ 'ਜਾਤੀ ਦਾ ਖਾਤਮਾ' ਲੇਖ ਨੂੰ ਦੇਖੋ। ਉੱਥੇ ਉਹਨਾਂ ਨੇ ਕਈ ਰੋਕਾਂ ਦਾ ਸੁਝਾਅ ਦਿੱਤਾ ਹੈ: ਕਿ ਹਿੰਦੂ ਧਰਮ ਲਈ ਇੱਕ ਹੀ ਪੈਮਾਨਾ ਹੋਣਾ ਚਾਹੀਦਾ ਹੈ, ਕਿ ਵੇਦਾਂ, ਸ਼ਾਸਤਰਾਂ ਅਤੇ ਪੁਰਾਣਾਂ ਵਰਗੇ ਸਾਰੇ ਹਿੰਦੂ ਗ੍ਰੰਥਾਂ ਨੂੰ ਨਸ਼ਟ ਕਰ ਦਿੱਤਾ ਜਾਵੇ, ਕਿ ਉਹਨਾਂ ਗ੍ਰਥਾਂ ਦੀ ਕਿਸੇ ਵੀ ਗੱਲ ਦੇ ਪ੍ਰਚਾਰ ਨੂੰ ਅਪਰਾਧ ਮੰਨਿਆ ਜਾਵੇ ਅਤੇ ਉਸ ਲਈ ਦੰਡ ਦਿੱਤਾ ਜਾਵੇ ਅਤੇ ਅਜਿਹਾ ਹੀ ਕੁੱਝ ਹੋਰ। ਕੀ ਇਹ ਸਾਰੇ ਉਪਾਅ ਉਹਨਾਂ ਲੋਕਾਂ ਉੱਪਰ ਤਾਨਾਸ਼ਾਹੀ ਦੇ ਸਮਾਨ ਨਹੀਂ ਹੋਣਗੇ ਜੋ ਇਹਨਾਂ ਗ੍ਰੰਥਾਂ ਪਵਿੱਤਰ ਗ੍ਰੰਥ ਨੂੰ ਮੰਨਦੇ ਹਨ ? ਕੀ ਅਜਿਹੇ ਲੋਕਾਂ ਨੂੰ ਦੰਡ ਦੇਣਾ, ਬਲ ਪ੍ਰਯੋਗ ਦੇ ਸਮਾਨ ਨਹੀਂ ਹੋਵੇਗਾ ?

ਜੇ ਹਿੰਦੂ ਧਰਮ ਗ੍ਰੰਥਾਂ ਦੇ ਪ੍ਰਚਾਰ ਕਰਨ ਦੀ ਅਜ਼ਾਦੀ 'ਤੇ ਪਬੰਦੀ ਲਾਉਣਾ ਤਾਨਾਸ਼ਾਹੀ ਨਹੀਂ ਹੈ ਤਾਂ ਉਹ ਪਬੰਦੀ ਤਾਨਾਸ਼ਾਹੀ ਕਿਵੇਂ ਹੋ ਸਕਦੀ ਹੈ ਜੋ ਲੁਟੇਰਿਆਂ ਦੇ ਹੱਕਾਂ 'ਤੇ ਲਾਗੂ ਹੁੰਦੀ ਹੈ ?

ਅੰਬੇਡਕਰ ਦੇ ਅਨੁਸਾਰ ਅਜਿਹੀ ਕੋਈ ਵੀ ਪਬੰਦੀ ਜਾਂ ਸਜਾ ਜੋ ਉਸ ਨੇ ਸੁਝਾਈ ਤਾਨਾਸ਼ਾਹੀ ਜਾਂ ਗੈਰ-ਕਨੂੰਨੀ ਨਹੀਂ ਹੈ। ਮਾਰਕਸ ਨੇ ਜੋ ਕੁੱਝ ਕਿਹਾ, ਸਿਰਫ਼ ਉਹੀ ਤਾਨਾਸ਼ਾਹੀ ਅਤੇ ਗੈਰ-ਕਨੂੰਨੀ ਨਹੀਂ ਹੈ।

ਇਸ ਤਰ੍ਹਾਂ ਦਾ ਰਵੱਈਆ ਅਪਨਾਉਂਦੇ ਹੋਏ, ਅੰਬੇਡਕਰ ਨੇ ਮਾਰਕਸ ਦੇ ਮਾਰਗ ਨੂੰ ਤਾਕਤ ਦੀ ਵਰਤੋਂ ਦੇ ਰੂਪ ਵਿੱਚ ਪੇਸ਼ ਕੀਤਾ। ਅੰਬੇਡਕਰ ਨੇ ਕਿਹਾ ਕਿ ਅਜਿਹਾ ਮਾਰਗ, ਭਾਵੇਂ ਕਿ ਅੰਤਿਮ ਰੂਪ ਵਿੱਚ ਸਫਲ ਨਹੀਂ ਹੁੰਦਾ, ਚਿਰਸਥਾਈ ਨਹੀਂ ਹੋਵੇਗਾ ਅਤੇ ਇਸ ਲਈ ਬੁੱਧ ਦਾ ਮਾਰਗ ਚਿਰਸਥਾਈ ਹੋਵੇਗਾ।

ਇੱਥੇ ਵੀ ਅੰਬੇਡਕਰ ਨੇ ਨੀਤੀ ਅਧਾਰਿਤ ਸ਼ਾਸਨ ਅਤੇ ਤਾਕਤ ਦੁਆਰਾ ਸ਼ਾਸਨ ਵਿਚਲੇ ਫਰਕ ਨੂੰ ਸਿੱਧ ਕਰਨ ਲਈ ਇੱਕ ਕਹਾਣੀ ਸੁਣਾਉਣੀ ਸ਼ੁਰੂ ਕੀਤੀ। ਇਹ ਨੀਤੀ ਅਧਾਰਿਤ ਇੱਕ ਕਹਾਣੀ ਹੈ ਜਿਸਦੀ ਅੰਬੇਡਕਰ ਨੇ ਮਾਰਕਸਵਾਦ ਦੇ ਖੰਡਨ ਲਈ ਹਥਿਆਰ ਦੇ ਰੂਪ ਵਿੱਚ ਵਰਤੋਂ ਕੀਤੀ ਹੈ। ਪਾਠਕਾਂ ਨੂੰ ਬਹੁਤ ਹੀ ਅਹਿਮ 'ਵਿਗਿਆਨਕ' ਚਰਚਾ ਨੂੰ ਬਹੁਤ ਸਾਵਧਾਨੀ ਨਾਲ਼ ਜਾਂਚਣਾ ਅਤੇ ਪਰਖਣਾ ਹੋਵੇਗਾ।

**ਦਿੱਵ ਚੱਕਰ ਰਾਹੀਂ ਸ਼ਾਸਨ**

ਅੰਬੇਡਕਰ ਅਨੁਸਾਰ, ਬੁੱਧ ਨੇ ਮੰਗਤਿਆਂ ਨੂੰ ਇਹ ਕਹਾਣੀ ਸੁਣਾਈ ਸੀ। (ਪੰਨਾ 453-58) 'ਬਹੁਤ ਸਮਾਂ ਪਹਿਲਾਂ, ਪ੍ਰਭਾਵਸ਼ਾਲੀ ਮਹਾਰਾਜਾ ਸੀ। ਉਹ ਸਮੁੰਦਰ

ਤੱਕ ਫੈਲੀ ਇਸ ਧਰਤੀ ਉੱਤੇ ਬੜੀ ਸ਼ਾਨ ਨਾਲ਼ ਰਹਿੰਦਾ ਸੀ, ਜਿਸ ਉੱਤੇ ਉਸ ਨੇ ਜਿੱਤ ਹਾਸਿਲ ਕਰ ਲਈ ਸੀ।' ਉਹ ਅਜਿਹਾ ਜੇਤੂ ਸੀ।

ਬੁੱਧ ਦੱਸਦੇ ਹਨ ਕਿ ਇਸ ਸਮਰਾਟ ਨੇ ਧਰਤੀ ਨੂੰ ਤਲਵਾਰ ਰਾਹੀਂ ਨਹੀਂ ਸਗੋਂ ਨੀਤੀ ਰਾਹੀਂ ਜਿੱਤਿਆ ਸੀ। *"ਹਾਂ, ਇਹ ਸਹੀ ਹੈ"*– ਅੰਬੇਡਕਰ ਸੁਰ ਵਿੱਚ ਸੁਰ ਮਿਲਾਉਂਦੇ ਹਨ। ਬੁੱਧ ਅਤੇ ਅੰਬੇਡਕਰ ਦੋਵੇਂ ਹੀ ਸਮਰਾਟ ਦਾ ਇੱਕ ਮਹਾਨ ਨੀਤੀ ਅਧਾਰਿਤ ਸ਼ਾਸਕ ਅਤੇ ਲੋਕ–ਸੁਰੱਖਿਅਕ ਦੇ ਰੂਪ ਵਿੱਚ ਵਰਣਨ ਕਰਦੇ ਹਨ।

ਬੁੱਧ ਦਾ ਸਮਰਾਟ ਪ੍ਰਤੀ ਸਮਰਪਣ ਵਰਣਨਯੋਗ ਹੈ। ਅੰਬੇਡਕਰ ਦੇ ਸਰਪਣ ਬਾਰੇ ਤਾਂ ਗੱਲ ਕਰਨਾ ਹੀ ਗੈਰ–ਜ਼ਰੂਰੀ ਹੈ। ਕਿਸੇ 'ਰਾਜੇ' ਦੀ ਝਲਕ ਹੀ ਕਾਫੀ ਹੈ। ਤੁਰੰਤ ਪੂਰਣ ਸਮਰਪਣ।

ਸਮਰਾਟ ਦੇ ਕੋਲ ਇੱਕ 'ਦਿੱਵ ਚੱਕਰ' ਸੀ। ਉਸ ਨੇ ਨੀਤੀ ਪਰਕਤਾ ਨਾਲ਼ ਹਜ਼ਾਰਾਂ ਸਾਲਾਂ ਤੱਕ ਲੋਕਾਂ 'ਤੇ ਸ਼ਾਸਨ ਕੀਤਾ। ਇੱਕ ਦਿਨ ਦਿੱਵ ਚੱਕਰ ਥੋੜ੍ਹਾ ਜਿਹਾ ਧਸਿਆ ਅਤੇ ਥਾਂ ਤੋਂ ਹੇਠਾਂ ਖਿਸਕ ਗਿਆ। ਸਮਰਾਟ ਨੇ ਤੁਰੰਤ ਆਪਣੇ ਪੁੱਤਰ ਨੂੰ ਬੁਲਾਇਆ ਅਤੇ ਉਸ ਨੂੰ ਕਿਹਾ, "ਮੈਂ ਇੰਦਰੀਆਂ ਦੇ ਸੁੱਖਾਂ ਦਾ ਭੋਗ ਕਰ ਚੁੱਕਾ ਹਾਂ। ਹੁਣ ਰੱਬੀ ਅਨੰਦ ਖੋਜਣ ਦਾ ਸਮਾਂ ਆ ਗਿਆ ਹੈ। ਸਮੁੰਦਰ ਨਾਲ਼ ਘਿਰੀ ਇਸ ਧਰਤੀ ਦਾ ਕਾਰਜ ਭਾਰ ਸੰਭਾਲ। ਮੈਂ ਆਪਣੇ ਕੇਸ ਅਤੇ ਦਾੜ੍ਹੀ ਮੁਨਵਾ ਕੇ ਸੰਨਿਆਸੀ ਬਣੂੰਗਾ ਇਸ ਤਰ੍ਹਾਂ ਕਹਿ ਕੇ ਸਮਰਾਟ ਘਰ ਛੱਡ ਕੇ ਚਲਾ ਗਿਆ।

ਸਮਰਾਟ ਦੇ ਜਾਣ ਤੋਂ ਬਾਅਦ ਸੱਤਵੇਂ ਦਿਨ, ਦਿੱਵ ਚੱਕਰ ਅੰਤਰ ਧਿਆਨ ਹੋ ਗਿਆ। ਪੁੱਤਰ ਗਿਆ ਅਤੇ ਇਸ ਬਾਰੇ ਆਪਣੇ ਪਿਤਾ ਨੂੰ ਦੱਸਿਆ। ਪਿਤਾ ਨੇ ਕਿਹਾ, "ਚਿੰਤਾ ਮਤ ਕਰੋ! ਦਿੱਵ ਚੱਕਰ ਕੋਈ ਪਿੱਤਰੀ ਵਿਰਾਸਤ ਨਹੀਂ ਹੈ।" (ਅਸਲੀ ਪਿੱਤਰੀ ਵਿਰਾਸਤ ਵਿੱਚ ਸਿਰਫ਼ ਭੂਮੀ ਅਤੇ ਦਾਸ ਹੀ ਸ਼ਾਮਿਲ ਹੁੰਦੇ ਹਨ। ਕੀ ਹੋਇਆ ਜੇਕਰ, ਇਹ ਦਿੱਵ ਚੱਕਰ ਕਿਸੇ ਕੋਲ ਹੋਵੇ ਜਾਂ ਨਾ ਹੋਵੇ!)

ਬਾਪ ਨੇ ਬੇਟੇ ਨੂੰ ਬਹੁਤ ਲੰਮਾਂ ਚੌੜਾ ਪ੍ਰਵਚਨ ਦਿੱਤਾ, "ਆਰੀਆ ਕਰਤੱਵ ਦਾ ਪਾਲਣ ਕਰੋ। ਦਿੱਵ ਚੱਕਰ ਉੱਥੇ ਹੀ ਰਹਿੰਦਾ ਹੈ ਜਿੱਥੇ ਨੀਤੀ ਪਰਕਤਾ ਹੁੰਦੀ ਹੈ। ਸੱਚ ਅਤੇ ਨੀਤੀ ਪਰਕਤਾ ਦੀ ਉਪਾਸਨਾ ਕਰੋ। ਨੀਤੀ ਤੇਰਾ ਗੁਰੂ ਹੈ। ਫੌਜ, ਅਸਾਮੀਆਂ, ਆਪਣੀ ਸਬ–ਜਾਤੀ, ਪਰਜਾ ਨੂੰ ਸੁਰੱਖਿਆ ਪ੍ਰਦਾਨ ਕਰੋ। ਗਰੀਬਾਂ ਨੂੰ ਪੈਸੇ ਦੇਵੋ। ਇੰਦਰੀਆਂ ਦੇ ਨਸ਼ੇ ਵਿੱਚ ਰਹਿਣ ਨਾਲ਼ ਪੈਦਾ ਹੋਈ ਅਨਿਸ਼ਚਿਤਤਾ ਨੂੰ ਦੂਰ ਕਰੋ।"

ਇਹੀ ਸਮਰਾਟ ਤਲਵਾਰ ਦੀ ਵਰਤੋਂ ਨਹੀਂ ਕਰਦਾ ਹੈ। ਸਗੋਂ ਨੀਤੀ ਦਾ ਪ੍ਰਯੋਗ ਕਰਦਾ ਹੈ, ਕਿ ਨਹੀਂ। ਤਾਂ ਫਿਰ ਉਸ ਨੇ ਆਪਣੇ ਕੋਲ ਫੌਜ ਕਿਉਂ ਰੱਖੀ ਹੋਈ ਹੈ। ਇਹ ਫੌਜ ਯੁੱਧ ਛੇੜਦੀ ਹੈ। ਦੂਸਰੇ ਰਾਜਗਣ ਉਸ ਦੀ ਅਸਾਮੀ ਹੋ ਜਾਂਦੇ ਹਨ। ਉਹ ਕਰ ਅਦਾ ਕਰਦੇ ਹਨ। ਰਾਜਾ ਦੀ ਆਪਣੀ ਜਾਤੀ ਕੋਲ ਵਿਸ਼ੇਸ਼ ਵਿਲਾਸਤਾਵਾਂ ਮੌਜੂਦ ਹੁੰਦੀਆਂ ਹਨ। ਬ੍ਰਾਹਮਣਾਂ ਨੂੰ ਵਿਸ਼ੇਸ਼ ਸੁਰੱਖਿਆ ਪ੍ਰਾਪਤ ਹੁੰਦੀ ਹੈ। ਇਹ ਉਹ ਨੀਤੀ ਦਾ ਸ਼ਾਸਨ ਹੈ ਜੋ ਅੰਬੇਡਕਰ ਨੂੰ ਇੰਨਾ ਪਿਆਰਾ ਸੀ।

ਦਿੱਵ ਚੱਕਰ ਫਿਰ ਦੁਆਰਾ ਪ੍ਰਗਟ ਹੋ ਗਿਆ। ਬੇਟਾ ਘਰ ਗਿਆ ਅਤੇ ਪੂਰਨਮਾਸ਼ੀ ਦੇ ਦਿਨ ਪੂਜਾ ਕੀਤੀ। ਚੱਕਰ ਦੇ ਪ੍ਰਗਟ ਹੋਣ 'ਤੇ, ਰਾਜਾ ਹੋਰ ਵੀ ਵੱਡਾ ਰਾਜਾ ਹੋ ਜਾਵੇਗਾ ਜਾਂ ਸਮਰਾਟ ਹੋ ਜਾਵੇਗਾ ਅਤੇ ਇੱਥੋਂ ਤੱਕ ਕਿ ਸੰਸਾਰ ਜੇਤੂ ਹੋ ਜਾਵੇਗਾ। ਰਾਜੇ ਨੇ ਆਪਣੇ ਖੱਬੇ ਹੱਥ ਵਿੱਚ ਇੱਕ ਕਲਸ਼ ਲਿਆ ਅਤੇ ਆਪਣੇ ਸੱਜੇ ਹੱਥ ਨਾਲ਼ ਦਿੱਵ ਚੱਕਰ 'ਤੇ ਇਹ ਕਹਿੰਦੇ ਹੋਏ ਪਾਣੀ ਛਿੜਕਿਆ:–

'ਹੇ ਦਿੱਵ ਚੱਕਰ ਭਗਵਾਨ! ਅੱਗੇ ਵਧਦੇ ਜਾਓ।' (ਇਸ ਤਰ੍ਹਾਂ ਲੱਗਦਾ ਹੈ ਕਿ

ਬੇਟਾ ਸਾਮਰਾਜ ਤੋਂ ਖ਼ੁਸ਼ ਨਹੀਂ ਹੈ ਜੋ ਉਸ ਦੇ ਪਿਤਾ ਨੇ ਉਸ ਨੂੰ ਦਿੱਤਾ ਸੀ। ਉਹ ਚੱਕਰ ਨੂੰ ਹੋਰ ਵੀ ਜਿੱਤਾਂ ਹਾਸਲ ਕਰਨ ਲਈ ਸੰਦੇਸ਼ ਦੇ ਰਿਹਾ ਹੈ।)

ਦਿੱਵ ਚੱਕਰ ਪੂਰਬੀ ਖੇਤਰ ਵੱਲ ਵਧਦਾ ਗਿਆ ਅਤੇ ਉਸ ਦੇ ਪਿੱਛੇ ਰਾਜਾ ਅਤੇ ਉਸ ਦੇ ਚੌਤਰਫੀ ਫੌਜ ਹੋ ਗਈ। (ਅੰਬੇਡਕਰ ਕਹਿੰਦੇ ਹਨ ਕਿ ਇਹੀ ਨੀਤੀ ਹੈ ਅਤੇ ਤਾਕਤ ਦੀ ਵਰਤੋਂ ਨਹੀਂ ਹੈ।) ਉਸ ਖੇਤਰ ਤੋਂ ਸਾਰੇ ਰਾਜਗਣ ਸਮਰਾਟ ਦੇ ਕੋਲ ਆਏ ਅਤੇ ਉਸ ਦੀ ਸ਼ਾਨ ਨੂੰ ਸਿਰ ਨਿਵਾਇਆ, "ਹੇ ਪ੍ਰਤਾਪੀ ਰਾਜਾ! ਹੇ ਪ੍ਰਤਾਪੀ ਰਾਜਾ! ਸਭ ਕੁੱਝ ਤੇਰਾ ਹੈ।"

ਤਦ ਉਸ ਸਭ ਦੇ ਮਾਲਕ ਰਾਜੇ ਨੇ ਉਹਨਾਂ ਅਧੀਨ ਰਾਜਿਆਂ ਨੂੰ ਪ੍ਰਵਚਨ ਦਿੱਤਾ, "ਜੀਵਾਂ ਦੀ ਹੱਤਿਆ ਮਤ ਕਰੋ! ਝੂਠ ਮਤ ਬੋਲੋ! ਸ਼ਰਾਬ ਮਤ ਪਿਓ! ਚੋਰੀ ਮਤ ਕਰੋ!" (ਮੈਂ ਹੀ ਇਹ ਸਭ ਕੁੱਝ ਕਰੂੰਗਾ ਅਤੇ ਸਾਮਰਾਜਾਂ ਨੂੰ ਹੜਪ ਲਵੂੰਗਾ। ਤੁਸੀਂ ਇਹ ਚੀਜ਼ਾਂ ਮਤ ਕਰੋ!)

ਫਿਰ ਦਿੱਵ ਚੱਕਰ ਨੇ ਸਾਰੀਆਂ ਦਿਸ਼ਾਵਾਂ ਦਾ ਚੱਕਰ ਲਗਾਇਆ। "ਦਿੱਵ ਚੱਕਰ ਸਮੁੰਦਰ ਸਮੇਤ ਪੂਰੀ ਪ੍ਰਿਥਵੀ ਨੂੰ ਜਿੱਤਦਾ ਹੋਇਆ ਅੱਗੇ ਵਧਦਾ ਰਿਹਾ ਅਤੇ ਰਾਜ ਨਗਰ ਵਿੱਚ ਵਾਪਸ ਆਇਆ ਅਤੇ ਸਥਿਰ ਹੋ ਗਿਆ।" (ਪੰਨਾ 456)

(ਯਾਦ ਕਰੋ, ਇਹ ਅੰਬੇਡਕਰ ਦੀ ਅਜੀਬ ਵਿਆਖਿਆ ਹੈ ਕਿ ਬੁੱਧ ਨੇ– ਜਿਸ ਨੇ ਕਿ 'ਪੂਰੀ ਧਰਤੀ 'ਤੇ ਜਿੱਤ' ਇਹਨਾਂ ਗਥਾਵਾਂ ਦਾ ਵਰਣਨ ਕੀਤਾ– ਨਿੱਜੀ ਜਾਇਦਾਦ ਦਾ ਵਿਰੋਧ ਕੀਤਾ ਸੀ।)

ਇਸ ਤਰ੍ਹਾਂ ਨਾਲ਼, ਸੱਤ ਸਮਰਾਟਾਂ ਨੇ ਨੀਤੀ ਪਰਕ ਮਾਰਗ 'ਤੇ ਚੱਲਦੇ ਹੋਏ ਰਾਜ ਕੀਤਾ। ਪਰ ਇੱਕ ਸਮਰਾਟ ਨੇ ਆਰੀਆ ਕਰੱਤਵ ਦੀ ਉਲੰਘਣਾ ਕਰਦੇ ਹੋਏ ਆਪਣੇ ਮਨ ਮੁਤਾਬਿਕ ਰਾਜ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਅਨਾਥਾਂ ਨੂੰ ਪੈਸਾ ਦੇਣਾ ਬੰਦ ਕਰ ਦਿੱਤਾ।

ਦਿੱਵ ਚੱਕਰ ਫਿਰ ਅੰਤਰ-ਧਿਆਨ ਹੋ ਗਿਆ। ਚਾਰੇ ਪਾਸੇ ਗਰੀਬੀ ਫੈਲ ਗਈ। ਇੱਕ ਗਰੀਬ ਵਿਅਕਤੀ ਨੇ ਚੋਰੀ ਕੀਤੀ। ਰਾਜੇ ਨੇ ਉਸ ਨੂੰ ਪੈਸੇ ਦਿੱਤੇ। ਸਾਰੇ ਲੋਕਾਂ ਨੇ ਸੋਚਿਆ ਕਿ ਇਹ ਅੰਤਿਮ ਰਾਹ ਹੈ ਅਤੇ ਚੋਰੀ ਕਰਨੀ ਸ਼ੁਰੂ ਕਰ ਦਿੱਤੀ। ਪਰ ਰਾਜੇ ਨੇ ਇਸ ਵਾਰ ਲੋਕਾਂ ਦੇ ਸਿਰ ਕਟਵਾ ਦਿੱਤੇ। ਫਿਰ ਚੋਰ ਡਾਕੂਆਂ ਵਿੱਚ ਬਦਲ ਗਏ ਅਤੇ ਲੋਕਾਂ ਦੀ ਹੱਤਿਆ ਕਰਨ ਲੱਗੇ।

ਅਨੈਤਿਕ ਕਾਰਜਸ਼ੈਲੀ ਅਤੇ ਆਪਹੁਦਰਾਪਣ ਵਧ ਗਿਆ। ਧਰਮਾਤਮਾਵਾਂ ਵਿੱਚ ਧਰਮ ਪ੍ਰਤੀ ਸ਼ਰਧਾ ਘਟਣ ਲੱਗੀ।

ਬੁੱਧ ਅੱਗੇ ਕਹਿੰਦੇ ਹਨ ਕਿ ਅਜਿਹੀ ਸਥਿਤੀ ਵਿੱਚ ਕਿਸੇ ਤਰ੍ਹਾਂ ਦੀਆਂ ਨਾ ਬਰਾਬਰੀਆਂ ਪੈਦਾ ਹੁੰਦੀਆਂ ਹਨ। ਮਨੁੱਖ ਦਾ ਜੀਵਨ ਕਾਲ ਦਸ ਸਾਲਾਂ 'ਤੇ ਆ ਜਾਵੇਗਾ। ਪੰਜ ਸਾਲਾਂ ਦੀਆਂ ਕੁੜੀਆਂ ਵਿਆਹੁਣਯੋਗ ਹੋ ਜਾਣਗੀਆਂ। ਅਜਿਹੇ ਮਨੁੱਖਾਂ ਵਿੱਚ ਵੱਖ-ਵੱਖ ਰੁਚੀਆਂ-ਅਨੁਭਵਾਂ ਦਾ ਗਿਆਨ ਅਲੋਪ ਹੋ ਜਾਵੇਗਾ। (ਕਿਉਂ ਨਾ ਅਲੋਪ ਹੋਵੇ ਜਦ ਕਿ ਕੁੱਝ ਖਾਣ ਲਈ ਹੀ ਨਾ ਹੋਵੇ) ਦਸ ਨੈਤਿਕ ਵਿਵਹਾਰ ਕਰਮ ਇਕੱਠੇ ਹੀ ਅਲੋਪ ਹੋ ਜਾਣਗੇ ਅਤੇ ਦਸ ਨੈਤਿਕ ਤੌਰ ਤਰੀਕੇ ਬੇਹੱਦ ਵਧਣ ਫੁੱਲਣਗੇ।

ਕਹਾਣੀ ਅੰਤ ਤੱਕ ਇਸ ਤਰ੍ਹਾਂ ਹੀ ਚੱਲਣੀ ਹੈ।

ਸਮਰਾਟਗਣ ਅਨੇਕਾਂ ਸਾਮਰਾਜਾਂ ਨੂੰ ਜਿੱਤਣ ਵਿੱਚ ਤਦ ਸਫਲ ਹੋਏ ਜੱਦ ਉਹਨਾਂ ਨੇ ਆਰੀਆ ਕਰਤੱਵ ਦਾ ਪਾਲਣ ਕੀਤਾ। ਉਦੋਂ ਸੰਸਾਰ ਆਪਣੇ ਆਪ ਨੂੰ ਨੀਤੀ ਪਰਕ ਢੰਗ ਨਾਲ਼ ਸੰਚਾਲਿਤ ਕਰਦਾ ਸੀ। ਪਰ ਸੰਸਾਰ ਬੁਰੇ ਕੰਮਾਂ ਨਾਲ਼ ਇਸ ਲਈ ਭਰ ਗਿਆ

ਕਿਉਂਕਿ ਇੱਕ ਸਮਰਾਟ ਨੇ ਆਪਣਾ ਆਰੀਆ ਕਰਤੱਵ ਤਿਆਗ ਦਿੱਤਾ ਸੀ। ਇਹ ਉਹ ਕਥਾ ਹੈ ਜੋ ਸਮਰਾਟਾਂ, ਬ੍ਰਹਾਮਣਾਂ ਅਤੇ ਆਰੀਆ ਕਰਤੱਵ ਦਾ ਗੁਣਗਾਣ ਕਰਦੀ ਹੈ।

ਬੁੱਧ ਆਰੀਆ ਕਰਤੱਵ ਦਾ ਵਰਣਨ ਕਰਦੇ ਹੋਏ ਇਹ ਕਹਾਣੀ ਬਿਆਨਦੇ ਹਨ।

ਅੰਬੇਡਕਰ ਨੇ ਸਿਰਫ਼ ਇਹ ਦਰਸਾਉਣ ਲਈ ਹੀ ਇਸ ਕਹਾਣੀ ਨੂੰ ਘੜਿਆ ਕਿ ਨੀਤੀ ਪਰਕਤਾ ਦੁਆਰਾ ਸ਼ਾਸਨ ਬਹੁਤ ਮਹਾਨ ਹੈ ਅਤੇ ਸੰਸਾਰ ਉਸ ਦਿਸ਼ਾ ਵਿੱਚ ਬੁਰੇ ਕੰਮਾਂ ਨਾਲ਼ ਭਰ ਜਾਵੇਗਾ ਜਦੋਂ ਉਹ ਮਾਰਕਸ ਦੀ ਤਾਨਾਸ਼ਾਹੀ ਵਾਲ਼ੀ ਧਾਰਨਾ ’ਤੇ ਚੱਲ ਪਵੇਗਾ।

ਅੰਬੇਡਕਰ ਸਾਨੂੰ ਇਹ ਦੱਸਣ ਵਿੱਚ ਬਿਲਕੁਲ ਨਹੀਂ ਝਿਜਕੇ ਕਿ ਉਹਨਾਂ ਸਮਰਾਟਾਂ ਨੇ ਨੀਤੀ ਪਰਕਤਾ ਦੁਆਰਾ ਸ਼ਾਸਨ ਕੀਤਾ ਅਤੇ ਤਲਵਾਰ ਦੁਆਰਾ ਸ਼ਾਸਨ ਨਹੀਂ ਕੀਤਾ ਜਿਸ ਨੇ ਚੌਹਤਰਫੀ ਫੌਜ ਨਾਲ਼ ਸਾਰੀ ਧਰਤੀ ਦੇ ਸਾਰੇ ਭਾਗਾਂ ’ਤੇ ਹਮਲਾ ਕੀਤਾ। ਬ੍ਰਾਹਮਣਾਂ ਅਤੇ ਆਰੀਆ ਕਰਤੱਵ ਦਾ ਗੁਣਗਾਨ ਕਰਨ ਵਿੱਚ ਵੀ ਉਸ ਨੂੰ ਝਿਜਕ ਨਹੀਂ ਆਈ।

**ਮਜ਼ਦੂਰਾਂ ਦੀ ਤਾਨਾਸ਼ਾਹੀ ਬਾਰੇ ਕੁੱਝ ਹੋਰ ਗੱਲਾਂ**

ਅੰਬੇਡਕਰ ਦੀ ਚਰਚਾ ਅਜੇ ਵੀ ਪੂਰੀ ਨਹੀਂ ਹੋਈ। ਇਹ ਕਈ ਰਾਹਾਂ ਵਿੱਚੋਂ ਲੰਘੇਗੀ। ਉਸ ਦੀ ਇੱਕ ਦਲੀਲ ਇਹ ਹੈ : “ਕਮਿਊਨਿਸਟ ਇਹ ਖ਼ੁਦ ਸਵੀਕਾਰਦੇ ਹਨ ਕਿ ਲਗਾਤਾਰ ਤਾਨਾਸ਼ਾਹੀ ਦੇ ਰੂਪ ਵਿੱਚ ਸੱਤ੍ਹਾ ਦਾ ਉਹਨਾਂ ਦਾ ਸਿਧਾਂਤ, ਉਹਨਾਂ ਦੇ ਸਿਆਸੀ ਦਰਸ਼ਨ ਵਿੱਚ ਇੱਕ ਕਮਜ਼ੋਰ ਕੜੀ ਹੈ।... ਥੋੜ੍ਹੇ ਸਮੇਂ ਲਈ, ਤਾਨਾਸ਼ਾਹੀ ਸਵਾਗਤਯੋਗ ਹੋ ਸਕਦੀ ਹੈ ਅਤੇ ਇੱਥੋਂ ਤੱਕ ਕਿ ਜਮਹੂਰੀਅਤ ਨੂੰ ਸੁਰੱਖਿਅਤ ਬਣਾਉਣ ਲਈ ਵੀ ਸਵਾਗਤਯੋਗ ਗੱਲ ਹੋ ਸਕਦੀ ਹੈ। ਤਾਨਾਸ਼ਾਹੀ ਨੂੰ ਖ਼ੁਦ ਨੂੰ ਉਸ ਤੋਂ ਬਾਅਦ ਸਮੇਟ ਲੈਣਾ ਚਾਹੀਦਾ ਹੈ ਜਦੋਂ ਇਹ ਆਪਣਾ ਕਾਰਜ ਪੂਰਾ ਕਰ ਲਵੇ, ਜਦੋਂ ਇਸ ਨੇ ਜਮਹੂਰੀਅਤ ਦੇ ਰਾਹ ਵਿੱਚੋਂ ਸਾਰੀਆਂ ਰੁਕਾਵਟਾਂ ਨੂੰ ਹਟਾ ਦਿੱਤਾ ਹੋਵੇ।” (ਪੰਨਾ 459) “ ... ਲਗਾਤਾਰ ਤਾਨਾਸ਼ਾਹੀ ਲਈ ਕੋਈ ਦਲੀਲ ਨਹੀਂ। ਇਸ ਨੇ ਅਧਿਆਤਮਕ ਕੀਮਤਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਨਾ ਹੀ ਅਜਿਹਾ ਕਰਨ ਦੀ ਕੋਈ ਇੱਛਾ ਜ਼ਾਹਿਰ ਹੁੰਦੀ ਹੈ।” (ਪੰਨਾ 461–62)

‘ਕਮਿਊਨਿਸਟ ਸਵੀਕਾਰਦੇ ਹਨ ਕਿ ਉਹਨਾਂ ਦੇ ਸਿਧਾਂਤ ਵਿੱਚ ਲਗਾਤਾਰ ਤਾਨਾਸ਼ਾਹੀ ਇੱਕ ਕਮਜ਼ੋਰੀ ਹੈ’– ਅੰਬੇਡਕਰ ਕਹਿੰਦੇ ਹਨ। ਮਤਲਬ ਇਹ ਹੈ ਕਿ ਅੰਬੇਡਕਰ ਨੂੰ ਪਤਾ ਨਹੀਂ ਹੈ ਕਿ ਮਜ਼ਦੂਰਾਂ ਦੀ ਤਾਨਾਸ਼ਾਹੀ ਲਗਾਤਾਰ ਨਹੀਂ ਹੁੰਦੀ ਹੈ। ਕਿ ਇਹ ਥੋੜ ਚਿਰੀ ਹੁੰਦੀ ਹੈ ਅਤੇ ਇਹ ਇੱਕ ਸੰਗਰਾਂਦੀ ਦੌਰ ਦੀ ਨੁਮਾਇੰਦਗੀ ਕਰਦੀ ਹੈ। ਇਸ ਦਾ ਇਹ ਮਤਲਬ ਨਿੱਕਲਦਾ ਹੈ ਕਿ ਉਹ ਮਾਰਕਸਵਾਦ ਦੀ ਸਿਧਾਂਤਕ ਚਰਚਾ ਦੇ ਅਖਾੜੇ ਵਿੱਚ ਬਿਨਾਂ ਇਹ ਜਾਣੇ ਕੁੱਦ ਪਏ ਕਿ ਮਾਰਕਸ ਨੇ ਕੀ ਲਿਖਿਆ ਸੀ। ਉਹ ਉਹਨਾਂ ਕਮਿਊਨਿਸਟਾਂ ਦਾ ਕੋਈ ਵਰਨਣ ਨਹੀਂ ਕਰਦੇ ਜਿਹਨਾਂ ਨੇ ‘ਆਪਣੇ ਸਿਆਸੀ ਦਰਸ਼ਨ ਵਿੱਚ ਕਮਜ਼ੋਰੀ’ ਨੂੰ ਸਵੀਕਾਰਿਆ ਹੈ। ਇੱਥੇ ਅਸੀਂ ਇੱਕ ਵਾਰ ਫਿਰ ਹੈਰਾਨ ਹੋ ਜਾਂਦੇ ਹਾਂ।

ਮਾਰਕਸਵਾਦ ਉੱਪਰ ਅੰਬੇਡਕਰ ਦੀ ਸਮੁੱਚੀ ਚਰਚਾ ਇਸ ਤਰ੍ਹਾਂ ਦੀ ਹੀ ਹੈ। ਉਸਨੇ ਕਿਤੇ ਵੀ ਮਾਰਕਸ ਦੇ ਸ਼ਬਦਾਂ ਦਾ ਹਵਾਲਾ ਦਿੰਦੇ ਹੋਏ ਉਸਦੀ ਚਰਚਾ ਨਹੀਂ ਕੀਤੀ ਅਤੇ ਨਾ ਹੀ ਇਸ ਜਾਣਕਾਰੀ ਨਾਲ਼ ਚਰਚਾ ਕੀਤੀ ਕਿ ਮਾਰਕਸ ਨੇ ਕੀ ਕਿਹਾ ਹੈ। ਮਾਰਕਸਵਾਦ ਨਾਲ਼ ਸਬੰਧਿਤ ਉਸਦਾ ਸਮੁੱਚਾ ਗਿਆਨ ਸੁਣੀਆਂ ਗੱਲਾਂ ’ਤੇ ਅਧਾਰਿਤ ਗਿਆਨ ਹੈ।

ਉਹ ਇਸ ਗੱਲ ਨਾਲ਼ ਸਹਿਮਤ ਹੋ ਗਏ ਕਿ ਥੋੜ੍ਹੇ ਸਮੇਂ ਲਈ ਤਾਨਾਸ਼ਾਹੀ ਸਹਾਈ ਹੋ ਸਕਦੀ ਹੈ। ਉਹਨੇ ਕਿਹਾ ਕਿ ਇਹ ਸਿਰਫ਼ ਇੱਕ ਸੰਗਰਾਂਦੀ ਦੌਰ ਤੱਕ ਹੀ ਹੁੰਦਾ ਹੈ ਅਤੇ ਸਥਾਈ ਰੂਪ ਵਿੱਚ ਨਹੀਂ ਹੁੰਦਾ। ਤਾਂ ਫਿਰ ਅੰਬੇਡਕਰ ਨੂੰ ਮਾਰਕਸ ਦੇ ਸਿਧਾਂਤ ਪ੍ਰਤਿ ਨਫ਼ਰਤ ਕਿਉਂ ਹੈ ? ਕੀ ਉਸਦੀਆਂ ਆਪਣੀਆਂ ਦੰਦ ਕਥਾਵਾਂ ਅਤੇ ਮਿਥਿਹਾਸਕ ਕਹਾਣੀਆਂ ਪੂਰਨ ਤੌਰ 'ਤੇ ਨਹੀਂ ਹਨ ?

ਇੱਥੋਂ ਤੱਕ ਕਿ, ਜੇਕਰ ਕੋਈ ਵਿਅਕਤੀ ਇਹ ਨਾ ਜਾਣਦਾ ਹੋਵੇ ਕਿ ਮਾਰਕਸ ਨੇ 'ਤਾਨਾਸ਼ਾਹੀ' ਬਾਰੇ ਕੀ ਕਿਹਾ ਸੀ, ਤਾਂ ਵੀ ਉਹ ਇਸ ਨੂੰ ਠੀਕ ਤਰ੍ਹਾਂ ਨਾਲ਼ ਸਮਝ ਸਕਦਾ ਹੈ, ਬਸ਼ਰਤੇ ਕਿ ਉਹ ਥੋੜ੍ਹਾ ਜਿਹਾ ਚਿੰਤਨ ਕਰੇ। ਇੱਥੋਂ ਤੱਕ ਕਿ ਉਹਨਾਂ ਲੋਕਾਂ ਨੇ ਵੀ 'ਜਮਾਤ ਰਹਿਤ ਸਮਾਜ', 'ਜਮਾਤਾਂ ਦਾ ਖਾਤਮਾ', ਅਤੇ 'ਸਾਮਵਾਦੀ ਸਮਾਜ' ਜਿਹੇ ਸ਼ਬਦਾਂ ਨੂੰ ਸੁਣ ਰੱਖਿਆ ਹੋਵੇਗਾ ਜਿੰਨ੍ਹਾਂ ਨੇ ਮਾਰਕਸਵਾਦ ਬਾਰੇ, ਕੱਚੇ ਪਿੱਲੇ ਢੰਗ ਨਾਲ਼ ਹੀ, ਸੁਣਿਆ ਹੋਵੇਗਾ। ਜੇ ਜਮਾਤੀ ਵਖਰੇਵਾਂ ਹੀ ਮੌਜੂਦ ਨਾ ਹੋਵੇ ਤਾਂ ਕਿਰਤੀ ਜਮਾਤ ਦੀ ਹੋਂਦ ਅਤੇ ਉਸਦੀ ਤਾਨਾਸ਼ਾਹੀ ਹੋ ਹੀ ਕਿਵੇਂ ਸਕਦੀ ਹੈ ? ਆਖਰ ਇਹ ਤਾਨਾਸ਼ਾਹੀ ਕਿਸ ਵਿਰੁੱਧ ਹੋਵੇਗੀ ? ਸਾਮਵਾਦ ਦਾ ਸਿਧਾਂਤ ਕਿਸ ਲਈ ਲਗਾਤਾਰ ਤਾਨਾਸ਼ਾਹੀ ਦਾ ਪ੍ਰਸਤਾਵ ਰੱਖਦਾ ਹੈ। ਜੇ ਕੋਈ ਇੰਨਾ ਹੀ ਵਿਚਾਰ ਕਰ ਲਵੇ, ਤਾਂ ਉਹ ਅਸਾਨੀ ਨਾਲ਼ ਹੀ ਸਮਝ ਸਕਦਾ ਹੈ ਕਿ ਮਜ਼ਦੂਰਾਂ ਦੀ ਤਾਨਾਸ਼ਾਹੀ ਕੋਈ ਲਗਾਤਾਰ ਚੱਲਣ ਵਾਲ਼ਾ ਵਰਤਾਰਾ ਨਹੀਂ ਹੈ ਸਗੋਂ ਇੱਕ ਅਸਥਾਈ ਵਰਤਾਰਾ ਹੈ।

ਪਰ ਅੰਬੇਡਕਰ ਇਹ ਛੋਟੀ ਜਿਹੀ ਗੱਲ ਵੀ ਸਮਝ ਨਾ ਸਕੇ। ਕੋਈ ਵਿਅਕਤੀ ਕਿਸੇ ਗੱਲ ਨੂੰ ਤਾਂ ਹੀ ਸਮਝ ਸਕਦਾ ਹੈ ਜੇ ਉਹ ਸਮਝਣ ਦਾ ਯਤਨ ਕਰੇ। ਅੰਬੇਡਕਰ ਸਕਾਰਾਤਮਕ ਢੰਗ ਨਾਲ਼ ਬਿਲਕੁਲ ਸੋਚਣਾ ਹੀ ਨਹੀਂ ਚਾਹੁੰਦੇ। ਉਸ ਦੀ ਇਹ ਚਾਹਤ ਹੈ ਕਿ ਮਾਰਕਸਵਾਦ ਵਿੱਚੋਂ ਕੁੱਝ ਨਾ ਕੁੱਝ ਦੋਸ਼ ਲੱਭ ਲਏ ਜਾਣ, ਉਸ ਸਥਿਤੀ ਵਿੱਚ ਵੀ ਜਦੋਂ ਉਸ ਲਈ ਕੋਈ ਅਧਾਰ ਹੀ ਨਹੀਂ ਹੁੰਦਾ। ਉਸ ਦੀ ਸਾਰੀ ਊਰਜਾ ਅਤੇ ਜੋਰ ਇਸ ਕੰਮ ਲਈ ਅਰਪਿਤ ਹੁੰਦੀ ਹੈ।

ਮਾਰਕਸਵਾਦ ਲਈ ਉਹਨਾਂ ਦੀ ਘ੍ਰਿਣਾ ਇੰਨੇ ਨਾਲ਼ ਹੀ ਖਤਮ ਨਹੀਂ ਹੋਈ। ਇਹ ਕਈ ਰੂਪਾਂ ਵਿੱਚ ਜ਼ਾਹਿਰ ਹੁੰਦੀ ਹੈ:–

"ਉਹ (ਕਮਿਊਨਿਸਟ) ਇਸ ਤਰਕ ਦਾ ਸਹਾਰਾ ਲੈਂਦੇ ਹਨ ਕਿ ਲੁੱਟ ਅਧਾਰਿਤ ਰਾਜ ਖਤਮ ਹੋ ਜਾਵੇਗਾ। ਦੋ ਸਵਾਲ ਹਨ, ਜਿੰਨਾਂ ਦਾ ਉਹ ਉੱਤਰ ਦੇਣ। ਇਹ ਕਦੋਂ ਖਤਮ ਹੋਵੇਗਾ ? ਜਦੋਂ ਰਾਜ ਦਾ ਖਾਤਮਾ ਹੋ ਜਾਵੇਗਾ ਤਾਂ ਕਿਹੜੀ ਚੀਜ਼ ਉਸ ਦਾ ਸਥਾਨ ਲਵੇਗੀ ? ਕਮਿਊਨਿਸਟਾਂ ਨੇ ਕੋਈ ਉੱਤਰ ਨਹੀਂ ਦਿੱਤਾ। ਕੀ ਇਹਦੀ ਥਾਂ 'ਤੇ ਅਰਾਜਕਤਾ ਆਵੇਗੀ ? ਜੇ ਅਜਿਹਾ ਹੈ ਤਾਂ ਕਮਿਊਨਿਸਟ ਰਾਜ ਦੀ ਸਥਾਪਨਾ ਕਰਨਾ ਹੀ ਇੱਕ ਨਿਰਾਰਥਕ ਯਤਨ ਹੈ। ਜੇ ਉਹ ਤਾਕਤ ਤੋਂ ਬਿਨਾਂ ਕਿਸੇ ਹੋਰ ਚੀਜ਼ ਰਾਹੀਂ ਕਾਇਮ ਨਾਂ ਰੱਖਿਆ ਜਾ ਸਕੇ ਅਤੇ ਜੇ ਉਹ ਉਸ ਸਮੇਂ ਅਰਾਜਕਤਾ ਵਿੱਚ ਤਬਦੀਲ ਹੋ ਜਾਵੇ, ਜਦ ਉਸ ਤਾਕਤ ਨੂੰ ਹਟਾ ਲਿਆ ਜਾਵੇ ਜਿਸਨੇ ਉਸ ਨੂੰ ਥੰਮਿਆ ਹੋਇਆ ਹੈ, ਤਾਂ ਕਮਿਊਨਿਸਟ ਸੱਤ੍ਹਾ ਦਾ ਕੀ ਲਾਭ ?" (ਪੰਨਾ 459–60)

ਉਹਨਾਂ ਦਾ ਤਰਕ ਇਸ ਤਰ੍ਹਾਂ ਹੀ ਚੱਲਦਾ ਹੈ।

ਜੇ ਕੋਈ ਜਮਾਤਾਂ ਦਾ ਸੰਕਲਪ ਅਤੇ ਉਹਨਾਂ ਦੇ ਅੰਤਰਵਿਰੋਧੀ ਹਿੱਤਾਂ ਨੂੰ ਸਮਝ ਲਵੇ, ਤਾਂ ਇਹ ਵੀ ਸਪੱਸ਼ਟ ਹੋ ਜਾਵੇਗਾ ਕਿ ਰਾਜ ਕੀ ਹੈ ਅਤੇ ਇਹ ਕਿਉਂ ਨਸ਼ਟ ਹੁੰਦਾ ਹੈ। ਜੇ ਕੋਈ ਰਾਜ ਦੇ ਖਾਤਮੇ ਦੇ ਸੰਕਲਪ ਨੂੰ ਨਹੀਂ ਸਮਝਿਆ ਤਾਂ ਇਸਦਾ ਅਰਥ ਇਹ ਹੈ ਕਿ ਉਸਨੇ 'ਕਿਰਤ ਦੀ ਲੁੱਟ' ਅਤੇ 'ਜਮਾਤਾਂ' ਦੇ ਸੰਕਲਪ ਨੂੰ ਨਹੀਂ ਸਮਝਿਆ ਹੈ।

ਜੇ ਉਹ 'ਲੁੱਟ' ਨੂੰ ਜਾਣਦਾ ਹੈ ਤਾਂ ਉਹ 'ਰਾਜ-ਸੱਤ੍ਹਾ' ਬਾਰੇ ਵੀ ਜਾਣੇਗਾ। ਰਾਜ ਸਮਾਜ ਦੀ ਕੁਦਰਤੀ ਲੋੜ ਨਹੀਂ ਹੈ। ਸਮਾਜ ਦੇ ਮੁੱਢਲੇ ਪੜਾਵਾਂ ਵਿੱਚ, ਇੱਕ ਲੰਬੇ ਸਮੇਂ ਤੱਕ ਇਸਦਾ ਅਗਾਜ਼ ਨਹੀਂ ਹੋਇਆ ਸੀ। ਸਿਰਫ਼ ਲੁੱਟ ਦੇ ਆਰੰਭ ਨਾਲ਼ ਅਤੇ ਦਾਸਾਂ ਤੇ ਮਾਲਕਾਂ ਦੇ ਵਖਰੇਵੇਂ ਨਾਲ਼ ਹੀ ਇਹ ਨਵਾਂ ਵਰਤਾਰਾ (ਰਾਜ-ਸੱਤ੍ਹਾ) ਮਾਲਕਾਂ ਲਈ ਜਰੂਰੀ ਹੋ ਗਿਆ। ਸਮੁੱਚੀ ਭੂਮੀ ਤੇ ਆਪਣੀ ਜਾਇਦਾਦ ਦੇ ਰੂਪ ਵਿੱਚ ਕਬਜ਼ਾ ਕਰਨ ਅਤੇ ਦਾਸਾਂ ਤੋਂ ਆਪਣੇ ਲਈ ਮਿਹਨਤ ਕਰਵਾਉਣ ਲਈ, ਉਹਨਾਂ ਨੂੰ ਕੁੱਝ ਵਿਵਸਥਾਵਾਂ ਅਤੇ ਨਿਯਮਾਂ ਦੀ ਲੋੜ ਪਈ ਇੱਥੋਂ ਹੀ ਰਾਜ ਸੱਤ੍ਹਾ ਦਾ ਜਨਮ ਹੋਇਆ। ਇਹ ਦਾਸਾਂ ਉੱਪਰ ਮਾਲਕਾਂ ਦੀ ਸੱਤ੍ਹਾ ਸੀ। ਕਿਉਂਕਿ ਕਿਰਤ ਦੀ ਲੁੱਟ ਅੱਜ ਵੀ ਹੋਂਦ ਵਿੱਚ ਹੈ, ਇਸ ਲਈ ਮੌਜੂਦਾ ਰਾਜ-ਸੱਤ੍ਹਾ ਵੀ ਮਾਲਿਕ ਜਮਾਤ ਦੇ ਹਿੱਤਾਂ ਲਈ ਹੈ।

ਜਦੋਂ ਤੱਕ ਜਮਾਤਾਂ ਰਹਿਣਗੀਆਂ ਉਦੋਂ ਤੱਕ ਰਾਜ ਸੱਤ੍ਹਾ, ਜਮਾਤੀ ਰਾਜ ਸੱਤ੍ਹਾ ਰਹੇਗੀ। ਜੇ ਉਹ 'ਜਮਹੂਰੀਅਤ' ਦਾ ਠੱਪਾ ਵੀ ਲਗਾ ਲੈਣ, ਤਾਂ ਵੀ ਇਹ ਉਹ ਸੱਤ੍ਹਾ ਨਹੀਂ ਹੋ ਸਕਦੀ ਜੋ ਦੋਨਾਂ ਜਮਾਤਾਂ ਨੂੰ ਸਮਾਨਤਾ ਪ੍ਰਦਾਨ ਕਰਦੀ ਹੋਵੇ।

ਅਜਿਹੇ ਸਮਾਜ ਵਿੱਚ ਜਦੋਂ ਲੁਟੇਰੇ ਮਾਲਕੀ ਅਧਿਕਾਰਾਂ ਦਾ ਖਾਤਮਾ ਹੋ ਜਾਵੇਗਾ, ਜਦੋਂ ਸਾਰੇ ਵਿਅਕਤੀ ਕਿਰਤ ਕਰਨਾ ਸ਼ੁਰੂ ਕਰ ਦੇਣਗੇ ਅਤੇ ਜਦੋਂ ਵਖਰੇਵੇਂ ਲਗਾਤਾਰ ਸਮਾਪਤ ਹੋ ਜਾਣਗੇ, ਤਾਂ ਅੰਤਰਵਿਰੋਧ ਅਲੋਪ ਹੋ ਜਾਵੇਗਾ। ਕਿਸੇ ਵੀ ਜਮਾਤ ਦੀ ਤਾਨਾਸ਼ਾਹੀ ਸਮਾਪਤ ਹੋ ਜਾਵੇਗੀ। ਇਸ ਦਾ ਅਰਥ ਹੈ ਕਿ ਰਾਜ ਸੱਤ੍ਹਾ ਨਾਲ਼ ਸਬੰਧਿਤ ਕਿਸੇ ਵੀ ਸਰੂਪ ਦੀ ਕੋਈ ਲੋੜ ਨਹੀਂ ਰਹਿ ਜਾਵੇਗੀ। ਜਦੋਂ ਲੁੱਟ ਦਾ ਖਾਤਮਾ ਹੋਣ ਲੱਗਦਾ ਤਾਂ ਰਾਜ ਵੀ ਅਲੋਪ ਹੋਣ ਲੱਗਦਾ ਹੈ। ਹੁਣ ਤੁਸੀਂ ਅੰਬੇਡਕਰ ਦੇ ਸਵਾਲਾਂ ਦੇ ਉੱਤਰ ਦੇ ਸਕਦੇ ਹੋ।

***1.ਰਾਜ ਦਾ ਖਾਤਮਾ ਕਦੋਂ ਹੋਵੇਗਾ?***

*ਉੱਤਰ:*- ਜਦੋਂ ਇਸਦੀ ਲੋੜ ਦਾ ਖਾਤਮਾ ਹੋ ਜਾਵੇ। ਜਦੋਂ ਜਮਾਤੀ ਵਖਰੇਵੇਂ ਖਤਮ ਹੋ ਜਾਣ। 'ਇਹ ਕਦੋਂ ਹੋਵੇਗਾ' ਇਹ ਗੱਲ ਸਾਲਾਂ ਦੀ ਗਿਣਤੀ 'ਤੇ ਨਿਰਭਰ ਨਹੀਂ ਕਰਦੀ। ਇਹ ਉਹਨਾਂ ਤਬਦੀਲੀਆਂ 'ਤੇ ਨਿਰਭਰ ਕਰਦੀ ਹੈ ਜੋ ਕਿਰਤ ਸਬੰਧਾਂ ਵਿੱਚ ਵਾਪਰਦੀਆਂ ਹਨ। ਕਿਰਤੀਆਂ ਨੂੰ ਆਪਣੀ ਮੁਕਤੀ ਲਈ ਨਵੇਂ ਵਿਚਾਰਾਂ ਨੂੰ ਗ੍ਰਹਿਣ ਕਰਨਾ ਪਵੇਗਾ। ਜਦੋਂ ਇਸ ਤਰ੍ਹਾਂ ਦੀ ਤਬਦੀਲੀ ਹੋਵੇਗੀ, ਉਦੋਂ ਹੀ ਰਾਜ ਦਾ ਖਾਤਮਾ ਹੋ ਜਾਵੇਗਾ।

***2.ਜਦੋਂ ਰਾਜ ਦਾ ਖਾਤਮਾ ਹੋ ਜਾਵੇਗਾ ਤਾਂ ਉਸਦੀ ਥਾਂ ਕਿਹੜੀ ਚੀਜ਼ ਲਵੇਗੀ? ਅਰਾਜਕਤਾ?***

*ਉੱਤਰ:*- ਉਸ ਸਮੇਂ 'ਬੁਰੀ ਸਿਹਤ' ਦੀ ਥਾਂ 'ਤੇ ਕਿਹੜੀ ਚੀਜ਼ ਆਵੇਗੀ ਜਦੋਂ ਬੁਰੀ ਸਿਹਤ ਦਾ ਖਾਤਮਾ ਹੋ ਜਾਵੇਗਾ? ਉਸਦੀ ਥਾਂ 'ਤੇ ਚੰਗੀ ਸਿਹਤ ਆਉਂਦੀ ਹੈ। ਇੱਥੇ ਵੀ ਉਹ ਸਥਿਤੀ ਹੈ?

'ਕੀ ਜਦੋਂ ਰਾਜ ਦਾ ਖਾਤਮਾ ਹੋ ਜਾਵੇਗਾ ਤਾਂ ਅਰਾਜਕਤਾ ਪ੍ਰਗਟ ਹੋ ਜਾਵੇਗੀ?' ਇਹ ਸਵਾਲ ਇਹ ਮੰਨ ਕੇ ਚੱਲਦਾ ਹੈ ਕਿ ਅਰਾਜਕਤਾ ਕੋਈ ਅਜਿਹੀ ਚੀਜ਼ ਹੈ ਜੋ ਬਹੁਤ ਬੁਰੀ ਹੈ ਅਤੇ ਰਾਜ ਬਹੁਤ ਸ਼੍ਰੇਸ਼ਟ ਹੈ। ਰਾਜ ਅਤੇ ਅਰਾਜਕਤਾ ਦੋਵੇਂ 'ਜਮਾਤੀ ਵਖਰੇਵਿਆਂ ਦੀ ਅਵਸਥਾ ਵਿੱਚ ਪੈਦਾ ਹੁੰਦੇ ਹਨ। ਜਦੋਂ ਜਮਾਤਾਂ ਸਮਾਪਤ ਹੋ ਜਾਣਗੀਆਂ ਤਾਂ ਇਹ ਦੋਵੇਂ ਵੀ ਸਮਾਪਤ ਹੋ ਜਾਣਗੇ।'

ਜਦੋਂ ਰਾਜ ਦੀ ਕੋਈ ਲੋੜ ਨਹੀਂ ਹੋਵੇਗੀ ਤਾਂ ਅਰਾਜਕਤਾ ਵਾਲ਼ੀ ਸਥਿਤੀ ਨਹੀਂ ਹੋਵੇਗੀ। ਉਹ ਸਥਿਤੀ ਅਰਾਜਕਤਾ ਵਾਲ਼ੀ ਨਹੀਂ ਹੁੰਦੀ ਜਿਸ ਵਿੱਚ ਆਪਣੇ ਹੱਥ ਵਿੱਚ

ਡੰਡਾ ਲਈ ਕੋਈ ਪੁਲਿਸ ਕਰਮੀ ਨਾ ਮਿਲ਼ੇ ਜਾਂ ਜਿਸ ਵਿੱਚ ਤੁਹਾਨੂੰ ਕੋਈ ਅਜਿਹਾ ਬਦਮਾਸ਼ ਨਾ ਮਿਲ਼ੇ ਜਿਸਦਾ ਪੇਸ਼ਾ ਹੀ ਹਿੰਸਾ ਹੋਵੇ। ਇਹ ਇੱਕ ਅਜਿਹੀ ਸਥਿਤੀ ਹੋਵੇਗੀ ਜੋ ਸੁੱਖ ਅਤੇ ਸ਼ਾਂਤੀ ਦੇ ਵਾਤਾਵਰਣ ਨੂੰ ਪ੍ਰਦੂਸ਼ਿਤ ਨਹੀਂ ਕਰਦੀ।

ਮਨੁੱਖ ਦੇ ਜੀਵਨ ਲਈ ਪੈਦਾਵਾਰ ਅਤੇ ਵੰਡ (ਵਿੱਕਰੀ ਨਹੀਂ) ਲਾਜਮੀ ਲੋੜਾਂ ਹਨ। ਰਾਜ ਸੱਤ੍ਹਾ ਕੋਈ ਅਜਿਹੀ ਲੋੜ ਨਹੀਂ। ਜੇ ਇਸਦੀ ਹੋਂਦ ਮਿਟ ਜਾਂਦੀ ਹੈ ਤਾਂ ਇਸਦਾ ਮਤਲਬ ਹੈ ਕਿ ਉਸ ਗੈਰ-ਕੁਦਰਤੀ ਵਰਤਾਰੇ ਦਾ ਅੰਤ ਹੋ ਚੁੱਕਾ ਹੈ ਸਮਾਜ ਲਈ ਜ਼ਰੂਰੀ ਨਹੀਂ।

ਜਦੋਂ ਰਾਜ ਸੱਤ੍ਹਾ ਦਾ ਖਾਤਮਾ ਹੁੰਦਾ ਹੈ, ਤਾਂ ਉਸ ਨਵੀਂ ਵਿਵਸਥਾ ਦਾ ਆਰੰਭ ਹੁੰਦਾ ਹੈ ਜੋ ਜਮਾਤੀ ਸੱਤ੍ਹਾ ਤੋਂ ਵੱਖਰੀ ਹੁੰਦੀ ਹੈ, ਜਿਸਦਾ ਜਮਾਤ ਰਹਿਤ ਚਰਿੱਤਰ ਹੁੰਦਾ ਹੈ ਅਤੇ ਜੋ ਕਿਰਤ ਸਬੰਧਾਂ ਨੂੰ ਜਥੇਬੰਦ ਕਰਦੀ ਹੈ। ਇਹ 'ਰਾਜ ਸੱਤ੍ਹਾ' ਨਹੀਂ ਹੁੰਦੀ ਹੈ ਅਤੇ ਇਹ ਅਰਾਜਕਤਾ ਦੇ ਸਮਾਨ ਤਾਂ ਬਿਲਕੁਲ ਨਹੀਂ ਹੁੰਦੀ। ਇਹ 'ਸਮਾਜ ਨੂੰ ਜਥੇਬੰਦ ਕਰਨ' ਦੇ ਸਮਾਨ ਹੁੰਦਾ ਹੈ। ਇਹ ਉਹੋ ਜਿਹਾ ਸਰੂਪ ਧਾਰਨ ਕਰੇਗੀ ਜੋ ਸਮਾਜ ਲਈ ਢੁੱਕਵਾਂ ਹੋਵੇਗਾ।

ਜਦੋਂ ਅਸੀਂ ਜਮਾਤਾਂ ਦੇ ਖਾਤਮੇ ਦੀ ਗੱਲ ਕਰਦੇ ਹਾਂ ਤਾਂ ਇਸ ਵਿੱਚ ਸਿਰਫ ਇੱਕ ਕਾਲਪਨਿਕ ਆਦਰਸ਼ (ਯੂਟੋਪੀਆ) ਦਾ ਅਹਿਸਾਸ ਹੁੰਦਾ ਹੈ। ਲੋਕਾਂ ਨੂੰ ਇਹ ਵਿਸ਼ਵਾਸ ਨਹੀਂ ਹੁੰਦਾ ਕਿ ਇਹ ਯੂਟੋਪੀਆ ਤਰਕ ਸੰਗਤ ਹੈ। ਕਿਸੇ ਵੀ ਸਮਕਾਲੀ ਕਾਲ ਬਿੰਦੂ 'ਤੇ ਜੋ ਕੁੱਝ ਵੀ ਪ੍ਰਚੱਲਿਤ ਹੁੰਦਾ ਹੈ, ਉਹ ਗੈਰ ਨਾਸ਼ਵਾਨ (ਅਮਰ) ਤੱਥ ਪ੍ਰਤੀਤ ਹੁੰਦਾ ਹੈ। ਕਿਉਂਕਿ ਜਮਾਤੀ ਵਖਰੇਵੇਂ ਅਤੇ ਰਾਜ ਸੱਤ੍ਹਾ ਕਈ ਹਜ਼ਾਰ ਸਾਲਾਂ ਤੋਂ ਹੋਂਦ ਵਿੱਚ ਹਨ, ਇਸ ਲਈ ਹੋਰ ਵੀ ਗੈਰ-ਨਾਸ਼ਵਾਨ ਸੱਚ ਪ੍ਰਤੀਤ ਹੁੰਦੇ ਹਨ। ਪਰ ਕੋਈ ਵੀ ਵਰਤਾਰਾ ਸਿਰਫ਼ ਇਸ ਲਈ ਗੈਰ-ਨਾਸ਼ਵਾਨ ਨਹੀਂ ਹੋ ਸਕਦਾ ਕਿ ਇਹ ਲੰਬੇ ਅਰਸੇ ਤੋਂ ਹੋਂਦ ਵਿੱਚ ਹੈ। ਸਿਰਫ਼ ਉਹੀ ਘਟਨਾਵਾਂ ਗੈਰ-ਨਾਸ਼ਵਾਨ ਹਨ ਜਿੰਨ੍ਹਾਂ ਦੀ ਅਣਹੋਂਦ ਮਨੁੱਖੀ ਜੀਵਨ ਨੂੰ ਅਸੰਭਵ ਬਣਾ ਦਿੰਦੀ ਹੈ। ਹਰ ਉਹ ਘਟਨਾ ਗੈਰ-ਨਾਸ਼ਵਾਨ ਨਹੀਂ ਜੋ ਪ੍ਰਚੱਲਿਤ ਹੈ। ਰਾਜ ਸੱਤ੍ਹਾ ਦਾ ਜਨਮ ਹੀ ਸਿਰਫ ਜਮਾਤੀ ਲੁੱਟ ਲਈ ਹੋਇਆ ਹੈ। ਇਹ ਕੋਈ ਲਾਜਮੀ ਲੋੜ ਨਹੀਂ ਹੈ।

ਪਰ ਅੰਬੇਡਕਰ ਅਨੁਸਾਰ, ਪੂਰਾ ਰਾਜ ਤੰਤਰ ਸੱਚ ਹੈ। ਇਹ ਜਮਾਤਾਂ ਤੋਂ ਉੱਪਰ ਹੈ। ਅਰਥਾਤ ਜਮਾਤਾਂ ਨਾਲ਼ ਅਸੰਬਧਿਤ ਹੈ। ਇੱਕ ਸਮਰਾਟ ਸਾਰੀ ਪਰਜਾ 'ਤੇ ਸਮਾਨ ਰੂਪ ਨਾਲ਼ ਰਾਜ ਕਰਦਾ ਹੈ। ਸਰਮਾਏਦਾਰੀ ਸੰਸਦ, ਉਹਨਾਂ ਦਾ ਲੋਕਤੰਤਰ ਅਤੇ ਸਭ ਕੁੱਝ ਜਮਾਤਾਂ ਤੋਂ ਉੱਪਰ ਹੈ। ਜੇ ਰਾਜ ਸੱਤ੍ਹਾ ਗੈਰਹਾਜਰ ਹੋਵੇ ਤਾਂ ਅਰਾਜਕਤਾ ਦਾ ਸਾਮਰਾਜ ਹੁੰਦਾ ਹੈ। ਸ਼ਾਂਤੀ ਅਤੇ ਸੁਰੱਖਿਆ ਉਸ ਪੁਲਿਸ ਕਰਮੀ ਦੀ ਗੈਰ-ਹਾਜਰੀ ਵਿੱਚ ਗੜਬੜਾਉਣ ਲੱਗਦੀ ਹੈ ਜੋ ਡੰਡੇ ਦੀ ਵਰਤੋਂ ਕਰਦੇ ਹਨ। ਜਾਂ ਉਹ ਸੈਨਿਕ ਦੀ ਅਣਹੋਂਦ ਵਿੱਚ ਹੋ ਜਾਂਦੀ ਹੈ ਜੋ ਆਪਣੀ ਯੁੱਧ ਕਲਾ ਦਾ ਪ੍ਰਦਰਸ਼ਨ ਕਰਦਾ ਹੈ। ਮਾਰਕਸਵਾਦ ਦੇ ਮਾਰਗ ਰਾਹੀਂ ਤਾਂ ਰਾਜ ਸੱਤ੍ਹਾ ਦਾ ਖਾਤਮਾ ਹੁੰਦਾ ਹੈ ਅਤੇ ਅਰਾਜਕਤਾ ਪੈਦਾ ਹੁੰਦੀ ਹੈ। ਬੁੱਧ ਮਾਰਗ ਰਾਹੀਂ ਰਾਜ ਸੱਤ੍ਹਾ ਗੈਰ-ਨਾਸ਼ਵਨਤਾ ਨਾਲ਼ ਕਾਇਮ ਰਹਿੰਦੀ ਹੈ ਜਿੱਥੇ ਕੋਈ ਅਰਾਜਕਤਾ ਨਹੀਂ ਹੋਵੇਗੀ ਅੰਬੇਡਕਰ ਦਾ ਇਹੀ ਭਾਵ ਹੈ।

ਬੁੱਧ ਮਾਰਗ ਰਾਹੀਂ ਰਾਜ ਸੱਤ੍ਹਾ ਦੇ ਸਥਾਈ ਹੋਣ ਦਾ ਅਰਥ ਹੈ ਕਿ ਰਾਜ ਸੱਤ੍ਹਾ ਦੀ ਲੋੜ ਗੈਰ-ਨਾਸ਼ਵਾਨ ਰੂਪ ਵਿੱਚ ਬਣੀ ਰਹੇਗੀ। ਇਸ ਦਾ ਮਤਲਬ ਇਹ ਹੈ ਕਿ ਮਨੁੱਖਾਂ ਵਿੱਚ ਭੇਦ-ਭਾਵ , ਅੰਤਰ-ਵਿਰੋਧ ਅਤੇ ਲੁੱਟ ਸਦਾ ਮੌਜੂਦ ਰਹੇਗੀ। ਇਸਦਾ ਮਤਲਬ ਹੈ ਕਿ ਉਹਨਾਂ ਦੇ (ਵਖਰੇਵੇਂ, ਅੰਤਰ-ਵਿਰੋਧ, ਲੁੱਟ ਆਦਿ ਤੋਂ) ਬਿਨਾਂ ਮਨੁੱਖੀ ਸਬੰਧ ਪ੍ਰਗਟ

ਨਹੀਂ ਹੋਣਗੇ। ਅਜਿਹਾ ਮਾਰਗ ਸਰਵੋਤਮ ਹੈ! ਅਤਿ ਉੱਤਮ! ਇਹ ਉੱਤਮਤਾ ਦੀ ਸਿਖਰ ਹੈ! ਇਹ ਸਿਖਰ ਅਦਭੁੱਦ ਹੈ!

### *5. ਅੰਬੇਡਕਰ ਦੇ ਅਨੁਸਾਰ, ਸਾਮਵਾਦ ਸੂਰਾਂ ਦਾ ਦਰਸ਼ਨ ਹੈ।*

ਅੰਬੇਡਕਰ ਵਾਰ-ਵਾਰ ਕਹਿੰਦੇ ਹਨ ਕਿ ਮਾਰਕਸ ਦੇ ਸੰਘਰਸ਼ ਦੀ ਤੁਲਨਾ ਵਿੱਚ ਬੁੱਧ ਦਾ ਅਸ਼ਟਾਂਗ ਮਾਰਗ ਸ਼੍ਰੇਸ਼ਟ ਹੈ। ਅੰਬੇਡਕਰ ਕਹਿੰਦੇ ਹਨ ਕਿ ਅਸ਼ਟਾਂਗ ਮਾਰਗ ਬਿਨਾਂ ਕਿਸੇ ਤਾਕਤ ਦੀ ਵਰਤੋਂ ਕੀਤੇ ਮਨੁੱਖ ਨੂੰ ਹਿਰਦੇ ਅੰਦਰੋਂ ਤਬਦੀਲ ਕਰਦਾ ਹੈ।

ਉਹ ਬੁੱਧ ਮਾਰਗ ਦਾ ਇਸ ਤਰ੍ਹਾਂ ਵਰਨਣ ਕਰਦੇ ਹਨ :

"ਬੁੱਧ ਪ੍ਰਣਾਲੀ ਵੱਖਰੀ ਸੀ। ਉਹਨਾਂ ਦੀ ਪ੍ਰਣਾਲੀ ਮਨੁੱਖ ਦੇ ਮਨ ਨੂੰ ਤਬਦੀਲ ਕਰਨ ਲਈ ਸੀਃ ਉਸਦੀ ਪ੍ਰਵਿਰਤੀ ਨੂੰ ਬਦਲਣ ਲਈ ਤਾਂ ਜੋ ਉਹ ਆਦਮੀ ਜੋ ਕੁੱਝ ਵੀ ਕਰੇ , ਉਹ ਉਸ ਨੂੰ ਬਿਨਾਂ ਕਿਸੇ ਤਾਕਤ ਦੀ ਵਰਤੋਂ ਜਾਂ ਬਿਨਾਂ ਰੁਕਾਵਟ ਤੋਂ ਸਵੈ ਇੱਛਾ ਨਾਲ਼ ਕਰੇ। ਮਨੁੱਖਾਂ ਦੀ ਪ੍ਰਵਿਰਤੀ ਨੂੰ ਬਦਲਣ ਦਾ ਉਸਦਾ ਮੁੱਖ ਸਾਧਨ ਸੀ ਉਸਦਾ (ਧੱਮ) ਸਿਧਾਂਤ ਅਤੇ ਇਸ ਸਿਧਾਂਤ ਦਾ ਸੱਚਾ ਪ੍ਰਚਾਰ। ਬੁੱਧ ਦਾ ਤਰੀਕਾ ਲੋਕਾਂ ਨੂੰ ਉਹ ਕਰਨ ਲਈ ਮਜ਼ਬੂਰ ਨਹੀਂ ਕਰਦਾ ਸੀ ਜੋ ਉਹ ਨਹੀਂ ਕਰਨਾ ਚਾਹੁੰਦੇ ਸੀ, ਭਾਵੇਂ ਉਹ ਉਹਨਾਂ ਲਈ ਉੱਤਮ ਹੋਵੇ। ਉਹਨਾਂ ਦਾ ਤਰੀਕਾ ਮਨੁੱਖ ਦੀ ਪ੍ਰਵਿਰਤੀ ਨੂੰ ਇਸ ਤਰ੍ਹਾਂ ਬਦਲਣਾ ਸੀ ਤਾਂ ਕਿ ਉਹ ਸਵੈ ਇੱਛਾ ਨਾਲ਼ ਉਹ ਕੁੱਝ ਕਰਨ ਜੋ ਕਿ ਉਹ ਨਹੀਂ ਕਰ ਸਕਦੇ ਸਨ। (ਪੰਨਾ 461)

ਬਹੁਤ ਠੀਕ, ਇਹ ਤਾਂ ਅਜੀਬ ਹੈ, ਪਰ ਕੀ ਅਜਿਹੀਆਂ ਕੋਈ ਘਟਨਾਵਾਂ ਹਨ ਜਿੱਥੇ ਧਨੀ ਵਿਅਕਤੀ ਬੁੱਧ ਮਾਰਗ ਦੇ ਸਾਧਨਾਂ ਨਾਲ਼ ਤਬਦੀਲ ਹੋਏ ਹੋਣ ? ਕੀ ਅਜਿਹੇ ਰਾਜਾ ਹੋਏ ਜਿੰਨ੍ਹਾਂ ਨੇ ਧੱਮ ਦੇ ਬੁੱਧ ਪ੍ਰਵਚਨ ਦੁਆਰਾ, ਪੁਰਾਣੀ ਵਿਚਾਰਾਧਾਰਾ ਨੂੰ ਬਦਲ ਦਿੱਤਾ ਹੋਵੇ, ਜਿੰਨਾਂ ਨੇ ਸੱਭਿਆਚਾਰ ਮਿਆਰੀਪਣ ਵਿਕਸਿਤ ਕੀਤਾ ਹੋਵੇ ਅਤੇ ਆਪਣੇ ਸਾਮਰਾਜਾਂ ਨੂੰ ਤਿਆਗ ਦਿੱਤਾ ਹੋਵੇ ? ਕੀ ਅਜਿਹੇ ਵਪਾਰੀ ਹਨ ਜਿੰਨ੍ਹਾਂ ਨੇ ਆਪਣੀ ਜਾਇਦਾਦ ਵਿੱਚ ਕਮੀ ਕਰ ਲਈ ਸੀ ? ਕੀ ਅਜਿਹੇ ਮਾਲਕ ਸਨ ਜਿੰਨ੍ਹਾਂ ਨੇ ਆਪਣੇ ਦਾਸਾਂ ਨੂੰ ਅਜ਼ਾਦੀ ਪ੍ਰਦਾਨ ਕੀਤੀ ਹੋਵੇ ? ਬੁੱਧ ਦੇ ਇਤਿਹਾਸ ਵਿੱਚ ਇਸ ਤਰ੍ਹਾਂ ਦਾ ਇੱਕ ਵੀ ਪ੍ਰਸੰਗ ਉਪਲੱਬਧ ਨਹੀਂ ਹੈ। ਕਿਸੇ ਇੱਕ ਧਨੀ ਵਿਅਕਤੀ ਦੇ ਮਨ ਵਿੱਚ ਅਜਿਹਾ ਪਰਿਵਰਤਨ ਨਹੀਂ ਹੋਇਆ।

ਕਿਉਂਕਿ ਬੁੱਧ ਮਾਰਗ ਕਿਸੇ ਨੂੰ ਮਜਬੂਰ ਨਹੀਂ ਕਰਦਾ, ਇਸ ਲਈ ਧਨੀ ਵਿਅਕਤੀਆਂ ਨੂੰ ਵੀ ਮਜਬੂਰ ਨਹੀਂ ਕਰੇਗਾ। ਇਹ ਉਹਨਾਂ ਦੇ ਹੱਕਾਂ ਨੂੰ ਸਮਾਪਤ ਨਹੀਂ ਕਰੇਗਾ। ਇਹ ਉਹਨਾਂ ਨੂੰ ਪ੍ਰੇਸ਼ਾਨੀ ਵਿੱਚ ਨਹੀਂ ਪਾਵੇਗਾ। ਕੁੱਝ ਵੀ ਨਹੀਂ ਬਦਲਦਾ ਮਾਲਕ ਮਾਲਕ ਬਣਿਆ ਰਹਿੰਦਾ ਹੈ ਅਤੇ ਦਾਸ ਦਾਸ ਬਣਿਆ ਰਹਿੰਦਾ ਹੈ। ਗੁਲਾਮੀ ਅਤੇ ਤਾਨਾਸ਼ਾਹੀ ਉਸੇ ਤਰ੍ਹਾਂ। ਕੀ ਸੱਚ ਦੇ ਇਸ ਤੱਤ ਨੂੰ ਦੱਸਣ ਲਈ ਸਾਨੂੰ ਬੁੱਧ ਦੀ ਜ਼ਰੂਰਤ ਹੈ ? ਕੀ ਦਾਸ-ਮਾਲਕ ਮੌਜੂਦ ਨਹੀਂ ?

ਬੁੱਧ ਮਾਰਗ ਦੇ ਸਾਧਨ ਸਮਾਜਿਕ ਪ੍ਰਬੰਧਾਂ ਨੂੰ ਬਦਲਣ ਦਾ ਕੋਈ ਅਜਿਹਾ ਜ਼ਰੀਆ ਨਹੀਂ। ਕੀ ਇਹ ਘੱਟੋ-ਘੱਟ ਕੁੱਝ ਕੁ ਧਨੀ ਵਿਅਕਤੀਆਂ ਨੂੰ ਤਬਦੀਲ ਕਰੇਗਾ ? ਨਹੀਂ, ਇਹ ਨਹੀਂ ਕਰੇਗਾ। ਇਸ ਦਾ ਅਰਥ ਹੈ ਕਿ ਇਸ ਮਾਰਗ ਵਿੱਚ ਨਾ ਤਾਂ ਕੋਈ ਸਮਾਜਿਕ ਸੁਧਾਰ ਹੈ, ਨਾ ਹੀ ਵਿਅਕਤੀਗਤ ਸੁਧਾਰ। ਦੋਨੇ ਝੂਠ ਹਨ।

ਮਾਰਕਸ ਦੇ ਮਾਰਗ ਵਿੱਚ ਇਹ ਦੋਵੇਂ ਮੌਜੂਦ ਹਨ। ਮਾਰਕਸ ਦੇ ਸਿਧਾਂਤ ਅਨੁਸਾਰ ਕਿਸੇ ਵਿਅਕਤੀ ਦਾ ਵਿਚਾਰ ਅਤੇ ਵਿਵਹਾਰ ਜਮਾਤੀ ਸਥਿਤੀਆਂ 'ਤੇ ਨਿਰਭਰ ਕਰਦਾ ਹੈ ਅਤੇ ਉਹਨਾਂ ਨਾਲ਼ ਅੰਤਰ-ਸਬੰਧਿਤ ਹੁੰਦਾ ਹੈ। 'ਬਰਾਬਰੀ' ਦੀ ਦਿਸ਼ਾ ਵਿੱਚ ਤਬਦੀਲੀਆਂ

ਦਾ ਆਰੰਭ ਨਵੇਂ ਵਿਚਾਰਾਂ ਦਾ ਆਰੰਭ ਹੁੰਦਾ ਹੈ। ਜਮਾਤਾਂ ਦੇ ਏਕੀਕਰਣ ਦੀ ਪ੍ਰਕ੍ਰਿਆ ਵਿਅਕਤੀਆਂ ਦੇ ਪੁਰਾਣੇ ਵਿਚਾਰਾਂ ਅਤੇ ਸਮਾਜ ਵਿੱਚ ਮੌਜੂਦ ਪੁਰਾਣੀਆਂ ਹਾਲਤਾਂ ਨੂੰ ਵੀ ਤਬਦੀਲ ਕਰਦੀ ਹੈ। ਇਸ ਦਾ ਅਰਥ ਹੈ ਕਿ ਮਾਰਕਸ ਦੇ ਮਾਰਗ ਰਾਹੀਂ ਸਮਾਜ ਵਿੱਚ ਅਤੇ ਨਾਲ਼ ਹੀ ਵਿਅਕਤੀ ਵਿੱਚ ਬਦਲਾਅ ਆਉਂਦੇ ਹਨ।

ਕੁੱਝ ਕੁ ਵਿਅਕਤੀਆਂ ਨੂੰ ਤਬਦੀਲ ਕਰਨ ਵਾਲ਼ਾਂ ਵਿਅਕਤੀਗਤ ਸੁਧਾਰ ਜਮਾਤੀ ਸੁਧਾਰ ਨਹੀਂ ਲਿਆਵੇਗਾ। ਪੂਰੇ ਸਮਾਜ ਨੂੰ ਬਦਲ ਦੇਣ ਵਾਲ਼ੇ ਜਮਾਤੀ ਸੁਧਾਰ ਨਾਲ਼ ਹੀ ਵਿਅਕਤੀ ਬਦਲੇਗਾ। ਬੁੱਧ ਦੇ ਮਾਰਗ ਅਤੇ ਮਾਰਕਸ ਦੇ ਮਾਰਗ ਵਿੱਚ ਇਹੀ ਅੰਤਰ ਹੈ।

ਅੰਬੇਡਕਰ ਨੂੰ ਇਸ ਸਭ ਕੁੱਝ ਬਾਰੇ ਕੋਈ ਪਰਵਾਹ ਨਹੀਂ। ਕਿਉਂਕਿ ਬੁੱਧ ਦੇ ਮਾਰਗ ਵਿੱਚ ਤਾਨਾਸ਼ਾਹੀ ਸ਼ਬਦ ਨਹੀਂ ਹੈ, ਇਸ ਲਈ ਅੰਬੇਡਕਰ ਵਾਰ-ਵਾਰ ਉਸ ਨੂੰ ਸਰਵ-ਸ਼੍ਰੇਸ਼ਟ ਆਖਦੇ ਹਨ।

ਠੀਕ ਹੈ ਪਰ ਕੀ ਬੁੱਧ ਮਾਰਗ ਛੂਤ-ਛਾਤ ਦੇ ਮਾਮਲੇ ਵਿੱਚ ਪ੍ਰਭਾਵੀ ਨਹੀਂ ਹੋਵੇਗ ?

ਅੰਬੇਡਕਰ ਨੇ ਬੁੱਧ ਦੇ ਤਰੀਕੇ ਦਾ ਕੁੱਝ ਇਸ ਰੂਪ ਵਿੱਚ ਗੁਣਗਾਨ ਕੀਤਾ ਹੈ ਕਿ ਇਹ ਆਦਮੀ ਦੇ ਮਨ ਨੂੰ ਤਬਦੀਲ ਕਰ ਦਿੰਦਾ ਹੈ ਅਤੇ ਉਸ ਦੀ ਪ੍ਰਵਿਰਤੀ ਨੂੰ ਬਦਲ ਦਿੰਦਾ ਹੈ, ਕੀ ਨਹੀਂ ਹੈ ?

ਉਹ ਇਹ ਵੀ ਕਹਿੰਦੇ ਹਨ ਕਿ ਜੇਕਰ ਅਸੀਂ ਮਨੁੱਖਾਂ ਨੂੰ ਬਿਨਾਂ ਬੰਧਨ ਤੋਂ ਸਿਰਫ਼ ਦੱਸ ਦੇਈਏ ਤਾਂ ਉਹ ਤਬਦੀਲ ਹੁੰਦੇ ਹਨ ਅਤੇ ਇਸ ਲਈ ਇਸ ਕਾਰਨ ਤੋਂ ਬੁੱਧ ਦਾ ਮਾਰਗ ਸ਼੍ਰੇਸ਼ਟ ਹੈ। ਪਰ ਪਾਠਕਾਂ ਨੂੰ ਫਿਰ ਵੀ ਕਿਸ ਤਰ੍ਹਾਂ ਪ੍ਰਤਿਕਿਰਿਆ ਪ੍ਰਗਟ ਕਰਨੀ ਚਾਹੀਦੀ ਹੈ ਜਦੋਂ ਉਹ ਇਹ ਜਾਣ ਲੈਣ ਕਿ ਅੰਬੇਡਕਰ ਨੇ ਕਿਤੇ ਹੋਰ ਵਿਅਕਤੀਆਂ ਨੂੰ ਸੁਧਾਰਣ ਦੇ ਮਾਰਗ ਦਾ ਕਰੜਾਈ ਨਾਲ਼ ਵਿਰੋਧ ਕੀਤਾ ਸੀ। ਇਹ ਵੀ ਕਿਹਾ ਸੀ ਕਿ ਅਜਿਹਾ ਸੁਧਾਰ ਜਮਾਤ ਦਾ ਭਲਾ ਨਹੀਂ ਕਰੇਗਾ।? ਇਸ ਤੋਂ ਬਿਨਾਂ ਗਾਂਧੀ ਨੇ ਛੂਤ-ਛਾਤ ਦੀ ਸਮੱਸਿਆ 'ਤੇ ਬਹਿਸ ਕਰਦੇ ਸਮੇਂ ਸ਼ਾਂਤੀਪੂਰਣ ਤਰੀਕਿਆਂ 'ਤੇ ਵਿਚਾਰ ਕਰਨ ਦਾ ਸੁਝਾਅ ਦਿੱਤਾ ਸੀ, ਦਿੱਤਾ ਸੀ ਕਿ ਨਹੀਂ ? ਤਾਂ ਅੰਬੇਡਕਰ ਨੇ ਦਲਿਤਾਂ ਦੀ ਮੁਕਤੀ ਤੱਦ ਹੀ ਹੋ ਸਕਦੀ ਹੈ ਜਦੋਂ ਸਵਰਨ ਹਿੰਦੂ ਜਾਤੀ ਨੂੰ ਸੋਚਣ ਲਈ ਮਜਬੂਰ ਕੀਤਾ ਜਾਵੇ ਅਤੇ ਜਬਰੀ ਮਹਿਸੂਸ ਕਰਵਾਇਆ ਜਾਵੇ ਕਿ ਉਸ ਨੂੰ ਆਪਣਾ ਰਾਹ ਜ਼ਰੂਰ ਬਦਲਣਾ ਚਾਹੀਦਾ।... ਘੱਟੋ-ਘੱਟ ਟਾਕਰੇ ਦੀ ਨੀਤੀ ਅਤੇ ਵਿਵੇਕਸ਼ੀਲ ਵਿਚਾਰਾਂ ਦੀ ਮੌਨ ਘੁਸਪੈਠ ਵਿੱਚ ਭਾਰੀ ਦੋਸ਼ ਇਸ ਗੱਲ 'ਚ ਸ਼ਾਮਲ ਹੈ ਕਿ ਉਹ 'ਮਜਬੂਰ' ਨਹੀਂ ਕਰਦੇ ਕਿਉਂਕਿ ਉਹ ਸੰਕਟ ਪੈਦਾ ਨਹੀਂ ਕਰਦੇ।" (ਭਾਗ 5, ਪੰਨਾ 368-69)

ਅੱਗੇ ਅੰਬੇਡਕਰ ਦੀ ਉਹ ਦਲੀਲ ਵੇਖੋ ਜਿਸ ਨੂੰ ਉਸ ਨੇ ਆਪਣੇ ਇੱਕ ਪੱਤਰ ਵਿੱਚ ਜੋ ਉਸ ਨੇ ਠੱਕਰ ਨੂੰ ਲਿਖਿਆ ਸੀ, ਪੇਸ਼ ਕੀਤਾ ਸੀ। "ਮੇਰੇ ਵਿਚਾਰ ਅਨੁਸਾਰ ਇਸ ਸਮੱਸਿਆ ਤੱਕ ਪਹੁੰਚਣ ਦੀ ਇੱਕ ਦੂਸਰੀ ਵਿਧੀ ਵੀ ਹੈ। ਇਹ ਇਸ ਪਰਿਕਲਪਨਾ ਤੋਂ ਆਰੰਭ ਹੁੰਦੀ ਹੈ ਕਿ ਵਿਅਕਤੀ ਦਾ ਭਾਗ ਉਸ ਦੇ ਉਸ ਪ੍ਰਬੰਧ ਅਤੇ ਉਹਨਾਂ ਹਾਲਤਾਂ ਰਾਹੀਂ ਕੰਟਰੋਲ ਹੁੰਦਾ ਹੈ ਜਿਸ ਵਿੱਚ ਰਹਿਣ ਲਈ ਉਹ ਮਜਬੂਰ ਹੈ ਅਤੇ ਜੇ ਕੋਈ ਵਿਅਕਤੀ ਸੰਕਟ ਅਤੇ ਦੁੱਖਾਂ ਵਿੱਚ ਗ੍ਰਸਤ ਹੈ ਤਾਂ ਅਜਿਹਾ ਇਸ ਲਈ ਹੈ ਕਿਉਂਕਿ ਉਸਦਾ ਪ੍ਰਬੰਧ ਅਨੁਕੂਲ ਨਹੀਂ ਹੈ। ਮੈਨੂੰ ਕੋਈ ਭਰਮ ਨਹੀਂ ਕਿ ਦੋਨਾਂ ਦ੍ਰਿਸ਼ਟੀਕੋਣਾਂ ਵਿੱਚੋਂ ਬਾਅਦ ਵਾਲ਼ਾ ਜ਼ਿਆਦਾ ਸਹੀ ਹੈ। ਪਹਿਲਾਂ ਕੁੱਝ ਇੱਕਾ ਦੁੱਕਾ ਵਿਅਕਤੀਆਂ ਨੂੰ ਉਸ ਜਮਾਤ ਦੇ ਪੱਧਰ ਤੱਕ ਉੱਪਰ ਚੁੱਕ ਸਕਦਾ ਹੈ ਜਿਸ ਨਾਲ਼ ਉਹ ਸਬੰਧਿਤ ਹੁੰਦੇ ਹਨ। ਇਹ ਜਮਾਤ ਨੂੰ ਸੰਪੂਰਣ ਰੂਪ ਵਿੱਚ ਨਹੀਂ ਚੁੱਕ ਸਕਦਾ। ਛੂਤ-ਛਾਤ ਵਿਰੋਧੀ ਲੀਗ ਦੇ ਉਦੇਸ਼ ਦਾ ਮੇਰਾ

ਦ੍ਰਿਸ਼ਟੀਕੋਣ ਇਹ ਹੈ ਕਿ ਇਸ ਦਾ ਗਠਨ ਕੁੱਝ ਮਨਚਾਹੇ ਵਿਅਕਤੀਆਂ ਜਾਂ ਦਲਿਤਾਂ ਦੇ ਕੁੱਝ ਚੁਣੇ ਲੜਕਿਆਂ ਦੀ ਮਦਦ ਕਰਨ ਲਈ ਨਹੀਂ ਹੋਇਆ ਸਗੋਂ ਸੰਪੂਰਣ ਜਮਾਤ ਨੂੰ ਉਚੇਰੇ ਪੱਧਰ ਤੱਕ ਉਠਾਉਣ ਲਈ ਹੋਇਆ ਹੈ। ਇਸ ਲਈ ਮੈਂ ਨਹੀਂ ਚਾਹੂੰਗਾ ਕਿ ਲੀਗ ਉਸ ਪ੍ਰੋਗਰਾਮ 'ਤੇ ਆਪਣੀ ਊਰਜਾ ਖਰਚ ਕਰੇ ਜੋ ਨਿੱਜ ਦੇ ਗੁਣਾਂ ਦਾ ਉਥਾਨ ਕਰੇ। ਮੈਂ ਚਾਹੂੰਗਾ ਕਿ ਬੋਰਡ ਆਪਣੀ ਸਮੁੱਚੀ ਊਰਜਾ ਨੂੰ ਉਸ ਕੰਮ 'ਤੇ ਇਕਾਗਰ ਕਰੇ ਜੋ ਦਲਿਤਾਂ ਦੇ ਸਮਾਜਿਕ ਪ੍ਰਬੰਧ ਵਿੱਚ ਬਦਲਾਅ ਲਿਆਵੇਗੀ।" (ਭਾਗ 9, ਪੰਨਾ 134-35)

ਉਸ ਨੇ ਤੱਦ ਇਹ ਤਰਕ ਦਿੱਤਾ ਸੀ ਕਿ ਸਾਨੂੰ ਮਨੁੱਖਾਂ ਨੂੰ ਤਬਦੀਲੀ ਲਈ ਮਜਬੂਰ ਕਰਨਾ ਪਵੇਗਾ ਅਤੇ ਇਹ ਕਿ ਵਿਵੇਕਸ਼ੀਲ ਵਿਚਾਰਾਂ ਦਾ ਉਪਦਸ਼ੇ ਦੇਣਾ ਫਾਇਦੇਮੰਦ ਨਹੀਂ। ਫਿਰ ਉਸ ਦਾ ਇਹ ਤਰਕ ਸਿਰ ਭਾਰ ਉਲਟਾ ਕਿਵੇਂ ਹੋ ਗਿਆ? ਉਸ ਨੇ ਕਿਹਾ ਸੀ ਕਿ ਵਿਵੇਕਸ਼ੀਲ ਵਿਚਾਰਾਂ ਨਾਲ਼ ਤਬਦੀਲੀ ਪੈਦਾ ਨਹੀਂ ਹੁੰਦੀ। ਠੀਕ, ਫਿਰ ਬੁੱਧ ਦੇ ਧਰਮ ਉਪਦੇਸ਼ ਵਿੱਚ ਕੀ ਵਾਪਰਦਾ ਹੈ? ਕੀ ਉਸ ਦੇ ਵਿਚਾਰ ਬਦਲ ਨਹੀਂ ਗਏ।

ਇੰਨਾਂ ਨਹੀਂ, ਇੱਥੇ ਅੰਬੇਡਕਰ ਇਹ ਦਲੀਲ ਪੇਸ਼ ਕਰਦੇ ਹਨ ਕਿ ਵਿਅਕਤੀਗਤ ਸੁਧਾਰ ਜਮਾਤ ਨੂੰ ਸੰਪੂਰਣ ਰੂਪ ਵਿੱਚ ਨਹੀਂ ਉਠਾਵੇਗਾ, ਕਿ ਸਾਨੂੰ ਜਮਾਤ ਦੀਆਂ ਸਮਾਜਿਕ ਦਸ਼ਾਵਾਂ ਨੂੰ ਬਦਲਣਾ ਪਵੇਗਾ ਅਤੇ ਇਹ ਕਿ ਉਸ ਕੰਮ ਦਾ ਕੋਈ ਫਾਇਦਾ ਨਹੀਂ ਜੋ ਵਿਅਕਤੀਗਤ ਨੈਤਕਿਤਾ ਦੇ ਪੱਧਰ ਨੂੰ ਉਠਾਉਂਦਾ ਹੈ।

ਗਾਂਧੀਵਾਦੀ ਹਿੰਦੂ ਸੁਧਾਰਕ, ਅਛੂਤਾਂ ਵਿੱਚ ਪਸਰੀ ਗਰੀਬੀ ਦੀ ਸਸੱਸਿਆ ਵੱਲ ਧਿਆਨ ਦਿੱਤੇ ਬਿਨਾਂ ਆਪਣਾ ਧਿਆਨ ਉਹਨਾਂ ਵਿਅਕਤੀਗਤ ਦੁੱਖਾਂ ਨੂੰ ਬਦਲਣ 'ਤੇ ਕੇਂਦਰਿਤ ਕਰਦੇ ਹਨ ਜੋ ਅਛੂਤਾਂ ਵਿੱਚ ਆਮ ਹੁੰਦੇ ਹਨ ਅਤੇ ਇਸ ਤਰ੍ਹਾਂ ਦੇ ਨਾਹਰਿਆਂ ਦੀ ਵਰਤੋਂ ਕਰਦੇ ਹਨ ਜਿਵੇਂ 'ਸ਼ਰਾਬ ਪੀਣਾ ਬੰਦ ਕਰੋ...' ਆਦਿ। ਇਸ ਤਰ੍ਹਾਂ ਦੇ ਸੁਧਾਰਾਂ ਦਾ ਵਿਰੋਧ ਕਰਨ ਲਈ ਅੰਬੇਡਕਰ ਤਰਕ ਦਿੰਦੇ ਹਨ ਕਿ ਅਸੀਂ ਜਮਾਤੀ ਦਸ਼ਾਵਾਂ ਨੂੰ ਬਦਲਣਾ ਹੈ ਅਤੇ ਵਿਅਕਤੀਗਤ ਚੰਗੇ ਗੁਣ ਜਮਾਤ ਦੇ ਪੱਧਰ ਨੂੰ ਨਹੀਂ ਉਠਾਉਂਦੇ। ਇਹ ਤਰਕ ਅਜਿਹੇ ਸੁਧਾਰਾਂ ਦਾ ਵਿਰੋਧ ਕਰਨ ਲਈ ਢੁੱਕਵਾਂ ਹੈ।

ਪਰ ਮਾਰਕਸ ਨੇ ਵੀ ਤਾਂ ਸਮਾਜਿਕ ਦਸ਼ਾਵਾਂ ਨੂੰ ਬਦਲਣ ਦੀ ਗੱਲ ਕੀਤੀ ਸੀ ਜਾਂ ਨਹੀਂ ਕੀਤੀ ਸੀ? ਫਿਰ ਅੰਬੇਡਕਰ ਨੇ ਉਸ ਦਾ ਵਿਰੋਧ ਕਿਉਂ ਕੀਤਾ?

ਕਾਂਗਰਸ ਦਾ ਵਿਰੋਧ ਕਰਦੇ ਸਮੇਂ ਵਿਅਕਤੀਗਤ ਗੁਣਾਂ ਦੀ ਤੁਲਨਾ ਵਿੱਚ ਸਮਾਜਿਕ ਢਾਂਚੇ ਨੂੰ ਬਦਲਣਾ ਜ਼ਿਆਦਾ ਮਹੱਤਵਪੂਰਣ ਹੋ ਗਿਆ ਸੀ ਜਦ ਕਿ ਮਾਰਕਸ ਦਾ ਵਿਰੋਧ ਕਰਦੇ ਸਮੇਂ, ਵਿਅਕਤੀਗਤ ਸੁਧਾਰ ਜ਼ਿਆਦਾ ਮਹੱਤਵਪੂਰਨ ਹੋ ਗਿਆ ਤਾਂ ਕਿ ਵਿਅਕਤੀਗਤ ਗੁਣਾਂ ਦਾ ਪੱਧਰ ਉਠਾਇਆ ਜਾ ਸਕੇ।

ਜੇਕਰ ਅਸੀਂ ਇਸ ਨਤੀਜੇ 'ਤੇ ਪਹੁੰਚਣਾ ਚਾਹੀਏ ਕਿ ਅੰਬੇਡਕਰ ਨੇ ਆਪਣੀ ਉਸ ਗਲ਼ਤੀ ਨੂੰ ਮਹਿਸੂਸ ਕਰ ਲਿਆ ਜੋ ਉਸ ਨੇ ਕਿਸੇ ਮੌਕੇ ਕਹੀ ਸੀ ਅਤੇ ਇਸ ਲਈ ਉਹਨੇ ਹੁਣ ਦੂਸਰੇ ਮੌਕੇ 'ਤੇ ਅੱਡ-ਅੱਡ ਗੱਲ ਕਹੀ ਹੈ, ਸਾਨੂੰ ਕਿਤੇ ਵੀ ਅਜਿਹਾ ਸਪੱਸ਼ਟੀਕਰਨ ਜਾਂ ਵਿਆਖਿਆ ਨਹੀਂ ਮਿਲ਼ਦੀ।

ਕੀ ਅੰਬੇਡਕਰ ਗਲ਼ਤ ਬੋਲਦੇ ਸਨ? ਨਹੀਂ, ਇਹ ਅਸੰਭਵ ਹੈ। ਉਹ ਜੋ ਕੁੱਝ ਵੀ ਕਹਿੰਦੇ ਹਨ, ਉਚਿਤ ਹੁੰਦਾ ਹੈ। ਉਹ ਜੋ ਵੀ ਚਾਹੁੰਦੇ ਸੀ, ਉਹ ਉਹਨਾਂ ਨੇ ਬੋਲਿਆ ਅਤੇ ਜਦੋਂ ਜਦੋਂ ਚਾਹਿਆ, ਉਦੋਂ ਉਦੋਂ ਬੋਲਿਆ। ਉਹ ਸਹੀ ਹਨ। ਚਾਹੇ ਜੋ ਵੀ ਉਹ ਕਹਿੰਦੇ ਹਨ।

ਇੱਥੇ ਅਸੀਂ ਉਸ ਗੱਲ ਨੂੰ ਥੋੜ੍ਹਾ ਜਿਹਾ ਯਾਦ ਕਰੀਏ ਜੋ ਅੰਬੇਡਕਰ ਨੇ ਰੋਮ ਦੇ ਗੁਲਾਮਾਂ ਬਾਰੇ ਪਹਿਲਾਂ ਕਹੀ ਸੀ। ਕੀ ਅੰਬੇਡਕਰ ਦੀ ਉਦੋਂ ਵੀ ਉਹੀ ਦ੍ਰਿਸ਼ਟੀ ਸੀ-ਕਿ

ਵਿਅਕਤੀਗਤ ਸੁਧਾਰ ਕੁੱਝ ਵਿਅਕਤੀਆਂ ਦੇ ਪੱਧਰ ਨੂੰ ਉਠਾ ਸਕਦੇ ਹਨ ਪਰ ਸਮੁੱਚੀ ਜਮਾਤ ਨੂੰ ਨਹੀਂ ਉਠਾਉਂਦੇ– ਜਦੋਂ ਉਹਨਾਂ ਨੇ ਰੋਮ ਦੇ ਗੁਲਾਮਾਂ ਦੀ ਦਸ਼ਾ ਬਾਰੇ ਚਰਚਾ ਕੀਤੀ ਸੀ ? ਉਹ ਅਜਿਹਾ ਵਰਨਣ ਕਿਵੇਂ ਕਰ ਸਕੇ ਕਿ ਰੋਮ ਦੇ ਗੁਲਾਮ ਸਿੱਖਿਆ, ਕਲਾ ਅਤੇ ਕਿੱਤੇ ਨਾਲ਼ ਅਰਾਮ ਅਤੇ ਆਨੰਦ ਨਾਲ਼ ਰਹਿੰਦੇ ਸਨ ? ਇੱਥੇ ਉਹਨਾਂ ਨੇ ਸਵਾਲ ਕਿਉਂ ਨਹੀਂ ਉਠਾਇਆ ਕਿ 'ਕੀ ਕੁੱਝ ਵਿਅਕਤੀਆਂ ਦੀ ਦਸ਼ਾ ਸਾਰੇ ਗੁਲਾਮਾਂ ਦੀ ਦਸ਼ਾ ਮੰਨੀ ਜਾ ਸਕਦੀ ਹੈ ?' ਉੱਥੇ ਉਹਨਾਂ ਨੇ ਅਜਿਹੀ ਗੱਲ ਇਸ ਲਈ ਕਹੀ ਕਿਉਂਕਿ ਉਹ ਇਹ ਦੱਸਣਾ ਚਾਹੁੰਦੇ ਸੀ ਕਿ ਅਛੂਤਾਂ ਦੀ ਤੁਲਨਾ ਵਿੱਚ ਗੁਲਾਮ ਜ਼ਿਆਦਾ ਅਰਾਮ ਨਾਲ਼ ਰਹਿੰਦੇ ਸਨ। ਕਿਉਂਕਿ ਉਹ ਗਾਂਧੀ ਦਾ ਵਿਰੋਧ ਕਰਨਾ ਚਾਹੁੰਦੇ ਸੀ, ਇਸ ਲਈ ਉਹਨਾਂ ਨੇ ਠੱਕਰ ਨੂੰ ਸੰਬੋਧਿਤ ਆਪਣੇ ਪੱਤਰ ਵਿੱਚ ਕਿਹਾ ਕਿ 'ਵਿਅਕਤੀਗਤ ਸੁਧਾਰ ਕਾਫੀ ਨਹੀਂ।' ਜਦ ਕਿ ਮਾਰਕਸ ਦਾ ਵਿਰੋਧ ਕਰਦੇ ਸਮੇਂ ਉਹ ਇੱਥੇ ਐਲਾਨ ਕਰ ਰਹੇ ਹਨ ਕਿ ਉਹੀ ਮਾਰਗ ਸ਼੍ਰੇਸ਼ਟ ਹੈ ਜੋ ਵਿਅਕਤੀਗਤ ਗੁਣਾਂ ਦੇ ਪੱਧਰ ਨੂੰ ਉੱਚਾ ਚੁੱਕਦਾ ਹੈ। ਅਸੀਂ ਇਸ ਸਭ ਕੁੱਝ ਨੂੰ ਕੀ ਕਹੀਏ ? ਕੀ ਅਸੀਂ ਇਸ ਨੂੰ 'ਇਮਾਨਦਾਰ ਚਰਚਾ' ਕਹਿ ਸਕਦੇ ਹਾਂ ?

### *ਅੰਬੇਡਕਰ ਦਾ ਕਮਿਊਨਿਸਟਾਂ ਨੂੰ ਸੁਝਾਅ*

ਇੱਕ ਥਾਂ ਅੰਬੇਡਕਰ ਨੇ ਕਿਹਾ ਕਿ ਕਮਿਊਨਿਸਟ ਰਾਜ ਦੀ ਉਸਾਰੀ ਦਾ ਕੰਮ ਬੇਕਾਰ ਚੀਜ਼ ਹੈ, ਦੂਸਰੀ ਥਾਂ ਉਸੇ ਰੌਅ ਵਿੱਚ ਉਹਨਾਂ ਨੇ ਕਮਿਊਨਿਸਟਾਂ ਨੂੰ ਕਈ ਸੁਝਾਅ ਦਿੱਤੇ ਕਿ ਰਾਜ ਸੱਤ੍ਹਾ ਬਾਰੇ ਉਹਨਾਂ ਨੂੰ ਕੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਉਸ ਦੇ ਅਨੁਸਾਰ ਉਹ ਤਾਕਤ ਦੀ ਵਰਤੋਂ ਦੇ ਸਾਧਨਾਂ ਦੁਆਰਾ ਸੱਤ੍ਹਾ ਨੂੰ ਕੁੱਝ ਅਰਸੇ ਲਈ ਬਣਾ ਕੇ ਰੱਖ ਸਕਦੇ ਹਨ ਪਰ ਉਹਨਾਂ ਨੂੰ ਇਸ ਨੂੰ ਸਮਾਪਤ ਕਰਨਾ ਪਵੇਗਾ ਅਤੇ ਕੋਈ ਧਰਮ ਅਪਨਾਉਣਾ ਪਵੇਗਾ।

"ਤਾਕਤ ਹਟਾ ਲੈਣ ਤੋਂ ਬਾਅਦ ਜੇਕਰ ਕੋਈ ਚੀਜ਼ ਇਸ ਨੂੰ ਸੰਭਾਲ ਸਕਦੀ ਹੈ, ਤਾਂ ਉਹ ਹੈ ਧਰਮ।" (ਪੰਨਾ 460) ਅੰਬੇਡਕਰ ਦੀ ਦਲੀਲ ਅੱਗੇ ਵਧਦੀ ਹੈ:

"ਕਮਿਊਨਿਸਟ ਧਰਮ ਨੂੰ ਨਫ਼ਰਤ ਕਰਦੇ ਹਨ। ਉਹ ਉਹਨਾਂ ਧਰਮਾਂ ਤੋਂ ਨਫ਼ਰਤ ਕਰਦੇ ਹਨ ਜੋ ਦੇਵਤਿਆਂ ਅਤੇ ਪਰਲੋਕ ਦੀ ਗੱਲ ਕਰਦੇ ਹਨ। ਬੁੱਧਵਾਦ ਉਸ ਤਰ੍ਹਾਂ ਦਾ ਧਰਮ ਨਹੀਂ ਹੈ। ਇਸ ਵਿੱਚ ਕੋਈ ਵੀ ਅੰਧਵਿਸ਼ਵਾਸੀ ਧਾਰਨਾਵਾਂ ਨਹੀਂ। ਇਹ ਉੱਤਮ ਆਚਰਣ ਦੀ ਸਿੱਖਿਆ ਦਿੰਦਾ ਹੈ। ਇਹ ਖ਼ੂਨ, ਚੋਰੀ, ਵੇਸਵਾਗਮਨੀ, ਝੂਠ, ਨਸ਼ੀਲੇ ਪਦਾਰਥਾਂ ਦੇ ਸੇਵਨ ਦਾ ਵਿਰੋਧ ਕਰਦਾ ਹੈ। ਇਹ ਕਾਮ, ਲੋਭ, ਬੁਰੀ ਭਾਵਨਾ, ਆਲਸ ਅਤੇ ਸੁਸਤੀ, ਮੰਦ ਬੁੱਧੀ ਪੂਰਵਕ ਢੰਗ ਨਾਲ਼ ਜਾਇਦਾਦ ਬਣਾਉਂਦਾ ਹੈ, ਸਿਰਫ਼ ਉਹ ਆਪ ਹੀ ਸੁਖੀ ਨਹੀਂ ਰਹੇਗਾ, ਸਗੋਂ ਆਪਣੀ ਪਤਨੀ, ਬੱਚਿਆਂ ਅਤੇ ਨੌਕਰਾਂ ਨੂੰ ਵੀ ਸੁਖੀ ਰੱਖੇਗਾ। ਇਸ ਤਰ੍ਹਾਂ ਬੁੱਧਵਾਦ ਉਸ ਜਾਇਦਾਦ ਨੂੰ ਇਕੱਠਾ ਕਰਨ ਦਾ ਉਪਦੇਸ਼ ਦਿੰਦਾ ਹੈ ਜੋ ਵਿਧੀ ਪੂਰਵਕ ਹੈ। ਇਸ ਲਈ ਸਾਨੂੰ ਬੁੱਧਵਾਦ ਨੂੰ ਹੋਰਨਾਂ ਧਰਮਾਂ ਜਿਹਾ ਨਹੀਂ ਸਮਝਣਾ ਚਾਹੀਦਾ। ਤਾਕਤ ਹਟਾ ਲੈਣ ਤੋਂ ਬਾਅਦ ਸਾਮਵਾਦ ਨੂੰ ਸੰਭਾਲੀ ਰੱਖਣ ਲਈ ਬੁੱਧ ਧਰਮ ਸਭ ਤੋਂ ਵੱਧ ਸਹਾਇਕ ਹੋਵੇਗਾ।" (ਪੰਨਾ 460–61)

ਇਹ ਕਿਸ ਤਰ੍ਹਾਂ ਦੀ ਦਲੀਲ ਹੈ ? ਇਸ ਦਾ ਅਰਥ ਹੈ ਕਿ ਚੋਰੀ, ਵੇਸਵਾਗਮਨੀ, ਖ਼ੂਨ ਅਤੇ ਸਭ ਤਰ੍ਹਾਂ ਦੇ ਅਪਰਾਧ ਸਾਮਵਾਦੀ ਸਮਾਜ ਵਿੱਚ ਤੱਦ ਤੱਕ ਬਣੇ ਰਹਿੰਦੇ ਹਨ ਜਦੋਂ ਤੱਕ ਉਹ ਬੁੱਧਵਾਦ ਨਾ ਅਪਣਾਏ। ਜੇ ਸਾਮਵਾਦੀ ਸਮਾਜ ਬੁੱਧਵਾਦ ਦਾ ਪਾਲਨ ਕਰੇ ਤਾਂ ਸਾਰੇ ਲੋਕ ਸੱਜਣ ਹੋ ਜਾਣਗੇ ਅਤੇ ਉਹਨਾਂ ਦੇ ਬੁਰੇ ਗੁਣ ਲੋਪ ਹੋ ਜਾਣਗੇ ਅਤੇ ਫਿਰ ਕਿ ਮਾਲਕ ਵਿਧੀ ਪੂਰਵਕ ਢੰਗ ਨਾਲ਼ ਜਾਇਦਾਦ ਹਾਸਲ ਕਰਨਗੇ ਅਤੇ ਆਪਣੇ ਨੌਕਰਾਂ ਅਤੇ ਮਜ਼ਦੂਰਾਂ ਨਾਲ਼ ਸੁੱਖ ਪੂਰਵਕ ਰਹਿਣਗੇ। ਉਸ ਸਥਿਤੀ ਵਿੱਚ ਸਾਮਵਾਦ ਕਿਵੇਂ ਹੋ

ਸਕਦਾ ਹੈ ਜਦੋਂ ਇਹ ਸਾਰੇ ਸਬੰਧ ਸੁਖਾਵੇਂ ਰਹਿਣ। ਕੀ ਸਾਮਵਾਦ ਨੂੰ ਸਿਰਫ਼ ਇਹਨਾਂ ਸਬੰਧਾਂ (ਮਾਲਕ ਅਤੇ ਨੌਕਰ ਆਦਿ) ਨੂੰ ਕਾਇਮ ਰੱਖਣ ਲਈ ਬੁੱਧਵਾਦ ਦਾ ਸਹਾਰਾ ਲੈਣਾ ਪਵੇਗਾ?

ਬੁੱਧ ਦੀ ਗੱਲ ਅੱਡ ਹੈ ਪਰ ਅੰਬੇਡਕਰ 'ਤੇ ਤਰਸ ਆਉਂਦਾ ਹੈ। ਕੋਈ ਵੀ ਅਜਿਹਾ ਸੰਦਰਭ ਚੱਕ ਲਵੋ ਜਿਸ ਵਿੱਚ ਉਹਨੇ ਮਾਰਕਸਵਾਦ ਦੀ ਗੱਲ ਕੀਤੀ ਹੋਵੇ। ਅਸੀਂ ਕਿਤੇ ਵੀ ਉਸ ਨੂੰ ਇਸ ਬਾਰੇ ਜਾਣਕਾਰੀ ਨਾਲ਼ ਗੱਲ ਕਰਦੇ ਹੋਏ ਨਹੀਂ ਵੇਖਦੇ।

ਜੇ ਕੋਈ ਸਿਧਾਂਤ ਸਾਮਵਾਦੀ ਸਮਾਜ ਦੀ ਸ਼ੁਰੂਆਤ ਕਰ ਸਕਦਾ ਹੈ ਅਤੇ ਇਸ ਨੂੰ ਜੀਵਤ ਰੱਖ ਸਕਦਾ ਹੈ, ਤਾਂ ਇਸ ਸਿਧਾਂਤ ਵਿੱਚ ਅਜਿਹੀ ਪ੍ਰਣਾਲੀ ਵੀ ਸ਼ਾਮਿਲ ਹੋਵੇਗੀ ਜੋ ਸਮਾਜ ਨੂੰ ਅੱਗੇ ਲੈ ਜਾਵੇਗੀ। ਜ਼ਰੂਰਤ ਬੱਸ ਇਹ ਹੈ ਕਿ ਉਸ ਸਿਧਾਂਤ ਨੂੰ ਸਹੀ ਢੰਗ ਨਾਲ਼ ਲਾਗੂ ਕੀਤਾ ਜਾਵੇ। ਇਸ ਨੂੰ ਕਿਸੇ ਧਰਮ ਦੇ ਸਹਾਰੇ ਦੀ ਲੋੜ ਨਹੀਂ ਹੋਵੇਗੀ।

ਫਿਲਹਾਲ, ਜ਼ਰਾ ਅੰਬੇਡਕਰ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਵੇ। ਉਹ ਕਹਿ ਰਹੇ ਹਨ ਕਿ ਮਾਰਕਸਵਾਦ ਦੇ ਸਾਧਨਾਂ ਦੁਆਰਾ ਸਮਾਜ ਨੂੰ ਬਦਲਣ ਤੋਂ ਬਾਅਦ ਅਸੀਂ ਬੁੱਧਵਾਦ ਨੂੰ ਲਾਗੂ ਕਰਨਾ ਹੈ? ਇਸ ਦਾ ਅਰਥ ਹੈ ਕਿ ਮਾਰਕਸਵਾਦ ਪਹਿਲੀ ਲੋੜ ਹੈ। ਉਸ ਤੋਂ ਬਾਅਦ ਹੀ ਸਾਨੂੰ ਬੁੱਧਵਾਦ ਦੀ ਜ਼ਰੂਰਤ ਪੈਂਦੀ ਹੈ। ਕੀ ਅੰਬੇਡਕਰ ਨੇ ਦਲਿਤਾਂ ਨੂੰ ਮਾਰਕਸਵਾਦ ਦਾ ਅਧਿਐਨ ਕਰਨ ਦੀ ਰਾਇ ਦਿੱਤੀ ਸੀ, ਇਸ ਤੋਂ ਪਹਿਲਾਂ ਕਿ ਉਹ ਕਮਿਊਨਿਸਟਾਂ ਨੂੰ ਬੁੱਧਵਾਦ ਦੇ ਧਾਰਨੀ ਬਣਨ ਦੀ ਸਲਾਹ ਦਿੰਦੇ? ਅਜਿਹਾ ਕੋਈ ਵੀ ਪ੍ਰਸੰਗ ਨਹੀਂ ਮਿਲ਼ਦਾ। ਅਜਿਹਾ ਇੱਕ ਵੀ ਸੰਦਰਭ ਨਹੀਂ ਜਿਸ ਵਿੱਚ ਉਸ ਨੇ ਮਾਰਕਸਵਾਦ ਬਾਰੇ ਇੱਕ ਵੀ ਚੰਗਾ ਸ਼ਬਦ ਕਿਹਾ ਹੋਵੇ। ਅਜਿਹੇ ਅਨੇਕਾਂ ਮੌਕੇ ਹਨ ਜਿੱਥੇ ਉਹਨੇ ਮਾਰਕਸਵਾਦ ਦਾ ਵਿਰੋਧ ਕੀਤਾ।

ਮਾਰਕਸਵਾਦ ਪ੍ਰਤੀ ਅੰਬੇਡਕਰ ਦਾ ਵਿਰੋਧ ਉਸ ਅਵਸਥਾ ਵਿੱਚ ਪਹੁੰਚ ਗਿਆ ਕਿ ਉਸ ਨੇ ਮਾਰਕਸਵਾਦ ਦਾ ਅਜਿਹੇ ਦਰਸ਼ਨ ਦੇ ਰੂਪ ਵਿੱਚ ਵਰਨਣ ਕੀਤਾ। ਜੋ ਮਨੁੱਖਾਂ ਨੂੰ ਸੂਰ ਬਣਾ ਦਿੰਦਾ ਹੈ। ਕਿਉਂਕਿ ਮਾਰਕਸਵਾਦ ਕਿਸੇ ਧਰਮ ਨੂੰ ਨਹੀਂ ਮੰਨਦਾ। ਇਸ ਲਈ ਅੰਬੇਡਕਰ ਵੱਲੋਂ ਆਲੋਚਨਾ ਇਹਨਾਂ ਸ਼ਬਦਾਂ ਵਿੱਚ ਸਾਹਮਣੇ ਆਉਂਦੀ ਹੈ:–

"ਕਾਰਲਾਇਲ ਨੇ ਸਿਆਸੀ ਅਰਥਸ਼ਾਸਤਰ ਨੂੰ ਸੂਰ ਦਰਸ਼ਨ ਕਿਹਾ ਸੀ। ਕਾਰਲਾਇਲ ਬੇਸ਼ੱਕ ਗਲ਼ਤ ਸੀ। ਕਿਉਂਕਿ ਇਨਸਾਨ ਨੂੰ ਭੌਤਿਕ ਸੁੱਖਾਂ ਦੀ ਲੋੜ ਹੁੰਦੀ ਹੈ। ਪਰ ਸਾਮਵਾਦੀ ਦਰਸ਼ਨ ਵੀ ਸਮਾਨ ਰੂਪ ਵਿੱਚ ਗਲ਼ਤ ਪ੍ਰਤੀਤ ਹੁੰਦਾ ਹੈ। ਜਿਵੇਂ ਇਨਸਾਨ ਸੂਰਾਂ ਤੋਂ ਜ਼ਰਾ ਵੀ ਬਿਹਤਰ ਨਹੀਂ ਹੈ। ਇਨਸਾਨ ਨੂੰ ਭੌਤਿਕਤਾ ਦੇ ਨਾਲ਼ ਨਾਲ਼ ਅਧਿਆਤਮਕ ਰੂਪ ਤੋਂ ਵੀ ਵਿਕਸਿਤ ਹੋਣਾ ਚਾਹੀਦਾ ਹੈ।" (ਪੰਨਾ 462)

ਅੰਬੇਡਕਰ ਦੀ ਦ੍ਰਿਸ਼ਟੀ ਦਾ ਸਾਰ ਇਹ ਹੈ : ਮਨੁੱਖਾਂ ਨੂੰ ਭੌਤਿਕ ਜ਼ਰੂਰਤਾਂ ਦੀ ਲੋੜ ਹੁੰਦੀ ਹੈ ਪਰ ਉਹਨਾਂ ਨੂੰ ਅਧਿਆਤਮਕ ਰੂਪ ਵਿੱਚ ਵੀ ਵਿਕਸਿਤ ਹੋਣਾ ਚਾਹੀਦਾ ਹੈ ਜਦ ਕਿ ਸੂਰਾਂ ਲਈ ਤਾਂ ਇਹੀ ਬਹੁਤ ਹੈ ਕਿ ਉਹਨਾਂ ਨੂੰ ਭੋਜਨ ਮਿਲ਼ਤਾ ਰਹੇ। ਉਹਨਾਂ ਨੂੰ ਅਧਿਆਤਮਕਤਾ ਦੀ ਲੋੜ ਨਹੀਂ ਹੁੰਦੀ। ਇਹ ਸੋਚਣਾ ਕਿ ਮਨੁੱਖਾਂ ਨੂੰ ਸਿਰਫ਼ ਭੌਤਿਕ ਸੁੱਖਾਂ (ਜਿਵੇਂ ਭੋਜਨ ਆਦਿ) ਦੀ ਜ਼ਰੂਰਤ ਹੁੰਦੀ ਹੈ। ਮਨੁੱਖਾਂ ਨੂੰ ਜਾਨਵਰਾਂ ਦੇ ਸਮਾਨ ਮੰਨਣਾ ਹੈ। ਸਾਮਵਾਦ ਨਹੀਂ ਕਹਿੰਦਾ ਕਿ ਇਨਸਾਨਾਂ ਨੂੰ ਅਧਿਆਤਮਕਤਾ ਦੀ ਲੋੜ ਹੁੰਦੀ ਹੈ। ਇਸ ਲਈ ਇਹ ਉਹ ਦਰਸ਼ਨ ਹੈ ਜੋ ਸੂਰਾਂ ਲਈ ਉਪਯੋਗੀ ਹੈ, ਨਾ ਕਿ ਮਨੁੱਖਾਂ ਲਈ। ਇਹ ਅੰਬੇਡਕਰ ਦੀ ਆਲੋਚਨਾ ਹੈ।

ਪਰ 'ਅਧਿਆਤਮਕ ਰੂਪ' ਵਿੱਚ ਵਿਕਸਿਤ ਹੋਣ ਦਾ ਅਰਥ ਕੀ ਹੈ? ਬੁੱਧ ਜਿਹਾ ਸੰਨਿਆਸੀ ਹੋਣਾ। ਜੇ ਕੋਈ ਵਿਅਕਤੀ ਆਪਣਾ ਸਿਰ ਮੁੰਨਵਾ ਲੈਂਦਾ ਹੈ। ਕੇਸਰੀ ਕੱਪੜੇ ਪਹਿਨਦਾ ਹੈ, ਪਿੰਡਾਂ ਵਿੱਚ ਗ੍ਰਿਹਿਸਥੀਆਂ 'ਤੇ ਹਮਲਾ ਬੋਲ਼ਦਾ ਹੈ ਅਤੇ ਪ੍ਰੀਤੀਭੋਜਾਂ ਦਾ

ਮਜ਼ਾ ਲੁੱਟਦਾ ਹੈ, ਤੋਹਫ਼ੇ ਇਕੱਠੇ ਕਰਦਾ ਹੈ, ਹਰ ਰੋਜ਼ ਕੁੱਝ ਸਮੇਂ ਲਈ ਚੌਂਕੜੀ ਮਾਰ ਕੇ ਬੈਠਦਾ ਹੈ, ਇੱਕ ਨ੍ਹਾਸ਼ ਰਾਹੀਂ ਸਾਹ ਖਿੱਚ ਕੇ ਦੂਸਰੇ ਰਾਹੀਂ ਛੱਡਣ ਦੀ ਮੁਹਾਰਤ ਹਾਸਿਲ ਕਰ ਲੈਂਦਾ ਹੈ ਤਾਂ ਇਹੀ ਅਧਿਆਤਮਕ ਰੂਪ ਵਿੱਚ ਵਿਕਸਿਤ ਹੋਣ ਦਾ ਅਰਥ ਹੈ। ਕਿਉਂਕਿ ਸਾਮਵਾਦ ਵਿੱਚ ਇਹਨਾਂ ਸਨਕ ਭਰੀਆਂ ਗੱਲਾਂ ਲਈ ਕੋਈ ਥਾਂ ਨਹੀਂ, ਇਸ ਲਈ ਇਹ ਇੱਕ ਸੂਰ ਦਰਸ਼ਨ ਹੈ।

ਸੂਰਾਂ ਜਿਹਾ ਜੀਵਨ ਬਤੀਤ ਕਰਨਾ ਉਦੋਂ ਕਿੰਨਾ ਸੁਖਦਾਈ ਹੈ ਜਦ ਅਸੀਂ ਧਾਰਮਿਕ ਕੱਟੜਤਾ ਦੇ ਭੈਅ ਤੋਂ ਮੁਕਤ ਹੋ ਜਾਈਏ।

ਅਜਿਹੇ ਧਰਮ ਉਪਦੇਸ਼ਕ ਤੋਂ ਜਿਸ ਨੇ ਸਾਮਵਾਦ ਨੂੰ ਇੰਨੀ ਖ਼ੂਬਸੂਰਤੀ ਨਾਲ਼ ਸਮਝਿਆ ਹੋਵੇ, ਦਲਿਤ ਸਿਰਫ਼ ਚੰਦ ਬਾਜੀਗਿਰੀਆਂ ਹੀ ਸਿੱਖਣਗੇ ਜੋ ਉਹਨਾਂ ਨੂੰ ਨੱਕਾਂ ਰਾਹੀਂ ਹਵਾ ਦੀ ਵਰਤੋਂ ਕਰਨ ਯੋਗ ਬਣਾਉਣਗੇ।

ਇਸ ਢੰਗ ਨਾਲ਼ ਅੰਬੇਡਕਰ ਆਪਣੇ ਲੇਖ 'ਬੁੱਧ ਜਾਂ ਕਾਰਲ ਮਾਰਕਸ ?' ਵਿੱਚ ਵਾਰ-ਵਾਰ ਕਹਿੰਦੇ ਹਨ ਕਿ ਮਾਰਕਸਵਾਦ ਨਿਰਾ ਬੇਕਾਰ ਹੈ। ਪਰ ਆਖਰੀ ਪੈਰ੍ਹੇ ਵਿੱਚ ਉਹਨਾਂ ਨੇ ਸਾਮਵਾਦ ਪ੍ਰਤੀ ਕੁੱਝ ਦਇਆ ਦਿਖਾ ਦਿੱਤੀ।

"ਇਹ ਦਾਅਵਾ ਕੀਤਾ ਗਿਆ ਹੈ ਕਿ ਰੂਸ ਵਿੱਚ ਸਾਮਵਾਦੀ ਤਾਨਾਸ਼ਾਹੀ ਨੇ ਅਦਭੁਤ ਉਪਲਬਧੀਆਂ ਹਾਸਿਲ ਕੀਤੀਆਂ ਹਨ। ਇਸ ਨੂੰ ਨਕਾਰਾਇਆ ਨਹੀਂ ਜਾ ਸਕਦਾ। ਜਿਸ ਤੋਂ ਮੈਂ ਕਹਿੰਦਾ ਹਾਂ ਕਿ ਰੂਸ ਜਿਹੀ ਤਾਨਾਸ਼ਾਹੀ ਸਾਰੇ ਪਿੱਛੜੇ ਦੇਸ਼ਾਂ ਲਈ ਚੰਗੀ ਹੋਵੇਗੀ।" (ਪੰਨਾ 461)

"ਇਹ ਦਾਅਵਾ ਕੀਤਾ ਗਿਆ ਹੈ," ਅਜਿਹਾ ਅੰਬੇਡਕਰ ਦਾ ਕਹਿਣਾ ਹੈ ਜੋ 'ਰੂਸ ਵਿੱਚ ਸਾਮਵਾਦੀ ਤਾਨਾਸ਼ਾਹੀ' ਦੇ ਸੰਦਰਭ ਵਿੱਚ ਕਹਿੰਦੇ ਹਨ। ਇਸ ਦਾ ਅਰਥ ਇਹ ਹੁੰਦਾ ਹੈ ਕਿ ਉਹਨਾਂ ਨੇ ਇਸ ਬਾਰੇ ਸਿਰਫ਼ ਸੁਣਿਆ ਹੈ ਅਤੇ ਉਹਨਾਂ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਇਹ ਕਿਸ ਹੱਦ ਤੱਕ ਸੱਚ ਹੈ ਜਾਂ ਝੂਠ ਹੈ। ਉਸ ਸਿਧਾਂਤ ਨੂੰ ਜਾਨਣ ਦਾ ਕੋਈ ਯਤਨ ਨਹੀਂ ਕੀਤਾ ਗਿਆ ਹੈ। ਇੱਕ ਥਾਂ 'ਤੇ ਉਹ ਉਸ ਨੂੰ 'ਸੂਰ ਦਰਸ਼ਨ' ਕਹਿੰਦੇ ਹਨ ਅਤੇ ਦੂਜੇ ਥਾਂ 'ਤੇ ਉਹ ਕਹਿੰਦੇ ਹਨ ਕਿ 'ਇਸ ਦੀਆਂ ਅਦਭੁਤ ਉਪਲੱਬਧੀਆਂ ਹਨ ਅਤੇ ਇਹ ਸਾਰੇ ਪਿੱਛੜੇ ਦੇਸ਼ਾਂ ਲਈ ਚੰਗਾ ਹੈ' ਆਲੋਚਨਾ ਅਤੇ ਪ੍ਰਸ਼ੰਸਾ ਦੋਨੇਂ ਹੀ ਬਿਨਾਂ ਇਸ ਬਾਰੇ ਜਾਣੇ। ਕਿਉਂਕਿ ਰੂਸ ਇੱਕ ਅਜਿਹੇ ਦੇਸ਼ ਵਜੋਂ ਉੱਭਰਿਆ ਜੋ ਕਿਰਤੀ ਲੋਕਾਂ ਲਈ ਯਤਨ ਕਰ ਰਿਹਾ ਸੀ ਅਤੇ ਕਿਉਂਕਿ ਇਹ ਗੱਲ ਸ਼ੋਭਾ ਨਹੀਂ ਦਿੰਦੀ ਜੇ ਇੰਨੀ ਕੁ ਵਡਿਆਈ ਨਾ ਕੀਤੀ ਜਾਂਦੀ, ਇਸ ਲਈ ਅੰਬੇਡਕਰ ਨੂੰ ਇਹ ਵਡਿਆਈ ਕਰਨੀ ਪਈ।

ਪਰ ਇਹ ਵਡਿਆਈ ਵੀ ਜ਼ਿਆਦਾ ਸਮੇਂ ਤੱਕ ਨਾ ਟਿਕੀ। ਉਹਨਾਂ ਨੇ ਸਾਮਵਾਦ ਦੀ ਘੱਟੋ-ਘੱਟ ਪ੍ਰਸ਼ੰਸਾ ਦੇ ਤੌਰ 'ਤੇ ਇਹ ਸਿੱਟਾ ਕੱਢਿਆ ਕਿ ਬਰਾਬਰੀ ਤੋਂ ਬਿਨਾਂ ਸਾਮਵਾਦ ਦਾ ਹੋਰ ਕੋਈ ਗੁਣ ਨਹੀਂ। ਇੱਥੇ ਅੰਬੇਡਕਰ ਦੀ ਦਲੀਲ ਇਸ ਢੰਗ ਨਾਲ਼ ਚੱਲਦੀ ਹੈ :
"ਸਮਾਜ ਇੱਕ ਨਵਾਂ ਅਧਾਰ ਸਥਾਪਿਤ ਕਰਨ ਦਾ ਉਦੇਸ਼ ਰੱਖਦਾ ਆ ਰਿਹਾ ਹੈ। ਫਰਾਂਸੀਸੀ ਇਨਕਲਾਬ ਨੇ ਇਸ ਨੂੰ ਤਿੰਨ ਸ਼ਬਦਾਂ ਭਾਈਚਾਰਾ, ਅਜ਼ਾਦੀ ਅਤੇ ਬਰਾਬਰੀ ਵਿੱਚ ਸੂਤਰਬੱਧ ਕਰ ਦਿੱਤਾ। ਫਰਾਂਸੀਸੀ ਇਨਕਲਾਬ ਦਾ ਸਵਾਗਤ ਹੀ ਇਸ ਨਾਹਰੇ ਦੇ ਕਾਰਨ ਹੋਇਆ ਪਰ ਬਰਾਬਰੀ ਪੈਦਾ ਕਰਨ ਵਿੱਚ ਇਹ ਅਸਫ਼ਲ ਹੋ ਗਿਆ। ਅਸੀਂ ਰੂਸੀ ਇਨਕਲਾਬ ਦਾ ਸਵਾਗਤ ਇਸ ਕਰਕੇ ਕਰਦੇ ਹਾਂ ਕਿਉਂਕਿ ਇਹ ਬਰਾਬਰੀ ਪੈਦਾ ਕਰਨ ਦਾ ਉਦੇਸ਼ ਰੱਖਦਾ ਹੈ। ਪਰ ਇਸ ਗੱਲ 'ਤੇ ਜ਼ਿਆਦਾ ਜ਼ੋਰ ਨਹੀਂ ਦਿੱਤਾ ਜਾ ਸਕਦਾ ਕਿ ਸਮਾਜ, ਬਰਾਬਰੀ ਪੈਦਾ ਕਰਨ ਵਿੱਚ ਭਾਈਚਾਰੇ ਅਤੇ ਅਜ਼ਾਦੀ ਦਾ ਤਿਆਗ ਨਹੀਂ ਕਰ ਸਕਦਾ। ਭਾਈਚਾਰੇ

ਅਤੇ ਅਜ਼ਾਦੀ ਤੋਂ ਬਿਨਾਂ ਬਰਾਬਰੀ ਦਾ ਕੋਈ ਮਹੱਤਵ ਨਹੀਂ ਹੋਵੇਗਾ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਤਿੰਨ ਤਾਂ ਹੀ ਇੱਕੋ ਸਮੇਂ ਇਕੱਠੇ ਰਹਿ ਸਕਦੇ ਹਨ ਜੇ ਕੋਈ ਬੁੱਧ ਦਾ ਮਾਰਗ ਅਪਨਾਵੇ। ਸਾਮਵਾਦ ਇੱਕ ਹੀ ਦੇ ਸਕਦਾ ਹੈ। ਪਰ ਸਾਰੇ ਨਹੀਂ।" (ਪੰਨਾ 462)

ਇਸ ਤਰ੍ਹਾਂ 'ਬੁੱਧ ਜਾਂ ਕਾਰਲ ਮਾਰਕਸ ?' ਲੇਖ ਸਮਾਪਤ ਹੋਇਆ। ਅਸੀਂ ਇਸ ਲੇਖ ਦੇ ਅੰਤ ਵਿੱਚ ਪੇਸ਼ ਟਿੱਪਣੀਆਂ ਦੇ ਸੱਚ-ਝੂਠ ਦੀ ਜਾਂਚ ਅਜੇ ਕਰਨੀ ਹੈ।

ਬਰਾਬਰੀ ਕੀ ਹੈ ? ਅੰਬੇਡਕਰ ਕਹਿ ਰਹੇ ਹਨ ਕਿ ਬੁੱਧ ਮਾਰਗ ਵਿੱਚ ਸਾਰੇ ਚੰਗੇ ਗੁਣ ਹਨ ਜਦ ਕਿ ਮਾਰਸਕਵਾਦ ਵਿੱਚ ਸਿਰਫ਼ ਇੱਕ ਗੁਣ ਹੈ। ਪਰ ਜੇ ਕੋਈ ਸਮਾਜ ਬਰਾਬਰੀ ਪ੍ਰਦਾਨ ਕਰਨ ਵਿੱਚ ਓਨਾ ਹੀ ਸਮਰੱਥ ਹੋਵੇਗਾ ਕਿਉਂਕਿ ਬਰਾਬਰੀ ਸਾਰੇ ਚੰਗੇ ਬਦਲਾਵਾਂ ਦਾ ਅਧਾਰ ਹੁੰਦੀ ਹੈ। ਸਾਰੇ ਹੋਰ ਗੁਣ ਸਿਰਫ਼ ਇਸ ਅਧਾਰ 'ਤੇ ਵਿਕਸਿਤ ਹੁੰਦੇ ਹਨ। ਇਹ ਪਰਖ ਕਰਨ ਲਈ ਕਿ ਇਹ ਸੱਚ ਹੈ ਜਾਂ ਨਹੀਂ, ਅਸੀਂ ਕੁੱਝ ਉਦਾਹਰਣਾਂ 'ਤੇ ਵਿਚਾਰ ਕਰਾਂਗੇ।

ਮਾਰਕਸ ਅਨੁਸਾਰ ਬਰਾਬਰੀ ਦਾ ਅਰਥ ਹੈ ਸਾਰੇ ਲੋਕਾਂ ਦੁਆਰਾ ਕਿਰਤ ਕਰਨਾ ਅਤੇ ਕਿਸੇ ਮਾਲਿਕ ਦੀ ਅਣਹੋਂਦ।

ਜਦੋਂ ਬਰਾਬਰੀ ਹਾਜ਼ਰ ਹੁੰਦੀ ਹੈ ਅਜ਼ਾਦੀ ਇਸ ਬਰਾਬਰੀ ਵਿੱਚ ਢੁੱਕਵੇਂ ਢੰਗ ਨਾਲ਼ ਰੂਪਾਂਤਰਿਤ ਹੁੰਦੀ ਹੈ। ਇਹ ਇਸ ਤਰ੍ਹਾਂ ਵਾਪਰਦਾ ਹੈ: ਬਰਾਬਰੀ ਦੀ ਸ਼ੁਰੂਆਤ ਤੋਂ ਪਹਿਲਾਂ ਜੋ ਕੋਈ ਵੀ ਜਾਇਦਾਦ ਹਾਸਿਲ ਹੈ, ਉਹ ਮਾਲਿਕ ਹੋ ਸਕਦਾ ਸੀ। ਪਰ ਜੇ ਕਿਸੇ ਵਿਅਕਤੀ ਨੂੰ ਮਾਲਕ ਹੋਣ ਦੀ ਅਜ਼ਾਦੀ ਹੋਵੇ ਤਾਂ ਬਹੁਤ ਸਾਰੇ ਮਨੁੱਖਾਂ ਨੂੰ ਗੁਲਮੀ ਦੀਆਂ ਜੰਜੀਰਾਂ ਵਿੱਚ ਬੰਨ੍ਹਣਾ ਪਵੇਗਾ। ਅਜਿਹੀਆਂ ਦਸ਼ਾਵਾਂ ਵਿੱਚ ਜੋ ਅਜ਼ਾਦੀ ਸਾਨੂੰ ਉੱਥੇ ਦਿਖਾਈ ਦਿੰਦੀ ਹੈ, ਉਹ ਕਿਰਤੀਆਂ ਦੀ ਨਹੀਂ ਸਗੋਂ ਮਾਲਿਕਾਂ ਦੀ ਹੁੰਦੀ ਹੈ। ਕਿਉਂਕਿ ਬਰਾਬਰੀ ਉੱਥੇ ਨਹੀਂ ਹੁੰਦੀ, ਇਸ ਲਈ ਅਜ਼ਾਦੀ ਵੀ ਉਹਨਾਂ ਹਾਲਤਾਂ ਦੇ ਅਨੁਰੂਪ ਇੱਕ ਪੱਖੀ ਹੁੰਦੀ ਹੈ। ਪਰ ਜੇ ਅਸੀਂ ਸਾਰੀ ਲੋਕਾਈ ਵਿੱਚ ਬਰਾਬਰੀ ਦੀ ਕਲਪਨਾ ਕਰੀਏ ਤਾਂ ਕਿਸੇ ਵਿਅਕਤੀ ਨੂੰ ਇੱਕ ਅਜਿਹਾ ਜੀਵਨ ਜਿਊਣ ਦੀ ਖੁੱਲ੍ਹ ਹੋਵੇਗੀ ਜੋ ਗੁਲਾਮੀ ਤੋਂ ਮੁਕਤ ਹੋਵੇਗਾ। ਦੂਸਰੇ ਸ਼ਬਦਾਂ ਵਿੱਚ ਪੁਰਾਣੀ ਅਜ਼ਾਦੀ ਹੁਣ ਬੁਰੇ ਦੇ ਅਨੁਰੂਪ ਢਲਣ ਲੱਗਦੀ ਹੈ ਜਿੱਥੇ ਇੱਕ ਪਾਸੇ ਬਰਾਬਰੀ ਦੀ ਅਣਹੋਂਦ ਵਿੱਚ ਸਿਰਫ਼ ਕੁੱਝ ਲੋਕਾਂ ਨੂੰ ਅਜ਼ਾਦੀ ਪ੍ਰਾਪਤ ਹੁੰਦੀ ਹੈ, ਉੱਥੇ ਇਸ ਦੀ ਹੋਂਦ ਵਿੱਚ ਸਾਰੇ ਲੋਕਾਂ ਨੂੰ ਅਜ਼ਾਦੀ ਪ੍ਰਾਪਤ ਹੋਵੇਗੀ।

ਇਸੇ ਤਰ੍ਹਾਂ ਜੇ ਅਸੀਂ ਭਾਈਚਾਰੇ ਦੇ ਵਿਸ਼ੇ 'ਤੇ ਵਿਚਾਰ ਕਰੀਏ ਤਾਂ ਇਹ ਭਰੱਪਣ ਅਤੇ ਭੈਣਪਣ ਹੈ। ਇਹ ਲੋਕਾਂ ਦੀ ਮਿਲ-ਜੁਲ ਕੇ ਰਹਿਣ-ਸਹਿਣ ਅਤੇ ਸੁੱਖਾਂ ਤੇ ਦੁੱਖਾਂ ਵਿੱਚ ਬਰਾਬਰ ਦੀ ਆਪਸੀ ਹਿੱਸੇਦਾਰੀ ਹੈ। ਇਹ ਵੀ ਉਸੇ ਬਰਾਬਰੀ ਦੇ ਅਨੁਰੂਪ ਪ੍ਰਗਟ ਹੁੰਦੀ ਹੈ, ਚਾਹੇ ਇਹ ਕਿਤੇ ਵੀ ਮੌਜੂਦ ਹੋਵੇ। ਜਦੋਂ 'ਮਾਲ਼ਿਕ-ਮਜ਼ਦੂਰ' ਸਬੰਧ ਮੌਜੂਦ ਹੁੰਦੇ ਹਨ (ਅਤੇ ਇਸ ਲਈ ਕਿਸੇ ਵੀ ਅਜਿਹੇ ਸਬੰਧ ਨੂੰ ਵੇਖਿਆ ਜਾ ਸਕਦਾ ਹੈ ਜਿਸ ਵਿੱਚ ਮਾਲਕੀ ਅਤੇ ਗੁਲਾਮੀ ਜਿਹੀਆਂ ਪਰਸਪਰ ਵਿਰੋਧੀ ਇੱਛਾਵਾਂ ਮੌਜੂਦ ਹੋਣ) ਤਾਂ ਮਾਲਕ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਦੀ ਪਰਵਾਹ ਨਹੀਂ ਕਰਦਾ। ਪਰ ਜੇ ਸਾਰੇ ਲੋਕ ਕਿਰਤ ਕਰਨਗੇ ਤਾਂ ਸਾਰੇ ਲੋਕਾਂ ਦੀਆਂ ਮੁਸ਼ਕਿਲਾਂ ਅਤੇ ਸੁੱਖ ਇੱਕੋ ਤਰ੍ਹਾਂ ਦੇ ਹੋਣਗੇ। ਸਾਰੇ ਇੱਕ ਦੂਸਰੇ ਨਾਲ਼ ਸਹਿਯੋਗ ਕਰਨਗੇ।

ਅੰਬੇਡਕਰ ਕਹਿੰਦੇ ਹਨ ਕਿ ਮਾਰਕਸ ਦਾ ਰਾਹ ਸਿਰਫ਼ ਬਰਾਬਰੀ ਪ੍ਰਦਾਨ ਕਰਦਾ ਹੈ ਅਤੇ ਦੂਜੇ ਚੰਗੇ ਗੁਣ (ਅਜ਼ਾਦੀ ਅਤੇ ਭਾਈਚਾਰਾ) ਨਹੀਂ ਦਿੰਦਾ। ਕੀ ਉਹ ਇਸ ਤਰ੍ਹਾਂ ਨਹੀਂ ਕਹਿ ਰਹੇ ? ਤਿੰਨ ਗੁਣਾਂ ਅਜ਼ਾਦੀ, ਬਰਾਬਰੀ ਅਤੇ ਭਾਈਚਾਰਾ ਵਿੱਚੋਂ ਬਰਾਬਰੀ ਬੁਨਿਆਦੀ ਮੁੱਦਾ ਹੈ। ਜੇ ਬਰਾਬਰੀ ਨਹੀਂ ਤਾਂ ਹੋਰ ਗੁਣ ਵੀ ਨਹੀਂ ਹੋਣਗੇ। ਅੰਬੇਡਕਰ

ਇਹ ਵੀ ਸਵੀਕਾਰ ਕਰਦੇ ਹਨ ਕਿ ਮਾਰਕਸ ਦਾ ਮਾਰਗ ਬਰਾਬਰੀ ਪ੍ਰਦਾਨ ਕਰਦਾ ਹੈ। ਇਸ ਦਾ ਸਾਰ ਅੰਸ਼ ਇਹ ਹੋਇਆ ਕਿ ਇਹ ਮਾਰਗ ਹੋਰ ਚੰਗੇ ਗੁਣ ਵੀ ਦਿੰਦਾ ਹੈ। ਬੁੱਧ ਦਾ ਮਾਰਗ 'ਮਾਲਕ-ਮਜ਼ਦੂਰ' ਸਬੰਧਾਂ ਨੂੰ ਸਮਾਪਤ ਨਹੀਂ ਕਰਦਾ। ਭਾਵ ਇਹ ਬਰਾਬਰੀ ਪ੍ਰਦਾਨ ਨਹੀਂ ਕਰਦਾ। ਅਜਿਹਾ ਮਾਰਗ ਹੋਰ ਚੰਗੇ ਗੁਣਾਂ ਨੂੰ ਵੀ ਪ੍ਰਭਾਵਿਤ ਨਹੀਂ ਕਰੇਗਾ।

ਫਿਰ ਸਿੱਟਾ ਕੀ ਨਿੱਕਲਿਆ ? ਇਕੱਲਾ ਮਾਰਕਸ ਦਾ ਮਾਰਗ ਹੀ ਸਾਰੇ ਗੁਣ ਪ੍ਰਦਾਨ ਕਰੇਗਾ। ਬੁੱਧ ਮਾਰਗ ਇੱਕ ਵੀ ਗੁਣ ਪ੍ਰਦਾਨ ਨਹੀਂ ਕਰੇਗਾ। ਇਹੀ ਇਸ ਦਾ ਨਿਚੋੜ ਹੈ- ਜੋ ਅੰਬੇਡਕਰ ਨੇ ਕਿਹਾ ਉਸ ਦੇ ਬਿਲਕੁਲ ਉਲਟ ਬੁੱਧ ਅਤੇ ਮਾਰਕਸ ਦੀ ਤੁਲਨਾ ਦੇ ਪ੍ਰਸੰਗ ਸਿਰਫ਼ ਭਾਗ 3 ਵਿੱਚ ਹੀ ਨਹੀਂ ਸਗੋਂ ਭਾਗ 11 ਵਿੱਚ ਵੀ ਥਾਂ-ਥਾਂ ਮਿਲ਼ਦੇ ਹਨ।

ਇਹ ਸਾਰਾ ਭਰਮ-ਭੁਲੇਖਾ ਹੋਇਆ ਹੀ ਨਾ ਹੁੰਦਾ ਜੇ ਇੰਨੇ ਸਵਾਲ ਉਠਾਉਣਾ ਅੰਬੇਡਕਰ ਬੰਦ ਕਰ ਦਿੰਦੇ ਅਤੇ ਖੁਦ ਨੂੰ ਇੱਕ ਸਵਾਲ 'ਤੇ ਕੇਂਦਰਿਤ ਕਰਦੇ ਕਿ 'ਬਰਾਬਰੀ ਕੀ ਹੈ ?' ਅਤੇ ਇਸ ਦਾ ਉੱਤਰ ਲੱਭਦੇ।

ਅਜਿਹਾ ਕੋਈ ਵੀ 'ਸ਼ਾਰਟ ਕੱਟ' ਨਹੀਂ ਬਚਿਆ ਜਿਸ ਦਾ ਅੰਬੇਡਕਰ ਨੇ ਮਾਰਕਸ ਦੇ ਮਾਰਗ ਨੂੰ ਨੀਵਾਂ ਦਖਾਉਣ ਅਤੇ ਬੁੱਧ ਦੇ ਮਾਰਗ ਦੀ ਉਸਤਤ ਕਰਨ ਲਈ ਸਹਾਰਾ ਨਾ ਲਿਆ ਹੋਵੇ।

ਉਹ ਕਹਿੰਦੇ ਹਨ ਕਿ ਬੁੱਧ ਦਾ ਮਾਰਗ 'ਕਿਸੇ ਤੋਂ ਉਧਾਰ ਲਿਆ ਹੋਇਆ ਨਹੀਂ, ਫਿਰ ਵੀ ਇੰਨਾ ਸੱਚ।' (ਭਾਗ 11, ਪੰਨਾ 317) ਇਸ ਤੋਂ ਇਹ ਦਿਖਾਈ ਦਿੰਦਾ ਹੈ ਕਿ ਮਾਰਕਸ ਦਾ ਸਿਧਾਂਤ ਉਸ ਤਰ੍ਹਾਂ ਦਾ ਨਹੀਂ। ਇਸ ਦਾ ਅਰਥ ਇਹ ਹੁੰਦਾ ਹੈ ਕਿ ਜੇ ਕਿਸੇ ਦੇਸ਼ ਕੋਲ ਚੰਗੇ ਗੁਣ ਹਨ ਤਾਂ ਦੂਸਰੇ ਦੇਸ਼ਾਂ ਨੂੰ ਇਹਨਾਂ ਤੋਂ ਸਿੱਖਣਾ ਨਹੀਂ ਚਾਹੀਦਾ। ਉਸੇ ਵਿਅਕਤੀ ਨੇ ਇਹ ਪ੍ਰਸ਼ੰਸਾ ਕਿਉਂ ਕੀਤੀ ਕਿ ਚੀਨ, ਬਰਮਾ, ਤਿੱਬਤ, ਥਾਈਲੈਂਡ ਅਤੇ ਇੰਡੋਨੇਸ਼ੀਆ ਨੇ ਭਾਰਤ ਤੋਂ ਬੁੱਧਵਾਦ ਪ੍ਰਾਪਤ ਕੀਤਾ ਸੀ ਅਤੇ ਇਹ ਕਈ ਦੂਰ-ਦੂਰ ਦੇਸ਼ਾਂ ਤੱਕ ਫੈਲਿਆ ਹੋਇਆ ਹੈ। ਕੀ ਉਹ ਦੇਸ਼ ਭਾਰਤ ਤੋਂ ਉਧਾਰ ਲੈ ਸਕਦੇ ਹਨ ? ਅੰਬੇਡਕਰ ਅਨੁਸਾਰ, ਸਾਰੇ ਦੇਸ਼ਾਂ ਨੂੰ ਬੁੱਧ ਧਰਮ ਆਪਨਾਉਣਾ ਚਾਹੀਦਾ ਹੈ ਪਰ ਕਿਸੇ ਵੀ ਦੇਸ਼ ਨੂੰ ਮਾਰਕਸ ਦਾ ਸਿਧਾਂਤ ਨਹੀਂ ਅਪਨਾਉਣਾ ਚਾਹੀਦਾ। ਇਹ ਅੰਬੇਡਕਰ ਦੀ ਸੱਭਿਆਚਾਰਕ ਸ਼ੁੱਧਤਾ ਦਾ ਪੱਧਰ ਹੈ। ਇਹ ਹੈ 'ਅਧਿਆਤਮਕ ਰੂਪ ਵਿੱਚ ਵਿਕਸਿਤ' ਹੋਣਾ।

ਜੇ ਉਹਨਾਂ ਦਾ ਇਹ ਪੱਕਾ ਭਰੋਸਾ ਹੈ ਕਿ ਬੁੱਧਵਾਦ ਅਜ਼ਾਦੀ ਅਤੇ ਬਰਾਬਰੀ ਪ੍ਰਦਾਨ ਕਰਦਾ ਹੈ, ਤਾਂ ਅੰਬੇਡਕਰ ਨੇ ਦਲਿਤਾਂ ਨੂੰ ਰਿਜ਼ਰਵੇਸ਼ਨ ਜਿਹੇ ਸਾਰੇ ਸਾਧਨਾਂ ਨੂੰ ਤਿਆਗਣ ਅਤੇ ਸਿਰਫ਼ ਅਸ਼ਟਾਂਗ ਮਾਰਗ 'ਤੇ ਚੱਲਣ ਦੀ ਸਲਾਹ ਕਿਉਂ ਨਾ ਦਿੱਤੀ ? ਕੀ ਇਹ ਪ੍ਰਸ਼ਨ ਕਿਸੇ ਉੱਤਰ ਦੀ ਮੰਗ ਨਹੀਂ ਕਰਦਾ ?

ਅੰਬੇਡਕਰ ਥਾਂ-ਥਾਂ ਇਹ ਵਰਨਣ ਕਰਦੇ ਹਨ ਕਿ ਅਮੀਰ ਅਤੇ ਗਰੀਬ ਦਾ ਜੀਵਨ ਇੱਕ ਦੂਸਰੇ ਦੇ ਕਿੰਨਾ ਉਲਟ ਹੈ: "ਅਸਲੀ ਰੂਪ ਵਿੱਚ ਗੱਲ ਕਰੀਏ ਤਾਂ ਇੱਕ ਜਮਾਤੀ ਬਣਤਰ ਵਿੱਚ ਇੱਕ ਪਾਸੇ ਜੁਲਮ-ਜਬਰ, ਘੁਮੰਡ, ਅੱਖੜਪਣ, ਲਾਲਚ, ਸਵਾਰਥ ਹੈ ਅਤੇ ਦੂਸਰੇ ਪਾਸੇ ਅਸੁਰੱਖਿਆ, ਗਰੀਬੀ, ਅਜ਼ਾਦੀ, ਆਤਮਨਿਰਭਰਤਾ, ਗੁਲਾਮੀ, ਮਾਣ ਅਤੇ ਆਤਮ-ਸਨਮਾਨ ਦਾ ਖੋਹੇ ਜਾਣਾ ਹੈ।" (ਪੰਨਾ 285)

ਪਰ ਉਹ ਦੋ ਇੰਨਾਂ ਪਰਸਪਰ ਵਿਰੋਧੀ ਜਮਾਤਾਂ ਨੂੰ ਇੱਕ ਹੀ ਪ੍ਰਵਚਨ ਦਿੰਦੇ ਹਨ। ਅਸ਼ਟਾਂਗ ਮਾਰਗ। ਉਨ੍ਹਾਂ ਦੇ ਮੱਥੇ ਵਿੱਚ ਇਹ ਸਵਾਲ ਹੀ ਨਹੀਂ ਉੱਭਰਦਾ ਕਿ 'ਅਮੀਰ ਜਮਾਤ ਉਸੇ ਰਾਹ 'ਤੇ ਕਿਉਂ ਚੱਲੇਗੀ ਜਿਸ 'ਤੇ ਗਰੀਬ ਜਮਾਤ ਚੱਲਦੀ ਹੈ।'

"ਜਾਤੀ ਵਿਵਸਥਾ ਜੋ ਕਿ ਕਿਵੇਂ ਵੀ ਕੁਦਰਤੀ ਨਹੀਂ, ਹਾਕਮ ਜਮਾਤਾਂ ਦੁਆਰਾ

ਦਾਸਾਂ ਉੱਪਰ ਅਸਲ ਵਿੱਚ ਥੋਪੀ ਹੋਈ ਹੈ।" (ਭਾਗ 9, ਪੰਨਾ 289)

ਹਾਕਮ ਜਮਾਤ ਅਤੇ ਦਾਸ ਦੋਵੇਂ ਮੌਜੂਦ ਹਨ। ਪਰ ਦੋਨਾਂ ਜਮਾਤਾਂ ਲਈ ਮਾਰਗ ਇੱਕ ਹੀ ਹੈ। ਅਸ਼ਟਾਂਗ ਮਾਰਗ। ਇਹ ਉਹ ਜਮਾਤੀ ਘੋਲ ਨਹੀਂ ਹੈ ਜਿਸ ਨੂੰ ਹਾਕਮ ਜਮਾਤ ਦਾ ਤਖਤਾ ਪਲਟਣ ਲਈ ਦਾਸਾਂ ਨੂੰ ਛੇੜਨਾ ਪਵੇਗਾ। ਇਸ ਤਰ੍ਹਾਂ ਅੰਬੇਡਕਰ ਨਹੀਂ ਚਾਹੁੰਦੇ।

ਕੀ ਬੁੱਧ ਅਤੇ ਮਾਰਕਸ ਦੀ ਤੁਲਨਾ ਕਰਨ ਲਈ ਸਾਨੂੰ ਸੈਂਕੜੇ ਪੰਨਿਆਂ ਦੀ ਪਰਖ ਕਰਨ ਦੀ ਲੋੜ ਹੈ ? ਕੋਈ ਵੀ ਇੱਕ ਪੰਨਾ ਬਹੁਤ ਹੈ। ਬੁੱਧ ਜਾਇਦਾਦ ਵਾਲ਼ਿਆਂ ਦੇ ਅਨੁਕੂਲ ਸਨ। ਮਾਰਕਸ ਉਸਦੇ ਪੂਰਨ ਤੌਰ 'ਤੇ ਵਿਰੁੱਧ ਹਨ। ਬੁੱਧ ਦੇ ਅਨੁਸਾਰ ਇਹ ਅਜਿਹੇ ਅੰਤਰ ਵਿਰੋਧ ਹਨ ਜੋ ਕਿਰਤ ਦੀ ਲੁੱਟ ਤੋਂ ਪੈਦਾ ਹੁੰਦੇ ਹਨ। ਬੁੱਧ ਦੀਆਂ ਸਾਰੀਆਂ ਗੱਲਾਂ ਦਾ ਸਾਰ ਇਸ ਵਿਵਸਥਾ ਨੂੰ ਬਣਾਈ ਰੱਖਣਾ ਹੈ। ਮਾਰਕਸ ਜੋ ਕੁੱਝ ਕਹਿੰਦੇ ਹਨ, ਉਸ ਦਾ ਉਦੇਸ਼ ਹੈ 'ਇਨਕਲਾਬ'। ਸੰਪੂਰਨ ਤਬਦੀਲੀ। ਦੋਨਾਂ ਵਿੱਚ ਤੁਲਨਾ ਹੀ ਕਿੱਥੇ ਹੈ ? ਕੀ ਇਹ ਬਹੁਤ ਹੈਰਾਨੀਜਨਕ ਗੱਲ ਨਹੀਂ ਹੈ ਕਿ ਕੋਈ ਦਲਿਤ- ਜੋ ਕਿ ਦਲਿਤਾਂ ਦੇ ਉਭਾਰ ਨੂੰ ਹੀ ਆਪਣਾ ਉਦੇਸ਼ ਮੰਨਣ ਦਾ ਦਾਅਵਾ ਕਰਦਾ ਹੈ- ਉਸ ਸਿਧਾਂਤ ਪ੍ਰਤੀ ਅਜਿਹੀ ਨਿਰਾਰਥਕ ਨਫ਼ਰਤ ਦਾ ਪ੍ਰਗਟਾਵਾ ਕਰਦਾ ਹੈ ਜੋ ਕਿਰਤੀਆਂ ਦੀ ਮੁਕਤੀ ਦਾ ਵਾਹਕ ਹੈ।

ਇਸ ਆਗੂ ਨੇ ਤੱਦ ਦਲਿਤਾਂ ਦਾ ਕੀ ਭਲਾ ਕਰ ਦਿੱਤਾ ਜਦੋਂ ਉਸ ਨੇ ਮਾਰਕਸਵਾਦ ਦੀ ਦਿਸ਼ਾ ਵਿੱਚ ਬਿਨਾਂ ਕੋਈ ਸਕਾਰਾਤਮਕ ਰੁੱਖ ਅਪਣਾਏ, ਅਸ਼ਟਾਂਗ ਮਾਰਗ, ਮੁੰਡਣ ਅਤੇ ਦਾਨ ਦੇ ਨਾਂਅ 'ਤੇ ਭੀਖ ਮੰਗਣ ਵਾਲ਼ੀ ਸ਼ਰਮਨਾਕ ਅਤੇ ਭੱਦੀ ਜ਼ਿੰਦਗੀ ਅਪਨਾਉਣ ਦੀ ਸਿਫਾਰਿਸ਼ ਕੀਤੀ। ਉਸ ਨੇ ਉਹਨਾਂ ਲੋਕਾਂ ਨੂੰ ਗਲ਼ਤ ਰਾਹ ਤੋਂ ਇਲਾਵਾ ਕਿਹੜਾ ਰਾਹ ਦਿਖਾ ਦਿੱਤਾ ਜੋ ਇਹ ਭਰੋਸਾ ਰੱਖਦੇ ਸਨ ਕਿ ਉਹ (ਅੰਬੇਡਕਰ) ਉਹਨਾਂ ਨੂੰ ਮੁਕਤੀ ਦਾ ਰਾਹ ਵਿਖਾਉਣਗੇ ?

"ਭਾਰਤ ਵਿੱਚ ਸਮਾਜਿਕ ਸੁਧਾਰ ਦੇ ਹਮਾਇਤੀ ਘੱਟ ਹਨ ਅਤੇ ਆਲੋਚਕ ਜ਼ਿਆਦਾ। ਆਲੋਚਕ ਦੋ ਅੱਡ-ਅੱਡ ਜਮਾਤਾਂ ਵਿੱਚ ਹਨ। ਇੱਕ ਜਮਾਤ ਸਿਆਸੀ ਸੁਧਾਰਕਾਂ ਦੀ ਹੈ ਅਤੇ ਦੂਸਰੀ ਸਾਮਵਾਦੀਆਂ ਦੀ।" (ਭਾਗ 1, ਪੰਨਾ 38)

ਸਮਾਜਿਕ ਸੁਧਾਰ ਕਿਸੇ ਵੀ ਸਮੱਸਿਆ ਨਾਲ਼ ਸਬੰਧ ਰੱਖ ਸਕਦੇ ਹਨ। ਪਰ ਅੰਬੇਡਕਰ ਇੱਥੇ ਸਿਰਫ਼ ਜਾਤੀਆਂ ਦੇ ਖਾਤਮੇ ਬਾਰੇ ਹੀ ਗੱਲ ਕਰ ਰਹੇ ਹਨ। ਸਮਾਜਵਾਦੀ ਪੂਰਨ ਤੌਰ 'ਤੇ ਇਸ ਦੇ ਪੱਖ ਵਿੱਚ ਹਨ, ਨਾ ਕਿ ਵਿਰੋਧ ਵਿੱਚ ਫਿਰ ਅੰਬੇਡਕਰ ਇਹ ਕਿਉਂ ਕਹਿੰਦੇ ਹਨ ਕਿ ਸਮਾਜਵਾਦੀ ਸਮਾਜ ਸੁਧਾਰ ਦੇ ਵਿਰੁੱਧ ਹਨ ? ਕਿਉਂਕਿ ਸਮਾਜਵਾਦੀ ਇਹ ਤਰਕ ਪੇਸ਼ ਕਰਦੇ ਹਨ ਕਿ ਜਾਤੀਆਂ ਦਾ ਪੂਰਨ ਖਾਤਮਾ ਉਦੋਂ ਤੱਕ ਸੰਭਵ ਨਹੀਂ ਜਦ ਤੱਕ ਬੁਨਿਆਦ ਭਾਵ ਅਧਾਰ ਨਹੀਂ ਬਦਲਦਾ।

ਅੰਬੇਡਕਰ ਸਮਾਜਵਾਦੀਆਂ ਦੀ 'ਸਮਾਜ' ਦੀ ਧਾਰਨਾ ਨੂੰ ਪਸੰਦ ਨਹੀਂ ਕਰਦੇ। ਸਮਾਜਵਾਦੀ ਕਹਿੰਦੇ ਹਨ ਕਿ 'ਕਿਰਤ ਸਬੰਧ' ਸਮਾਜ ਦੀ ਬੁਨਿਆਦ ਹਨ। ਉਹ ਤਰਕ ਪੇਸ਼ ਕਰਦੇ ਹਨ ਕਿ ਇਹ ਬੁਨਿਆਦ ਲੁੱਟ 'ਤੇ ਅਧਾਰਿਤ ਹੈ ਅਤੇ ਬਿਨਾਂ ਇਸ ਨੂੰ ਬਦਲੇ, ਉਹਨਾਂ ਸਮੱਸਿਆਵਾਂ ਦਾ ਸੰਪੂਰਨ ਹੱਲ ਕਰ ਸਕਣਾ ਸੰਭਵ ਨਹੀਂ ਜੋ ਇਸ ਤੋਂ ਪੈਦਾ ਹੁੰਦੀਆਂ ਹਨ। ਪਰ ਇਹ ਨਹੀਂ ਕਹਿੰਦੇ ਕਿ ਸਮਾਜਿਕ ਸੁਧਾਰ ਗੈਰ-ਜ਼ਰੂਰੀ ਹੈ ਅਤੇ ਇਹ ਨਹੀਂ ਹੋਣਾ ਚਾਹੀਦਾ ਜਿੱਥੇ ਵੀ ਸੰਭਵ ਹੋਵੇ ਅਤੇ ਜਿਸ ਹੱਦ ਤੱਕ ਵੀ ਸੰਭਵ ਹੋਵੇ, ਸੰਘਰਸ਼ਾਂ ਨੂੰ ਜਾਂ ਤਾਂ ਸੁਧਾਰਾਂ ਦੇ ਰੂਪ ਵਿੱਚ ਜਾਂ ਅਸਥਾਈ ਬਗਾਵਤਾਂ ਦੇ ਰੂਪ ਵਿੱਚ ਚੱਲਦੇ ਰਹਿਣਾ ਚਾਹੀਦਾ ਹੈ। ਪਰ ਇਹਨਾਂ ਸੰਘਰਸ਼ਾਂ ਨੂੰ ਉਹਨਾਂ ਸੰਘਰਸ਼ਾਂ ਨਾਲ਼ ਜੋੜਿਆ ਜਾਣਾ ਚਾਹੀਦਾ ਹੈ ਜੋ ਜਮਾਤਾਂ ਦੇ ਖਾਤਮੇ ਲਈ ਯਤਨਸ਼ੀਲ ਹਨ। ਮਜ਼ਦੂਰ ਜਮਾਤ ਨੂੰ ਲਗਾਤਾਰ

ਜਮਾਤੀ ਚੇਤਨਾ ਗ੍ਰਹਿਣ ਕਰਨੀ ਚਾਹੀਦੀ ਹੈ। ਇਹੀ ਸਮਾਜਵਾਦੀ ਕਹਿੰਦੇ ਹਨ।

ਅੰਬੇਡਕਰ ਇਹ ਸਭ ਕੁੱਝ ਨਹੀਂ ਚਾਹੁੰਦੇ। ਉਹਨਾਂ ਅਨੁਸਾਰ ਪਹਿਲਾਂ ਜਾਤੀ ਦਾ ਖਾਤਮਾ ਹੋਣਾ ਚਾਹੀਦਾ ਹੈ। ਭਾਵ ਚਾਰੇ ਪਾਸੇ ਅੰਤਰਜਾਤੀ ਵਿਆਹ ਵੱਡੇ ਪੱਧਰ ’ਤੇ ਹੋਣੇ ਚਾਹੀਦੇ ਹਨ। ਅਜਿਹਾ ਹੋਣ ਤੋਂ ਬਾਅਦ ਹੀ ਅਸੀਂ ਬਾਕੀ ਤਬਦੀਲੀਆਂ ਬਾਰੇ ਵਿਚਾਰ ਕਰਾਂਗੇ। ਪਰ ਸਮਾਜਵਾਦੀ ਅੰਤਰਜਾਤੀ ਵਿਆਹ ਦੇ ਕੰਮ ਨੂੰ ਕੇਂਦਰੀਕਾਰਜ ਦੇ ਰੂਪ ਵਿੱਚ ਨਹੀਂ ਲੈਂਦੇ। ਅੰਬੇਡਕਰ ਦੀ ਦ੍ਰਿਸ਼ਟੀ ਵਿੱਚ ਸਮਾਜਵਾਦੀ ਵੀ ਜਾਤੀ ਦੇ ਖਾਤਮੇ ਦੇ ਵਿਰੁੱਧ ਹਨ। ਸਮਾਜਵਾਦੀਆਂ ਵਿਰੁੱਧ ਇਹ ਸਾਰੀ ਆਲੋਚਨਾ ‘ਜਾਤੀ ਦਾ ਖਾਤਮਾ ਲੇਖ’ ਵਿੱਚ ਹੈ। (ਭਾਗ 1) ਅੰਬੇਡਕਰ ਨੇ ਸਮਾਜਵਾਦੀਆਂ ਦੁਆਰਾ ਕੀਤੀ ਗਈ ਅਲੋਚਨਾ ਦੇ ਕਿਸੇ ਵੀ ਇੱਕ ਨੁਕਤੇ ’ਤੇ ਰੌਸ਼ਨੀ ਨਹੀਂ ਪਾਈ।

‘ਜਾਤੀਆਂ’ ਦੇ ਸਵਾਲ ’ਤੇ ਵੀ ਅੰਬੇਡਕਰ ਦੇ ਵਿਚਾਰ ਠੀਕ ਉਸੇ ਤਰ੍ਹਾਂ ਆਪਾ ਵਿਰੋਧੀ ਹਨ ਜਿਵੇਂ ਕਿ ਹੋਰ ਸਵਾਲਾਂ ’ਤੇ। ਇਸ ਨੂੰ ਅਸੀਂ ਪਹਿਲਾਂ ਵੀ ਵੇਖ ਚੁੱਕੇ ਹਾਂ। ਕੁੱਝ ਸਥਾਨਾਂ ’ਤੇ ਉਹ ਕਹਿੰਦੇ ਹਨ ਕਿ ਅਛੂਤਾਂ ਦੀ ਸਮੱਸਿਆ ‘ਜ਼ਮੀਨੀ’ ਸਮੱਸਿਆ ਹੈ, ਕਿ ਇਹ ਅਸਵੱਛ ਕੰਮਾਂ ਤੱਕ ਸੀਮਤ ਰਹਿਣ ਦੀ ਸਮੱਸਿਆ ਹੈ। ਜਾਇਦਾਦ ਦਾ ਕਬਜ਼ਾ ਉੱਚ ਜਾਤੀਆਂ ਦੇ ਹੱਥਾਂ ਵਿੱਚ ਹਥਿਆਰ ਹੈ। ਇਸ ਤਰ੍ਹਾਂ ਜਾਇਦਾਦ ਅਤੇ ਜਾਤੀਆਂ ਵਿੱਚ ਕੋਈ ਸਬੰਧ ਜ਼ਰੂਰ ਹੈ। ਪਰ ਫਿਰ, ਦੂਜੀਆਂ ਥਾਵਾਂ ’ਤੇ ਉਹ ਇਸ ਤਰ੍ਹਾਂ ਗੱਲ ਕਰਦੇ ਹਨ ਜਿਵੇਂ ਜਾਇਦਾਦ ਅਤੇ ਜਾਤੀਆਂ ਵਿੱਚ ਕੋਈ ਸਬੰਧ ਹੀ ਨਹੀਂ ਹੁੰਦਾ। ਅੰਬੇਡਕਰ, ਜਿਸ ਨੂੰ ਜਾਇਦਾਦ ਦੇ ਸਵਾਲ ਬਾਰੇ ਕੋਈ ਸਪੱਸ਼ਟਤਾ ਨਹੀਂ, ਸਮਾਜਵਾਦੀਆਂ ਦੀ (ਜਿੰਨ੍ਹਾਂ ਨੂੰ ਵਿਸ਼ੇ ਦੀ ਸਪੱਸ਼ਟਤਾ ਹੈ) ਇਸ ਤਰ੍ਹਾਂ ਆਲੋਚਨਾ ਕਰਦੇ ਹਨ ਜਿਵੇਂ ਉਹ ਭਰਮਾਂ ਦੇ ਸ਼ਿਕਾਰ ਹੋਣ। ਉਦਾਹਰਣ ਦੇ ਤੌਰ ’ਤੇ ਉਹ ਕਹਿੰਦੇ ਹਨ,

“ਸਮਾਜਵਾਦੀਆਂ ਦਾ ਭਰਮ ਇਹ ਮੰਨਣ ਵਿੱਚ ਹੈ ਕਿ ਯੂਰਪੀ ਸਮਾਜ ਦੀ ਮੌਜੂਦਾ ਅਵਸਥਾ ਵਿੱਚ ਸੱਤ੍ਹਾ ਦੇ ਸਰੋਤ ਦੇ ਰੂਪ ਵਿੱਚ ਜਾਇਦਾਦ ਪ੍ਰਭਾਵੀ ਹੈ। ਇਸ ਲਈ ਇਹ ਭਾਰਤ ਬਾਰੇ ਵੀ ਸੱਚ ਹੈ...” (ਭਾਗ 1, ਪੰਨਾ 45)

ਇਸ ਦਾ ਅਰਥ ਇਹ ਹੈ ਕਿ ਅੰਬੇਡਕਰ ਲਈ, ਭਾਰਤ ਵਿੱਚ ਜਾਇਦਾਦ ਸੱਤ੍ਹਾ ਦਾ ਸਰੋਤ ਨਹੀਂ ਹੈ ਜਦ ਕਿ ਯੂਰਪ ਵਿੱਚ ਹੈ ਅਤੇ ਉਹ ਵੀ ਸਿਰਫ਼ ਮੌਜੂਦਾ ਯੂਰਪ ਵਿੱਚ। ਪਰ ਵਰਤਮਾਨ ਯੂਰਪ ਵਿੱਚ ਜੋ ਮੌਜੂਦ ਹੈ, ਉਹ ਵਿਕਸਿਤ ਸਰਮਾਏਦਾਰੀ ਹੈ। ਇਸ ਲਈ ‘ਸਰਮਾਇਆ’ ਸਪੱਸ਼ਟ ਰੂਪ ਵਿੱਚ ਜਾਇਦਾਦ ਦੇ ਰੂਪ ਵਿੱਚ ਹਾਜ਼ਰ ਹੁੰਦਾ ਹੈ। ਅੰਬੇਡਕਰ ਲਈ ਛੋਟਾ ਸਰਮਾਇਆ ਭਾਵ ਭੂਮੀ ਜਾਇਦਾਦ ਨਹੀਂ। ਇਹੀ ਕਾਰਨ ਹੈ ਕਿ ਉਹਨਾਂ ਨੇ ਸੋਚ ਲਿਆ ਕਿ ਜਾਇਦਾਦ ਸਿਰਫ਼ ਯੂਰਪ ਵਿੱਚ ਤਾਕਤ ਦਾ ਸਰੂਪ ਹੈ ਅਤੇ ਭਾਰਤ ਵਿੱਚ ਨਹੀਂ।

ਪਰ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ, ਕਿਸੇ ਵੀ ਸਮੇਂ, ਸੱਤ੍ਹਾ ਦਾ ਸਰੋਤ ਹੋਰ ਕੁੱਝ ਨਹੀਂ ਸਗੋਂ ਜਾਇਦਾਦ ਹੀ ਹੈ। ਸੱਤ੍ਹਾ ਜੇ ਲੁੱਟ ਲਈ (ਮਤਲਬ ਕਿ ਦੂਸਰਿਆਂ ਨੂੰ ਆਪਣੇ ਲਈ ਕਿਰਤ ਕਰਨ ਲਈ ਮਜਬੂਰ ਕਰਨ ਵਾਸਤੇ) ਨਾ ਹੋਵੇ ਤਾਂ ਉਹ ਅਰਥਹੀਣ ਹੈ। ਜੇ ਸਾਰੇ ਲੋਕ ਇਸ ਮਾਅਨੇ ਵਿੱਚ ਬਰਾਬਰ ਹੋਣ ਕਿ ਸਾਰੇ ਕਿਰਤ ਕਰਨ ਤਾਂ ਸੱਤ੍ਹਾ ਦੀ ਹੋਂਦ ਹੀ ਨਹੀਂ ਰਹੇਗੀ।

ਉਸੇ ਵਿਅਕਤੀ ਨੇ ਜਿਸਨੇ ਕਿਹਾ ਕਿ ਜਾਇਦਾਦ ਉੱਚ ਜਾਤੀਆਂ ਦਾ ਹਥਿਆਰ ਹੁੰਦਾ ਹੈ– ਇਹ ਕਹਿਣ ਵਿੱਚ ਨਹੀਂ ਕੀਤਾ ਕਿ ‘ਭਾਰਤ ਵਿੱਚ ਜਾਇਦਾਦ ਸੱਤ੍ਹਾ ਦਾ ਸਰੋਤ ਨਹੀਂ ਹੈ।’ ਇੱਕ ਵਾਰ ਫਿਰ ਉਹ ਆਪਣੇ ਵਿਚਾਰਾਂ ਵਿੱਚ ਇੱਕਸਾਰਤਾ ਬਣਾ ਕੇ ਨਹੀਂ ਰੱਖ ਸਕੇ।

ਇਹ ਦਲੀਲ ਦਿੰਦੇ ਹੋਏ ਕਿ ਸੱਤ੍ਹਾ ਦਾ ਇੱਕ ਸਰੋਤ ਨਹੀਂ ਸਗੋਂ ਤਿੰਨ ਸਰੋਤ ਹੁੰਦੇ ਹਨ, ਉਹ ਜਾਇਦਾਦ ਦਾ ਵਰਨਣ ਉਹਨਾਂ ਤਿੰਨਾਂ ਸਰੋਤਾਂ ਵਿੱਚੋਂ ਇੱਕ ਦੇ ਰੂਪ ਵਿੱਚ ਕਰਦੇ ਹਨ।

"ਧਰਮ, ਸਮਾਜਿਕ ਰੁਤਬਾ ਅਤੇ ਜਾਇਦਾਦ ਸਾਰੇ ਤਾਕਤ ਅਤੇ ਸੱਤ੍ਹਾ ਦੇ ਸਰੋਤ ਹਨ ਜਿੰਨਾਂ ਨੂੰ ਇੱਕ ਆਦਮੀ ਦੂਸਰੇ ਦੀ ਅਜ਼ਾਦੀ ਕਾਬੂ ਕਰਨ ਲਈ ਵਰਤਦਾ ਹੈ। ਇੱਕ ਅਵਸਥਾ ਵਿੱਚ ਇੱਕ ਪ੍ਰਭਾਵੀ ਹੁੰਦਾ ਹੈ ਅਤੇ ਦੂਸਰੀ ਅਵਸਥਾ ਵਿੱਚ ਦੂਸਰਾ ਪ੍ਰਭਾਵੀ ਹੁੰਦਾ ਹੈ। ਇਹੀ ਅੰਤਰ ਹੈ।" (ਭਾਗ 1 ਪੰਨਾ 45)

ਅੰਬੇਡਕਰ ਅਨੁਸਾਰ ਧਰਮ, ਸਮਾਜਿਕ ਰੁਤਬਾ, ਜਾਇਦਾਦ ਤਿੰਨੇ ਮੂਲ ਸੋਮੇ ਹੁੰਦੇ ਹਨ। ਜੇ ਅਸੀਂ ਇਸ ਸਮਝ ਨਾਲ਼ ਅੱਗੇ ਵਧੀਏ ਤਾਂ ਧਰਮ ਇੱਕ ਆਪਣੇ ਆਪ ਵਿੱਚ ਖ਼ੁਦਮੁਖਤਿਆਰ ਸਰੋਤ ਹੈ ਜੋ ਜਾਇਦਾਦ ਤੋਂ ਅਜ਼ਾਦ ਹੈ। ਇਸ ਲਈ ਇਸ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਅਸੀਂ ਧਰਮ ਦੀਆਂ ਸਮੱਸਿਆਵਾਂ ਨੂੰ ਉਸ ਦਸ਼ਾ ਵਿੱਚ ਵੀ ਹੱਲ ਕਰ ਸਕਦੇ ਹਾਂ ਜਦੋਂ ਕਿ ਜਾਇਦਾਦ ਦਾ ਸੰਦਰਭ ਹੀ ਨਾ ਲਿਆ ਜਾਵੇ। ਜਾਤੀ ਇੱਕ ਅਜਿਹੀ ਧਾਰਮਿਕ ਸਮੱਸਿਆ ਹੈ ਜੋ ਹਿੰਦੂਤਵ ਤੋਂ ਪੈਦਾ ਹੋਈ । ਇਸ ਦਾ ਮਤਲਬ ਇਹ ਹੈ ਕਿ ਜਾਤੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਸ ਨੂੰ ਜਾਇਦਾਦ ਦੇ ਸਵਾਲ ਨਾਲ਼ ਜੋੜਣ ਦੀ ਕੋਈ ਲੋੜ ਨਹੀਂ। ਅਰਥਾਤ ਅਸੀਂ ਜਾਇਦਾਦ ਦੇ ਸੰਦਰਭ ਤੋਂ ਬਿਨਾਂ ਹੀ ਜਾਤੀ ਦੀ ਸਮੱਸਿਆ ਨੂੰ ਹੱਲ ਕਰਨ ਦੇ ਸਮੱਰਥ ਹੋਵਾਂਗੇ। ਇਸ ਤਰ੍ਹਾਂ ਸਮਾਜਿਕ ਰੁਤਬੇ ਵਿੱਚ ਅਨੇਕ ਭਿੰਨਤਾਵਾਂ ਵੀ ਸੁਤੰਤਰ ਮਸਲਾ ਹੈ ਜੋ ਕਿ ਜਾਇਦਾਦ ਨਾਲ਼ ਅਸਬੰਧਿਤ ਹੈ। ਇਸ ਸਵਾਲ ਨੂੰ ਵੀ ਅਸੀਂ ਜਾਇਦਾਦ ਦੇ ਸੰਦਰਭ ਤੋਂ ਬਿਨਾਂ ਹੱਲ ਕਰ ਸਕਦੇ ਹਾਂ। ਇਹ ਅੰਬੇਡਕਰ ਦੀ ਦਲੀਲ ਹੈ।

ਪਰ ਇਹ ਸਭ ਗਲ਼ਤ ਹੈ। ਸਹੀ ਸਮਝਦਾਰੀ ਇਹ ਹੋਣੀ ਚਾਹੀਦੀ ਹੈ: ਜਾਇਦਾਦ, ਧਰਮ ਅਤੇ ਸਮਾਜਿਕ ਰੁਤਬਾ ਇਹ ਤਿੰਨੇ ਮੁੱਦੇ ਸਮਾਨ ਰੂਪ ਵਿੱਚ ਸੁਤੰਤਰ ਨਹੀਂ। ਤਿੰਨਾਂ ਵਿੱਚੋਂ ਇਕੱਲਾ ਜਾਇਦਾਦ ਹੀ ਬੁਨਿਆਦੀ ਮੁੱਦਾ ਹੈ। ਬਾਕੀ ਦੋਵੇਂ ਮੁੱਦੇ, ਜਾਇਦਾਦ ਸੰਬਧਾਂ ਤੋਂ ਪੈਦਾ ਹੁੰਦੇ ਹਨ। ਹੋਰ ਦੋ ਮੁੱਦਿਆਂ ਨਾਲ਼ ਸਬੰਧਿਤ ਸਮੱਸਿਆਵਾਂ ਨੂੰ ਹੱਲ ਕਰਨ ਲਈ, ਸਾਨੂੰ ਜਾਇਦਾਦ ਦੀ ਸਮੱਸਿਆ ਨੂੰ ਪਹਿਲਾਂ ਹੱਲ ਕਰਨਾ ਪਵੇਗਾ।

ਬਾਰ-ਬਾਰ ਇਹ ਕਹਿਣਾ ਗੈਰ-ਜ਼ਰੂਰੀ ਹੈ ਕਿ ਜਦੋਂ ਵੀ ਅਸੀਂ ਜਾਇਦਾਦ ਦੀ ਗੱਲ ਕਰਦੇ ਹਾਂ, ਸਾਡਾ ਉਦੇਸ਼ 'ਲੋਟੂ ਦੀ ਜਾਇਦਾਦ' ਜਾਂ 'ਲੁੱਟ 'ਤੇ ਅਧਾਰਿਤ ਜਾਇਦਾਦ' ਤੋਂ ਹੁੰਦਾ ਹੈ।

ਜਾਇਦਾਦ ਅਤੇ ਸਮਾਜਿਕ ਰੁਤਬੇ ਦੇ ਰਿਸ਼ਤੇ ਦਾ ਵਿਸ਼ਲੇਸ਼ਣ ਕਰਨ ਲਈ ਸਮਾਜ ਦੇ ਇਤਿਹਾਸਕ੍ਰਮ ਵਿੱਚ ਸਭ ਤੋਂ ਸ਼ੁਰੂਆਤੀ ਜਮਾਤਾਂ ਭਾਵ ਦਾਸਾਂ ਅਤੇ ਦਾਸ ਸੁਆਮੀਆਂ ਦੀਆਂ ਜਮਾਤਾਂ 'ਤੇ ਗੌਰ ਕਰੀਏ। ਮਾਲਕ ਦਾ ਸਮਾਜਿਕ ਰੁਤਬਾ ਉੱਚਾ ਹੈ ਅਤੇ ਦਾਸ ਦਾ ਨੀਵਾਂ। ਜੇ ਕੋਈ ਵਿਅਕਤੀ ਮਾਲਕ ਹੈ ਤਾਂ ਦੂਸਰਾ ਦਾਸ ਹੋਵੇਗਾ। ਇਸ ਦਾ ਕਾਰਨ ਕੀ ਹੈ ? ਮਾਲਕ ਦੁਆਰਾ ਜਾਇਦਾਦ 'ਤੇ ਕਬਜ਼ਾ ਅਤੇ ਦਾਸ ਦੀ ਜਾਇਦਾਦ ਤੋਂ ਬੇਦਖਲੀ। ਜੇ ਅਸੀਂ ਜਾਇਦਾਦ ਨੂੰ ਹਟਾ ਕੇ ਅੱਡ-ਅੱਡ ਰੱਖ ਦੇਈਏ ਤਾਂ ਨਾ ਤਾਂ ਕੋਈ ਇੱਕ ਮਾਲਕ ਹੋਵੇਗਾ ਅਤੇ ਨਾ ਹੀ ਦੂਸਰਾ ਦਾਸ। ਭਾਵ ਇਹ ਹੈ ਕਿ ਸਮਾਜਿਕ ਰੁਤਬਾ ਅਜਿਹਾ ਕੁੱਝ ਨਹੀਂ ਹੈ ਜੋ ਜਾਇਦਾਦ ਨਾਲ਼ ਅਸਬੰਧਿਤ ਹੋਵੇ।

ਇਸ ਤਰ੍ਹਾਂ ਕੋਈ ਵੀ ਉਦਾਹਰਣ ਲੈ ਲਵੋ ਜਿਸ ਵਿੱਚ ਰੁਤਬੇ ਦੀਆਂ ਭਿੰਨਤਾਵਾਂ ਮੌਜੂਦ ਹੋਣ, ਅਸੀਂ ਵੇਖ ਸਕਦੇ ਹਾਂ ਕਿ ਅਜਿਹੇ ਫਰਕ ਸਿਰਫ ਜਾਇਦਾਦ ਦੇ ਕਾਰਨ ਹੀ ਪੈਦਾ ਹੁੰਦੇ ਹਨ।

ਜਾਇਦਾਦ ਅਤੇ ਸਮਾਜਿਕ ਰੁਤਬੇ ਵਿੱਚ ਸਬੰਧ ਕਦੇ-ਕਦੇ ਤਾਂ ਪ੍ਰਤੱਖ ਤੌਰ ’ਤੇ ਵਿਖਾਈ ਦਿੰਦਾ ਹੈ ਅਤੇ ਕਈ ਹੋਰ ਮੌਕਿਆਂ ’ਤੇ ਕੁੱਝ ਫਰਕ ਨਾਲ਼ ਦਿਖਾਈ ਦਿੰਦਾ ਹੈ। ਕੁੱਝ ਵਿਅਕਤੀਆਂ ਕੋਲ ਭਾਵੇਂ ਜਾਇਦਾਦ ਨਹੀਂ ਹੁੰਦੀ ਪਰ ਉਹ ਉੱਚੀ ਸਿੱਖਿਆ ਅਤੇ ਉੱਚੀ ਕੋਟੀ ਦੀ ਕਲਾ ਕਾਰਨ, ਸਮਾਜਿਕ ਰੁਤਬੇ ਪ੍ਰਾਪਤ ਕਰ ਸਕਦੇ ਹਨ। ਇਸ ਤੱਥ ਨੂੰ ਵੇਖਦੇ ਹੋਏ ਸਾਨੂੰ ਇਹ ਨਹੀਂ ਸੋਚ ਲੈਣਾ ਚਾਹੀਦਾ ਕਿ ਜਾਇਦਾਦ ਅਤੇ ਸਮਾਜਿਕ ਰੁਤਬੇ ਵਿੱਚ ਕੋਈ ਸਬੰਧ ਨਹੀਂ ਹੁੰਦਾ। ਉੱਚ ਸਿੱਖਿਆ ਅਤੇ ਕਲਾ ਵੀ ਜਾਇਦਾਦ ਦੇ ਵੱਖੋ-ਵੱਖ ਰੂਪ ਹਨ। ਉਹ ਸਿਰਫ਼ ਜਾਇਦਾਦ ਦੇ ਸਾਧਨਾਂ ਦੁਆਰਾ ਹੀ ਪ੍ਰਾਪਤ ਕੀਤੇ ਜਾਂਦੇ ਹਨ। ਉਹ ਬਦਲੇ ਵਿੱਚ ਜਾਇਦਾਦ ਇਕੱਠੀ ਕਰਨ ਦੀ ਤਾਕਤ ਪ੍ਰਦਾਨ ਕਰਦੇ ਹਨ। ਜਾਇਦਾਦ ਨਾਲ਼ ਕਿਸੇ ਸਬੰਧ ਤੋਂ ਬਿਨਾਂ, ਉਹਨਾਂ ਨੂੰ ਪ੍ਰਾਪਤ ਕਰਨ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ।

ਅੰਬੇਡਕਰ ਲਈ ਕਿਵੇਂ ਸੰਭਵ ਹੋਇਆ – ਜਿਸ ਕੋਲ, ਵਿਦੇਸ਼ ਵਿੱਚ ਪੜ੍ਹਣ ਲਈ ਅਤੇ ਸਮਾਜਿਕ ਰੁਤਬਾ ਵਧਾਉਣ ਲਈ ਜਾਇਦਾਦ ਨਹੀਂ ਸੀ? ਇਹ ਇਸ ਲਈ ਸੰਭਵ ਹੋਇਆ ਕਿਉਂਕਿ ਜ਼ਿਮੀਂਦਾਰਾਂ ਨੇ (ਸਾਮੰਤਾਂ-ਭੂ ਸੁਆਮੀਆਂ ਨੇ) ਉਹਨਾਂ ਨੂੰ ਧਨ ਦਿੱਤਾ। ਉਹਨਾਂ ਨੂੰ ਇਹ ਧਨ ਮਿਲ਼ਿਆ ਕਿਵੇਂ? ਕੀ ਉਹਨਾਂ ਨੇ ਅੰਬੇਡਕਰ ਨੂੰ ਉਹ ਧਨ ਦਿੱਤਾ ਜੋ ਉਹਨਾਂ ਨੇ ਸਖਤ ਮਿਹਨਤ ਅਤੇ ਆਪਣੇ ਖ਼ੂਨ ਪਸੀਨੇ ਨਾਲ਼ ਕਮਾਇਆ ਸੀ। ਉਹ ਸਦੀਆਂ ਤੋਂ ਸੈਂਕੜੇ ਹਜ਼ਾਰਾਂ ਏਕੜ ਜ਼ਮੀਨ ’ਤੇ ਆਪਣੀਆਂ ਜਾਇਦਾਦਾਂ ਦੇ ਰੂਪ ਵਿੱਚ ਕਬਜ਼ਾ ਜਮਾਉਂਦੇ ਚਲੇ ਆ ਰਹੇ ਹਨ। ਉਹ ਆਪਣੀਆਂ ਜ਼ਮੀਨਾਂ ਨੂੰ ਬਟਾਈ ’ਤੇ ਦਿੰਦੇ ਹਨ, ਉਸ ਪੈਸੇ ਨਾਲ਼ ਵਿਲਾਸਤਾ ਪੂਰਨ ਜ਼ਿੰਦਗੀ ਜਿਉਂਦੇ ਹਨ ਜੋ ਲਗਾਨ ਦੇ ਨਾਂਅ ’ਤੇ ਉਹ ਕਿਸਾਨਾਂ ਤੋਂ ਨਿਚੋੜਦੇ ਹਨ। ਮੁੱਠੀ ਭਰ ਪੈਸਾ ਦਾਨ ਦੇ ਦਿੱਤਾ, ਕਲਾਕਾਰਾਂ ਨੂੰ ਇਨਾਮ ਦੇ ਦਿੱਤਾ ਅਤੇ ਮਹਾਂਦਾਨੀ ਵਿਅਕਤੀਆਂ ਦੇ ਰੂਪ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਲਈ। ਉਹ ਅਜਿਹਾ ਹੀ ਧਨ ਸੀ ਜੋ ਅੰਬੇਡਕਰ ਨੂੰ ਪ੍ਰਾਪਤ ਹੋਇਆ। ਜੇ ਅਜਿਹੀ ਜਾਇਦਾਦ ਨਾ ਰਹੀ ਹੁੰਦੀ ਤਾਂ ਅੰਬੇਡਕਰ ਨੇ ਵਿਦੇਸ਼ ਵਿੱਚ ਸਿੱਖਿਆ ਪ੍ਰਾਪਤ ਨਾ ਕੀਤੀ ਹੁੰਦੀ ਅਤੇ ਨਾ ਹੀ ਉਹਨਾਂ ਨੂੰ ਸਮਾਜਿਕ ਰੁਤਬਾ ਮਿਲ਼ਦਾ। ਇਸ ਦਾ ਅਰਥ ਹੈ ਕਿ ਸਮਾਜਿਕ ਰੁਤਬੇ ਦਾ ਕੋਈ ਵੀ ਰੂਪ ਹੋਵੇ, ਉਹ ਅਜਿਹਾ ਕੁੱਝ ਨਹੀਂ ਜੋ ਜਾਇਦਾਦ ਦੇ ਨਾਲ਼ ਬਿਨਾਂ ਕਿਸੇ ਸਬੰਧ ਤੋਂ ਪੈਦਾ ਹੁੰਦਾ ਹੋਵੇ।

ਇਹੀ ਗੱਲ ‘ਧਰਮ’ ਸਬੰਧੀ ਹੈ। ਆਦਿ ਕਾਲ ਤੋਂ ਜਦੋਂ ਲੋਟੂ ਜਾਇਦਾਦ ਦਾ ਪ੍ਰਚਲਣ ਅਜੇ ਪੈਦਾ ਨਹੀਂ ਹੋਇਆ ਸੀ। ਪ੍ਰਕਿਰਤੀ ਦੀ ਜੋ ਧਾਰਨਾ ਮਨੁੱਖ ਨੇ ਤੈਅ ਕੀਤੀ ਸੀ, ਉਸ ਵਿੱਚ ਸਿਰਫ਼ ਅਗਿਆਨ ਅਤੇ ਡਰ ਸੀ। ਇਹ ਫਿਰ ਵੀ ‘ਧਰਮ’ ਨਹੀਂ ਸੀ। ਧਰਮ ਦਾ ਆਰੰਭ ਲੁੱਟ ਦੇ ਸ਼ੁਰੂ ਹੋਣ ਤੋਂ ਬਾਅਦ ਹੋਇਆ ਜੋ ਅਗਿਆਨ ਅਤੇ ਉਹਨਾਂ ਉਪਦੇਸ਼ਾਂ ਦਾ ਮਿਸ਼ਰਣ ਹੀ ਸੀ ਜੋ ਦਾਸਾਂ ਨੂੰ ਗੁਲਾਮ ਬਣਾਉਂਦੇ ਹਨ।

ਇੱਕ ਧਰਮ ਉਪਦੇਸ਼ਕ ਜਾਂ ਸੰਨਿਆਸੀ ਜਾਇਦਾਦਹੀਣ ਵਿਅਕਤੀ ਹੋ ਸਕਦਾ ਹੈ। ਪਰ ਜੇ ਉਹ ਵਿਅਕਤੀ ਦਾਸਾਂ ਨੂੰ ਇਸ ਤਰ੍ਹਾਂ ਦੇ ਉਪਦੇਸ਼ ਦਿੰਦਾ ਹੈ ‘ਜੋ ਮਾਲਕ ਦੀ ਸ਼ਰਧਾਪੂਰਵਕ ਸੇਵਾ ਕਰੇਗਾ, ਉਹ ਸਵਰਗ ਵਿੱਚ ਜਾਵੇਗਾ’ ਅਜਿਹੇ ਵਿਅਕਤੀ ’ਤੇ ਦੇਵਤੇ ਫੁੱਲਾਂ ਦੀ ਵਰਖਾ ਕਰਨਗੇ, ਤਾਂ ਇਹ ਉਪਦੇਸ਼ ਲੋਟੂ ਜਾਇਦਾਦ ਦੇ ਅਨੁਕੂਲ ਹੁੰਦਾ ਹੈ ਅਤੇ ਇਹ ਉਪਦੇਸ਼ ਆਪਣੇ ਆਪ ਵਿੱਚ ਧਰਮ ਹੈ। ਇਸ ਦਾ ਕਾਰਜ ਦਾਸਾਂ ਦਾ ਸਵਰਗ ਅਤੇ ਦੇਵਤਿਆਂ ਵਿੱਚ ਭਰੋਸੇ ਨੂੰ ਪੱਕਾ ਕਰਨਾ ਹੈ। ਅੱਜ ਵੀ ਧਰਮ, ਕਿਰਤੀਆਂ ਨੂੰ, ਅੰਧਵਿਸ਼ਵਾਸੀ ਧਾਰਨਾਵਾਂ ਵਿੱਚ ਉਲਝਾਈ ਰੱਖਣ ਦਾ ਕਾਰਜ ਕਰਦਾ ਹੈ। ਜਦੋਂ ਲੋਕ ਕਿਸੇ ਜਾਇਦਾਦਹੀਣ ਸੰਨਿਆਸੀ ਦੇ ਪ੍ਰਵਚਨਾਂ ’ਤੇ ਭਰੋਸਾ ਕਰਦੇ ਹਨ ਤਾਂ ਸਾਨੂੰ ਇਸ ਸਿੱਟੇ ’ਤੇ ਨਹੀਂ ਪਹੁੰਚ ਜਾਣਾ ਚਾਹੀਦਾ ਕਿ ਜਾਇਦਾਦ ਅਤੇ ਧਰਮ ਵਿੱਚ ਕੋਈ ਸਬੰਧ

ਨਹੀਂ। ਉਹ ਕਾਰਜ ਜੋ ਸੰਨਿਆਸੀ ਦੇ ਮਾਧਿਅਮ ਰਾਹੀਂ ਧਰਮ ਦੁਆਰਾ ਨਿਭਾਇਆ ਜਾਂਦਾ ਹੈ, ਜਾਇਦਾਦ ਦੀ ਸੁਰੱਖਿਆ ਹੈ। ਇਸ ਦਾ ਅਰਥ ਇਹ ਹੈ ਕਿ ਧਰਮ ਦਾ ਜਨਮ ਜਾਇਦਾਦ ਦੀ ਸਮੱਸਿਆ ਦੇ ਕਾਰਨ ਹੋਇਆ ਹੈ ਅਤੇ ਇਹ ਕੋਈ ਸੁਤੰਤਰ ਸਰੋਤ ਨਹੀਂ ਹੈ। ਜੇ ਲੁੱਟ ਦੀ ਕੋਈ ਹੋਂਦ ਹੀ ਨਾ ਹੋਵੇ ਤਾਂ ਧਰਮ ਦੀ ਲੋੜ ਨਹੀਂ ਰਹੇਗੀ। ਸਮਾਜਿਕ ਰੁਤਬਿਆਂ ਵਿੱਚ ਵਖਰੇਵਿਆਂ ਦੀ ਵੀ ਕੋਈ ਹੋਂਦ ਨਹੀਂ ਰਹੇਗੀ।

ਜੇ ਅਸੀਂ ਸਮਾਜ ਵਿੱਚ ਫੈਲੀਆਂ ਸਮੱਸਿਆਵਾਂ ਨੂੰ, ਸਥਾਈ ਰੂਪ ਵਿੱਚ ਪਰ ਅਸਥਾਈ ਰੂਪ ਵਿੱਚ ਨਹੀਂ ਅਤੇ ਮੂਲ ਰੂਪ ਵਿੱਚ ਪਰ ਸਤਹੀ ਰੂਪ ਵਿੱਚ ਨਹੀਂ, ਹੱਲ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਜਾਇਦਾਦ ਸਬੰਧਾਂ ਦੇ ਅਧਾਰ 'ਤੇ ਸਵਾਲ ਉਠਾਉਣਾ ਪਵੇਗਾ। ਅਜਿਹੇ ਲੋਕ ਸਿਰਫ਼ ਸਤੱਹੀ ਤੌਰ 'ਤੇ ਹੀ ਹੱਲ ਲੱਭਦੇ ਰਹਿ ਜਾਣਗੇ ਜੋ ਇਸ ਸਮਝ ਨਾਲ਼ ਸਹਿਮਤ ਨਹੀਂ ਹਨ। ਅਤੇ ਇਹੀ ਅੰਬੇਡਕਰ ਨੇ ਕੀਤਾ। ਅਜਿਹੇ ਲੋਕਾਂ ਬਾਰੇ ਉਸਦੀ ਆਲੋਚਨਾਂ ਹੇਠਾਂ ਪੇਸ਼ ਹੈ ਜੋ ਆਰਥਿਕ ਮਾਮਲਿਆਂ 'ਤੇ ਜ਼ੋਰ ਦਿੰਦੇ ਹਨः-

"ਜੇ ਅਜ਼ਾਦੀ ਲਾਜ਼ਮੀ ਹੈ... ਇਸ ਗੱਲ 'ਤੇ ਜ਼ੋਰ ਨਹੀਂ ਦਿੱਤਾ ਜਾ ਸਕਦਾ ਕਿ ਆਰਥਿਕ ਸੁਧਾਰ ਹੀ ਇੱਕੋ-ਇੱਕ ਉਪਯੋਗੀ ਕਾਰਵਾਈ ਹੈ।... ਸਮਾਜਿਕ ਸੁਧਾਰ ਅਤੇ ਧਾਰਮਿਕ ਸੁਧਾਰ ਨੂੰ ਜ਼ਰੂਰੀ ਕਿਸਮ ਦੇ ਸੁਧਾਰਾਂ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।" (ਭਾਗ 1, ਪੰਨਾ 45)

"ਭਾਰਤ ਦੇ ਸਮਾਜਵਾਦੀਆਂ ਦੁਆਰਾ ਅਪਣਾਈ ਗਈ ਇਤਿਹਾਸ ਦੀ ਆਰਥਿਕ ਵਿਆਖਿਆ ਦੇ ਸਿਧਾਂਤ 'ਤੇ ਇਸ ਤਰ੍ਹਾਂ ਹਮਲਾ ਕੀਤਾ ਜਾ ਸਕਦਾ ਹੈ।" (ਭਾਗ 1 ਪੰਨਾ 46)

ਇਸ ਦਾ ਅਰਥ ਇਹ ਹੈ ਕਿ ਸਮਾਜਵਾਦੀ ਗਲ਼ਤ ਹਨ। ਕੋਈ ਵੀ ਉਹਨਾਂ ਦੇ ਤਰਕ ਨੂੰ ਨਿਰਉੱਤਰ ਕਰ ਸਕਦਾ ਹੈ ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਅੰਬੇਡਕਰ ਆਰਥਿਕ ਮਾਮਲਿਆਂ ਨੂੰ ਸਭ ਤੋਂ ਘੱਟ ਮਹੱਤਵਪੂਰਨ ਮੁੱਦਾ ਮੰਨਦੇ ਹਨ ਪਰ ਉਹ ਸਾਰੀਆਂ ਮੰਗਾਂ ਜੋ ਉਹਨਾਂ ਨੇ ਅਛੂਤਾਂ ਲਈ ਉਠਾਈਆਂ, ਸਿਰਫ਼ ਆਰਥਿਕ ਮੰਗਾਂ ਹਨ। ਅਛੂਤਾਂ ਲਈ ਪਾਣੀ ਦੀ ਮੰਗ ਇੱਕ ਆਰਥਿਕ ਮੰਗ ਹੈ। ਸਿੱਖਿਆ ਦੀ ਮੰਗ ਆਰਥਿਕ ਮੰਗ ਹੈ, ਸਿਹਤ ਸੇਵਾਵਾਂ ਦੀ ਮੰਗ ਇੱਕ ਆਰਥਿਕ ਮੰਗ। ਅੱਡ ਪਿੰਡਾਂ ਦੀ ਮੰਗ ਆਰਥਿਕ ਮੰਗ ਹੈ। ਹਰ ਉਹ ਤਬਦੀਲੀ ਜੋ ਅਛੂਤਾਂ ਦੇ ਦੁੱਖਾਂ ਨੂੰ ਦੂਰ ਕਰਦੀ ਹੈ ਆਰਥਿਕ ਹੈ। ਜੇ ਅਸੀਂ ਇਹਨਾਂ ਮੰਗਾਂ ਨੂੰ ਅਧਿਕਾਰਾਂ ਦੇ ਰੂਪ ਵਿੱਚ ਲਈਏ ਤਾਂ ਅਧਿਕਾਰ ਵੀ ਖਾਸੇ ਪੱਖੋਂ ਆਰਥਿਕ ਹਨ। ਜਦ ਕਿ ਕੁੱਝ ਲੋਕਾਂ ਜਿਵੇਂ 'ਸ਼ੂਦਰਾਂ ਦੀ ਜਾਇਦਾਦ 'ਤੇ ਕਬਜ਼ਾ ਨਹੀਂ ਹੋਣਾ ਚਾਹੀਦਾ' ਆਦਿ ਬਾਹਰੋਂ ਹੱਕਾਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ, ਪਰ ਅੰਦਰੂਨੀ ਤੌਰ 'ਤੇ ਆਰਥਿਕ ਹਨ। ਉੱਚ ਜਾਤੀਆਂ ਦੁਆਰਾ ਹੇਠਲੀਆਂ ਜਾਤੀਆਂ ਦੇ ਹੱਕਾਂ ਨੂੰ ਨਕਾਰਨਾ ਅਤੇ ਉਹਨਾਂ ਨੂੰ ਕਿਰਤ ਕਰਨ ਅਤੇ ਮਲੀਨ ਕੰਮਾਂ ਨਾਲ਼ ਬੰਨ੍ਹੀ ਰੱਖਣਾ, ਉੱਚ ਜਾਤੀਆਂ ਲਈ ਲਾਭਦਾਇਕ ਹੈ। ਇਹ ਉਹਨਾਂ ਦੀ ਕਿਰਤ ਦੀ ਲੁੱਟ ਲਈ ਲਾਭਦਾਇਕ ਹੁੰਦਾ ਹੈ।

ਸਮਾਜ ਵਿੱਚ ਪੱਸਰੀ ਕੋਈ ਹੋਰ ਸਮੱਸਿਆ ਲੈ ਲਵੋ, ਚਾਹੇ ਉਹ ਜਾਤੀਵਾਦ ਨਾਲ਼ ਸਬੰਧਿਤ ਹੋਵੇ ਜਾਂ ਧਰਮ, ਜਾਤੀ, ਲਿੰਗ ਜਾਂ ਕਿਸੇ ਵੀ ਦੂਸਰੀ ਤਰ੍ਹਾਂ ਦੀ ਸਮੱਸਿਆ ਹੋਵੇ, ਇੱਥੋਂ ਤੱਕ ਕਿ ਭਾਵੇਂ ਉਹ ਸੱਤ੍ਹਾ ਜਾਂ ਸਿਆਸਤ ਦੀ ਸਮੱਸਿਆ ਦੇ ਰੂਪ ਵਿੱਚ ਵੀ ਕਿਉਂ ਨਾ ਪ੍ਰਗਟ ਹੁੰਦੀ ਹੋਵੇ, ਉਸ ਦੀਆਂ ਜੜ੍ਹਾਂ ਆਰਥਿਕ ਸਬੰਧਾਂ ਵਿੱਚ ਹੀ ਹੋਣਗੀਆਂ।

ਪਰ ਕਿਰਤ ਸਬੰਧਾਂ ਜਾਂ ਇਸ ਦਾ ਦੂਸਰਾ ਨਾਮ ਆਰਥਿਕ ਸਬੰਧਾਂ ਦਾ ਸਵਾਲ ਅੰਬੇਡਕਰ ਨੂੰ ਬਿਲਕੁਲ ਪ੍ਰਭਾਵਿਤ ਨਹੀਂ ਕਰਦਾ। ਜਦੋਂ ਕਿਸੇ ਨੂੰ ਮੂਲ ਕਾਰਨ ਨਾਲ਼ ਹੀ ਕੋਈ ਸਰੋਕਾਰ ਨਹੀਂ ਤਾਂ ਬਚੇਗਾ ਕੀ ? ਸਿਰਫ਼ ਸਤੱਹੀ ਗੱਲਾਂ। ਭਾਵ ਧਰਮ, ਸਮਾਜਿਕ

ਰੁਤਬਾ ਅਤੇ ਸਿਆਸਤ। ਅੰਬੇਡਕਰ ਦੀ ਸਾਰੀ ਚਰਚਾ ਹਮੇਸ਼ਾ ਸਤੱਹੀ ਵਿਸ਼ਿਆਂ ਦੇ ਚਾਰੇ ਪਾਸੇ ਚੱਕਰ ਲਗਾਉਂਦੀ ਹੈ ਅਤੇ ਮੂਲ ਕਾਰਨਾਂ ਨਾਲ਼ ਉਸ ਦਾ ਸਰੋਕਾਰ ਨਹੀਂ ਰਹਿੰਦਾ।

ਉਹਨਾਂ ਲੋਕਾਂ ਵਿੱਚ ਜੋ ਕਿ ਬੁੱਧੀਜੀਵੀ ਸਮਝੇ ਜਾਂਦੇ ਹਨ, ਮਾਰਕਸਵਾਦ ਪ੍ਰਤੀ ਉਹਨਾਂ ਦੀ ਪਹੁੰਚ ਦੇ ਲਿਹਾਜ਼ ਨਾਲ਼ ਤਿੰਨ ਮੁੱਖ ਸ਼੍ਰੇਣੀਆਂ ਹਨ ਪਹਿਲੀ ਸ਼੍ਰੇਣੀ ਜੋ ਲੋਕ ਮਾਰਕਸਵਾਦ ਬਾਰੇ ਕੁੱਝ ਵੀ ਨਹੀਂ ਜਾਣਦੇ। ਉਹ ਇਸ ਤੱਥ ਨੂੰ ਨਹੀਂ ਜਾਣਦੇ ਕਿ 'ਮਾਰਕਸਵਾਦ' ਨਾਮ ਦਾ ਕੋਈ ਸਿਧਾਂਤ ਵੀ ਹੈ। ਅਜਿਹੇ ਲੋਕ ਨਾ ਤਾਂ ਮਾਰਕਸਵਾਦ ਦੇ ਪੱਖ ਵਿੱਚ ਕੁੱਝ ਬੋਲਦੇ ਹਨ, ਨਾ ਵਿਰੋਧ ਵਿੱਚ। ਉਹ ਇਸ ਬਾਰੇ ਗੱਲ ਵੀ ਨਹੀਂ ਕਰਦੇ। ਅਸੀਂ ਅਜਿਹੇ ਲੋਕਾਂ ਨੂੰ ਗੈਰ-ਮਾਰਕਸਵਾਦੀ ਮੰਨ ਸਕਦੇ ਹਾਂ।

ਬੁੱਧੀਜੀਵੀਆਂ ਦੀ ਦੂਸਰੀ ਸ਼੍ਰੇਣੀ ਵੀ ਮਾਰਕਸਵਾਦ ਬਾਰੇ ਕੁੱਝ ਨਹੀਂ ਜਾਣਦੀ। ਪਰ ਘੱਟੋ-ਘੱਟ ਉਹਨਾਂ ਨੇ ਇਹਦਾ ਨਾਂ ਸੁਣ ਰੱਖਿਆ ਹੈ। ਉਹਨਾਂ ਨੇ ਅਧਕਚਰੇ ਰੂਪ ਵਿੱਚ ਮਾਰਕਸਵਾਦ ਨਾਲ਼ ਸਬੰਧਿਤ ਹਾਂ-ਪੱਖੀ ਅਤੇ ਨਾ-ਪੱਖੀ ਦੋਨਾਂ ਵਿਚਾਰਾਂ ਨੂੰ ਸੁਣਿਆ ਹੋਵੇਗਾ। ਇਸ ਤਰ੍ਹਾਂ ਉਹ ਮਾਰਕਸਵਾਦ ਬਾਰੇ ਦੁਬਿਧਾ ਵਿੱਚ ਵਿਚਰਦੇ ਹਨ। ਪਰ ਉਹ ਇਹ ਜਾਨਣ ਦਾ ਯਤਨ ਨਹੀਂ ਕਰਦੇ ਕਿ ਇਹਨਾਂ ਵਿਚਾਰਾਂ ਵਿੱਚ ਕੀ ਸੱਚ ਹੈ, ਕੀ ਝੂਠ ਹੈ। ਪਰ ਮਾਰਕਸਵਾਦ ਬਾਰੇ ਉਹਨਾਂ ਦਾ ਵਿਰੋਧ ਬਹੁਤ ਗੰਭੀਰ ਨਹੀਂ ਹੁੰਦਾ। ਅਸੀਂ ਅਜਿਹੇ ਬੁੱਧੀਜੀਵੀਆਂ ਨੂੰ ਵੀ ਗੈਰ-ਮਾਰਕਸਵਾਦੀ ਮੰਨ ਸਕਦੇ ਹਾਂ।

ਜਿੱਥੋਂ ਤੱਕ ਬੁੱਧੀਜੀਵੀਆਂ ਦੀ ਤੀਸਰੀ ਸ਼੍ਰੇਣੀ ਦੀ ਗੱਲ ਹੈ, ਉਹ ਮਾਰਕਸਵਾਦ ਬਾਰੇ ਥੋੜ੍ਹਾ ਬਹੁਤ ਜਾਣਦੇ ਹਨ। ਉਹਨਾਂ ਨੂੰ ਇਸ ਤੱਥ ਦਾ ਗਿਆਨ ਹੈ ਕਿ ਮਾਰਕਸਵਾਦ ਲੁੱਟ ਦਾ ਵਿਰੋਧ ਕਰਦਾ ਹੈ। ਇਹ ਨਿੱਜੀ ਜਾਇਦਾਦ ਦੀ ਲੋਟੂ ਮਾਲਕੀ ਦੇ ਵਿਰੁੱਧ ਹੈ। ਪਰ ਇਹ ਬੁੱਧੀਜੀਵੀ ਇਹ ਸਭ ਨਹੀਂ ਚਾਹੁੰਦੇ। ਉਹ ਆਮਦਨੀ ਦੇ ਲੋਟੂ ਸਰੋਤਾਂ ਦੇ ਬਚਾਅ ਵਿੱਚ ਖੜ੍ਹਦੇ ਹਨ। ਪਰ ਉਹ ਸ਼ਰ੍ਹੇਆਮ ਐਲਾਨ ਨਹੀਂ ਕਰਦੇ ਕਿ 'ਲੁੱਟ ਹੋਣ ਦੇਵੋ' ਉਹ ਆਪਣੀ ਸੁਵਿਧਾ ਅਨੁਸਾਰ ਸ਼ਬਦਾਵਲੀ ਵਿੱਚ ਸਿਰਫ਼ ਅਦਲ-ਬਦਲ ਕਰ ਦਿੰਦੇ ਹਨ। ਕੁੱਲ ਮਿਲ਼ਾ ਕੇ ਉਹ ਲੁਟੇਰੇ ਜਾਇਦਾਦ ਸਬੰਧਾਂ ਦੇ ਪੱਖ ਪੂਰਨ ਵਾਲ਼ੇ ਹੁੰਦੇ ਹਨ। ਇਹ ਬੁੱਧੀਜੀਵੀ ਮਾਰਕਸਵਾਦ ਪ੍ਰਤੀ ਤਿੱਖਾ ਵਿਰੋਧ ਬਣਾਈ ਰੱਖਦੇ ਹਨ। ਅਜਿਹੇ ਬੁੱਧੀਜੀਵੀ ਮਾਰਕਸਵਾਦ ਵਿਰੋਧੀ ਹੁੰਦੇ ਹਨ ਅਤੇ ਗੈਰ-ਮਾਰਕਸਵਾਦੀਆਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ।

ਅੰਬੇਡਕਰ ਨੂੰ ਮਾਰਕਸਵਾਦ ਦੇ ਪੱਖ ਵਿੱਚ ਬੋਲਣ ਦੀ ਲੋੜ ਨਹੀਂ। ਉਹ ਸਿਧਾਂਤ ਦੇ ਸਬੰਧ ਵਿੱਚ ਇਤਰਾਜ਼ ਪ੍ਰਗਟ ਕਰ ਸਕਦੇ ਹਨ। ਜੇ ਉਹਨਾਂ ਨੇ ਆਪਣੇ ਆਪ ਨੂੰ ਇਸ ਰੁੱਖ ਤੱਕ ਸੀਮਤ ਰੱਖਿਆ ਹੁੰਦਾ ਤਾਂ ਉਹਨਾਂ ਨੂੰ ਗੈਰ-ਮਾਰਕਸਵਾਦੀਆਂ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਸੀ। ਪਰ ਅੰਬੇਡਕਰ ਨੇ ਜੋ ਕੀਤਾ, ਉਹ ਅਜਿਹਾ ਨਹੀਂ ਸੀ। ਉਸ ਨੇ ਹਮੇਸ਼ਾ ਉਸ ਮਾਰਕਸਵਾਦ ਦੇ ਪ੍ਰਤੀ ਵਿਰੋਧ ਅਤੇ ਘ੍ਰਿਣਾ ਦਰਜ ਕੀਤੀ ਜੋ ਕਿਰਤੀ ਜਮਾਤ ਦੇ ਹਿੱਤਾਂ ਦਾ ਬਚਾਅ ਕਰਦਾ ਹੈ। ਮਾਰਕਸਵਾਦ ਵਿਰੁੱਧ ਮੁਹਿੰਮ  ਉਸ ਦੇ ਜੀਵਨ ਦੇ ਉਦੇਸ਼ਾਂ ਵਿੱਚੋਂ ਇੱਕ ਸੀ।

### *6. ਇੱਕ ਪੱਤਰ, ਜੋ ਕਿਸੇ ਨੇ ਕਿਸੇ ਹੋਰ ਨੂੰ ਲਿਖਿਆ ਸੀ।*

ਅੰਬੇਡਕਰ ਨੇ ਭਾਰਤੀ ਸਮਾਜਵਾਦੀਆਂ ਦੀ ਬਹੁਤ ਅਲੋਚਨਾ ਕੀਤੀ ਹੈ। ਇਸ ਦਾ ਅਧਾਰ ਕੀ ਹੈ ? ਸਮਾਜਿਕ ਸੁਧਾਰਾਂ ਦੇ ਵਿਰੁੱਧ ਹੋਣ ਲਈ ਸਮਾਜਵਾਦੀਆਂ ਦੀ ਕੀ ਆਲੋਚਨਾ ਹੈ ? ਕੀ ਅੰਬੇਡਕਰ ਨੇ ਕੋਈ ਅਜਿਹਾ ਸਬੂਤ ਦਿੱਤਾ ਕਿ ਭਾਰਤੀ ਕਮਿਊਨਿਸਟ ਪਾਰਟੀ ਨੇ ਕੁੱਝ ਗਲ਼ਤ ਕਿਹਾ ਜਾਂ ਗਲ਼ਤ ਕੀਤਾ ? ਕੀ ਤੁਸੀਂ ਜਾਣਦੇ ਹੋ ਕਿ ਅੰਬੇਡਕਰ ਨੇ ਇੱਕੋ-ਇੱਕ ਸਬੂਤ ਕੀ ਦਿੱਤਾ ? "ਮੈਂ ਹੇਠਾਂ ਇੱਕ ਪੱਤਰ ਦੀ ਮਿਸਾਲ ਦਿੰਦਾ ਹਾਂ ਜੋ ਕੁੱਝ

ਦਿਨ ਪਹਿਲਾਂ ਇੱਕ ਪ੍ਰਮੁੱਖ ਸਮਾਜਵਾਦੀ ਨੇ ਮੇਰੇ ਇੱਕ ਮਿੱਤਰ ਨੂੰ ਲਿਖਿਆ ਸੀ"– ਇਹ ਕਹਿੰਦੇ ਹੋਏ ਅੰਬੇਡਕਰ ਨੇ ਸਬੂਤ ਵਜੋਂ ਇੱਕ ਪੱਤਰ ਰੱਖ ਦਿੱਤਾ। ਇਸ ਦਾ ਅਰਥ ਹੈ ਕਿ ਅੰਬੇਡਕਰ ਦਾ ਇੱਕ ਮਿੱਤਰ ਸੀ। ਇਸ ਮਿੱਤਰ ਨੂੰ ਇੱਕ ਸਮਾਜਵਾਦੀ ਮਿੱਤਰ ਨੇ ਪੱਤਰ ਲਿਖਿਆ। ਉਹ ਮਿੱਤਰ ਉਸ ਪੱਤਰ ਨੂੰ ਲਿਆਇਆ ਅਤੇ ਅੰਬੇਡਕਰ ਦੀ ਸਾਰੀ ਆਲੋਚਨਾ ਦਾ ਅਧਾਰ ਹੈ ਜੋ ਉਸ ਨੇ ਆਪਣੇ ਲੇਖ 'ਜਾਤੀ ਦਾ ਖਾਤਮਾ' ਵਿੱਚ ਭਾਰਤੀ ਸਮਾਜਵਾਦੀਆਂ ਦੀ ਕੀਤੀ।

ਇਸ ਪੱਤਰ ਵਿੱਚ ਕੀ ਹੈ ? ਉਸ ਸਮਾਜਵਾਦੀ ਨੇ ਲਿਖਿਆ ਸੀ:

"ਮੈਨੂੰ ਭਰੋਸਾ ਨਹੀਂ ਕਿ ਅਸੀਂ ਭਾਰਤ ਵਿੱਚ ਇੱਕ ਅਜ਼ਾਦ ਸਮਾਜ ਸਿਰਜ ਸਕਦੇ ਹਾਂ। ਜਦ ਤੱਕ ਜਮਾਤ ਦਾ ਦੂਸਰੀ ਜਮਾਤ ਦੁਆਰਾ ਦੁਰਵਿਵਹਾਰ ਅਤੇ ਦਮਨ ਤਿਣਕਾ ਭਰ ਵੀ ਮੌਜੂਦ ਹੈ। ਮੈਂ ਇੱਕ ਸਮਾਜਵਾਦੀ ਆਦਰਸ਼ ਵਿੱਚ ਭੋਰਸਾ ਰੱਖਦਾ ਹਾਂ, ਮੈਂ ਵੱਖ–ਵੱਖ ਜਮਾਤਾਂ ਅਤੇ ਸਮੂਹਾਂ ਨਾਲ਼ ਵਰਤਾਅ ਵਿੱਚ ਜ਼ਰੂਰੀ ਰੂਪ ਵਿੱਚ ਪੂਰਨ ਬਰਾਬਰੀ ਵਿੱਚ ਭਰੋਸਾ ਰੱਖਦਾ ਹਾਂ। ਮੈਂ ਸਮਝਦਾ ਹਾਂ ਕਿ ਸਮਾਜਵਾਦ ਹੋਰ ਸਮੱਸਿਆਵਾਂ ਦੇ ਨਾਲ਼–ਨਾਲ਼ ਇਸ ਦਾ ਵੀ ਇੱਕਮਾਤਰ ਸਹੀ ਹੱਲ ਪੇਸ਼ ਕਰਦਾ ਹੈ।" (ਭਾਗ 1,ਪੰਨਾ 46)

ਪੱਤਰ ਵਿੱਚ ਇਹੀ ਲਿਖਿਆ ਸੀ ਇਹਨਾਂ ਸ਼ਬਦਾਂ ਵਿੱਚ ਕੁੱਝ ਵੀ ਗਲ਼ਤ ਨਹੀਂ। ਇਸ ਪੱਤਰ ਦੇ ਲੇਖਕ ਨੇ 'ਇੱਕ ਜਮਾਤ ਪ੍ਰਤੀ ਦੂਸਰੀ ਜਮਾਤ ਦੇ ਦੁਰਵਿਵਹਾਰ ਅਤੇ ਦਮਨ' ਦੇ ਵਿਰੁੱਧ ਦਲੀਲ ਦਿੱਤੀ ਸੀ। ਉਸੇ ਨੇ ਵੱਖ–ਵੱਖ ਜਮਾਤਾਂ ਅਤੇ ਸਮੂਹਾਂ ਨਾਲ਼ ਵਰਤਾਅ ਵਿੱਚ ਪੂਰਨ ਬਰਾਬਰੀ ਦੀ ਵਕਾਲਤ ਕੀਤੀ। ਅੰਬੇਡਕਰ ਨੂੰ ਇਹਨਾਂ ਸ਼ਬਦਾਂ 'ਤੇ ਗੁੱਸਾ ਕਿਉਂ ਆਇਆ ਕਿਉਂਕਿ ਪੱਤਰ ਲੇਖਕ ਨੇ ਇਹ ਵੀ ਕਹਿ ਦਿੱਤਾ ਸੀ ਕਿ "ਸਮਾਜਵਾਦ, ਇਸ ਦੇ ਨਾਲ਼–ਨਾਲ਼ ਦੂਸਰੀਆਂ ਸਮੱਸਿਆਵਾਂ ਦਾ ਵੀ ਇੱਕਮਾਤਰ ਸਹੀ ਹੱਲ ਪੇਸ਼ ਕਰਦਾ ਹੈ।" ਅੰਬੇਡਕਰ ਅਨੁਸਾਰ ਇਹ ਗਲ਼ਤ ਗੱਲ ਹੈ। ਇਹ ਗੱਲ ਹੈ ਜਿਸ ਨੇ ਅੰਬੇਡਕਰ ਨੂੰ ਖਿਝਾ ਦਿੱਤਾ।

ਆਪਣੇ ਲੇਖ 'ਜਾਤੀ ਦਾ ਖਾਤਮਾ' ਵਿੱਚ ਅੰਬੇਡਕਰ ਉਸ ਸਮਾਜਵਾਦੀ 'ਤੇ ਟੁੱਟ ਪਏ ਜਿਸ ਨੇ ਅਜਿਹਾ ਪੱਤਰ ਲਿਖਿਆ:– "ਕੀ ਸਮਾਜਵਾਦੀਆਂ ਦਾ ਇਹ ਕਹਿਣਾ ਸਹੀ ਹੈ ਕਿ ਸਾਰੇ ਸਮਾਨ ਹੋਣੇ ਚਾਹੀਦੇ ਹਨ ? ਕੀ ਇਹ ਠੀਕ ਹੈ ਕਿ ਉਹ ਬਰਾਬਰੀ ਵਿੱਚ ਭਰੋਸਾ ਰੱਖਦੇ ਹਨ ? ਕੀ ਜਾਤੀਆਂ ਬਾਰੇ ਸੋਚਣ ਦਾ ਇਹੀ ਤਰੀਕਾ ਹੈ ?"

ਕੀ ਇਸ ਦਾ ਅਰਥ ਇਹ ਹੁੰਦਾ ਹੈ ਕਿ ਸਮਾਜਵਾਦੀ ਨੂੰ ਕੁੱਝ ਹੋਰ ਗੱਲਾਂ ਲਿਖਣੀਆਂ ਚਾਹੀਦੀਆਂ ਹਨ ? ਕੀ ਉਸ ਨੂੰ ਉਹਨਾਂ ਗੱਲਾਂ ਨੂੰ ਗਿਨਾਉਣ ਚਾਹੀਦਾ ਸੀ ਕਿ ਸਮਾਜਵਾਦੀ ਸਿਧਾਂਤ ਜਾਤੀਆਂ ਬਾਰੇ ਕੀ ਕਹਿੰਦਾ ਹੈ ਅਤੇ ਇਸ ਸੰਦਰਭ ਵਿੱਚ ਉਸ ਦੀ ਪਾਰਟੀ ਨੇ ਕੀ ਕੀਤਾ ਅਤੇ ਕੀ ਕਰੇਗੀ ? ਉਸ ਨੇ ਆਪਣੇ ਪੱਤਰ ਵਿੱਚ ਨਿਸ਼ਚਿਤ ਰੂਪ ਵਿੱਚ ਇਹ ਸਭ ਕੁੱਝ ਲਿਖਿਆ ਹੁੰਦਾ ਜੇਕਰ ਉਸ ਨੂੰ ਪਹਿਲਾਂ ਹੀ ਇਹ ਪਤਾ ਹੁੰਦਾ ਕਿ ਉਸ ਦਾ ਪੱਤਰ ਅੰਬੇਡਕਰ ਦੇ ਹੱਥ ਲੱਗ ਜਾਵੇਗਾ ਅਤੇ ਇਹ ਕਿ ਜੇ ਪੱਤਰ ਵਿੱਚ ਜਾਤੀਆਂ ਦੇ ਖਾਤਮੇ ਦਾ ਕੋਈ ਕਾਰਜ–ਕਰਮ ਨਾ ਰੱਖਿਆ ਗਿਆ ਤਾਂ ਅੰਬੇਡਕਰ ਬਹੁਤ ਨਰਾਜ਼ ਹੋਣਗੇ। ਪਰ ਉਸ ਸਮਾਜਵਾਦੀ ਨੂੰ ਇਹ ਸਭ ਕੁੱਝ ਪਤਾ ਨਹੀਂ ਸੀ। ਉਸ ਨੇ ਗੈਰ ਰਸਮੀ ਰੂਪ ਵਿੱਚ ਆਪਣੇ ਮਿੱਤਰ ਨੂੰ ਦੋ–ਚਾਰ ਗੱਲਾਂ ਲਿੱਖ ਦਿੱਤੀਆਂ ਅਤੇ ਅੰਬੇਡਕਰ ਦੇ ਗੁੱਸੇ ਦਾ ਸ਼ਿਕਾਰ ਬਣਨਾ ਪਿਆ।

ਕੀ ਇਹ ਗੱਲ ਯਕੀਨ ਕਰਨਯੋਗ ਹੈ ਕਿ ਅੰਬੇਡਕਰ ਨੇ ਸਮਾਜਵਾਦੀਆਂ ਦੀ ਆਲੋਚਨਾ ਮਹਿਜ ਇਸ ਲਈ ਕੀਤੀ ਕਿ ਕੁੱਝ ਨਿਸ਼ਚਿਤ ਗੱਲਾਂ ਇੱਕ ਅਜਿਹੇ ਪੱਤਰ ਵਿੱਚ ਨਹੀਂ ਸਨ ਜੋ ਕਿਸੇ ਨੇ ਕਿਸੇ ਹੋਰ ਨੂੰ ਲਿਖਿਆ ਸੀ ? ਇਹ ਕਿੰਨੀ ਹੈਰਾਨੀ ਵਾਲ਼ੀ

ਗੱਲ ਹੈ। ਪਰ ਅਸੀਂ ਕਿੰਨੀ ਵਾਰ ਹੈਰਾਨ ਅਤੇ ਦੰਗ ਰਹਿ ਗਏ ? ਵਾਰ-ਵਾਰ ਮੁੜ ਮੁਲਾਂਕਣ ਕਾਰਨ ਹੈਰਾਨ ਹੋਣਾ ਅਤੇ ਦੰਗ ਰਹਿਣਾ ਆਮ ਹੋ ਗਿਆ ਹੈ। ਅਸੀਂ ਆਪਣੀ ਹੈਰਾਨੀ ਨੂੰ ਵਾਰ-ਵਾਰ ਕਿਵੇਂ ਪ੍ਰਗਟਾ ਸਕਦੇ ਹਾਂ ? ਕਿੰਨਾ ਚੰਗਾ ਹੁੰਦਾ ਜੇਕਰ ਅੰਬੇਡਕਰ ਨੇ ਮਾਰਕਸ ਦੀਆਂ ਕਿਰਤਾਂ ਵਿੱਚੋਂ ਕੁੱਝ ਸ਼ਬਦਾਂ ਨੂੰ ਠੀਕ ਉਵੇਂ ਹੀ ਪੇਸ਼ ਕੀਤਾ ਹੁੰਦਾ ਜਿਵੇਂ ਉਸ ਨੇ ਕਿਸੇ ਦੇ ਪੱਤਰ ਦੇ ਸ਼ਬਦਾਂ ਨੂੰ ਪੇਸ਼ ਕੀਤਾ। ਅੰਬੇਡਕਰ ਨੇ ਅਜਿਹਾ ਕਿਉਂ ਨਹੀਂ ਕੀਤਾ ? ਕੀ ਇਸ ਲਈ ਕਿ ਮਾਰਕਸ ਦਾ ਪੱਤਰ ਉਸ ਦੇ ਹੱਥ ਨਹੀਂ ਲੱਗਿਆ ? ਮਾਰਕਸ ਵੀ ਕਿਸੇ ਅਜਿਹੇ ਵਿਅਕਤੀ ਨੂੰ ਪੱਤਰ ਲਿਖ ਸਕਦੇ ਸਨ ਜੋ ਅੰਬੇਡਕਰ ਦੇ ਘਰ ਸਾਹਮਣੇ ਜਾਂ ਨਾਲ਼ ਹੀ ਰਹਿ ਰਿਹਾ ਹੁੰਦਾ। ਪਰ ਮਾਰਕਸ ਨੇ ਇਸ ਤਰ੍ਹਾਂ ਨਹੀਂ ਕੀਤਾ। ਕੀ ਹਮੇਸ਼ਾ ਉਸ ਨੂੰ ਆਪਣੇ ਸਾਰੇ ਪੱਤਰ ਏਂਗਲਜ਼ ਨੂੰ ਹੀ ਲਿਖਣੇ ਚਾਹੀਦੇ ਸਨ ? ਕੀ ਉਹਨਾਂ ਨੂੰ ਚਾਹੀਦਾ ਨਹੀਂ ਸੀ ਕਿ ਘੱਟੋ-ਘੱਟ ਅੰਬੇਡਕਰ ਦੇ ਮਿੱਤਰ ਨੂੰ ਲਿਖਦੇ ? ਅੰਬੇਡਕਰ ਨੇ ਕਿਤੇ ਵੀ ਮਾਰਕਸ ਦਾ ਹਵਾਲਾ ਨਹੀਂ ਦਿੱਤਾ ਕਿਉਂਕਿ ਉਸ ਨੂੰ ਮਾਰਕਸ ਦਾ ਪੱਤਰ ਹੀ ਨਹੀਂ ਮਿਲ਼ਿਆ ਸੀ। ਕਾਰਨ ਇਹੋ ਹੋਣਾ ਚਾਹੀਦਾ ਹੈ।

ਚੰਗਾ ਹੁੰਦਾ ਜੇ ਕੋਈ ਇਸ ਵਿਸ਼ੇ 'ਤੇ ਖੋਜ ਕਰਦਾ ਕਿ ਕੁੱਝ ਵਿਅਕਤੀਆਂ ਵਿੱਚ ਏਨੀ ਅਸੀਮ ਅਖੰਡਤਾ ਕਿਉਂ ਹੁੰਦੀ ਹੈ ? ਬੁੱਧ ਨੇ ਅਨੇਕ ਬਾਰ ਕਿਹਾ ਕਿ ਕੁੱਝ ਵਿਅਕਤੀਆਂ ਵਿੱਚ ਅੱਖੜਤਾ, ਘੁਮੰਡ, ਸ਼ੇਖੀ ਮਾਰਨਾ ਅਤੇ ਸਭ ਕੁੱਝ ਮੌਜੂਦ ਰਹੇਗਾ। ਉਸ ਨੇ ਇਹ ਤਾਂ ਦੱਸ ਦਿੱਤਾ ਕਿ ਅਜਿਹੀਆਂ ਪ੍ਰਵਿਰਿਤੀਆਂ ਰਹਿਣਗੀਆਂ ਪਰ ਉਸ ਨੇ ਇਹ ਨਹੀਂ ਦੱਸਿਆ ਕਿ ਇਹ ਪ੍ਰਵਿਰਿਤੀਆਂ ਹੁੰਦੀਆਂ ਕਿਉਂ ਹਨ ? ਮੈਂ ਸਮਝਦੀ ਹਾਂ ਕਿ ਇਹਨਾਂ ਪ੍ਰਵਿਰਿਤੀਆਂ ਨੂੰ ਪੱਠੇ ਤਦ ਹੀ ਪੈਂਦੇ ਹਨ ਜਦੋਂ ਟੋਕਣ ਵਾਲ਼ਾ ਕੋਈ ਨਾ ਹੋਵੇ। ਤਾਂ ਹੀ ਅੱਖੜਤਾ ਦਾ ਇਹ ਪਹਿਲੂ ਖੋਜ ਕਾਰਜ ਲਈ ਬਹੁਤ ਚੰਗਾ ਵਿਸ਼ਾ ਹੈ।

### *7. ਅੰਬੇਡਕਰ ਦਾ ਇੱਕ ਉੱਚਿਤ ਸ਼ੱਕ*

ਅੰਬੇਡਕਰ ਨੂੰ ਸਮਾਜਵਾਦੀ ਸਿਧਾਂਤ ਬਾਰੇ ਭਾਰੀ ਸ਼ੱਕ ਹੈ। ਲੁੱਟ ਨੂੰ ਖਤਮ ਕਰਨ ਲਈ ਸਮਾਜਵਾਦੀ ਸਿਧਾਂਤ ਜਮਾਤੀ ਘੋਲ ਦਾ ਰਾਹ ਵਿਖਾਉਂਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਕਿਰਤੀਆਂ ਦੇ ਸਾਰੇ ਲੋਕਾਂ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ ਪਰ ਭਾਰਤ ਵਿੱਚ ਜਾਤੀ ਵਖਰੇਵੇਂ ਮੌਜੂਦ ਹਨ। ਇੱਥੇ ਛੂਤਛਾਤ ਹੈ। ਗਰੀਬ ਲੋਕ ਵੀ ਇਹਨਾਂ ਵਖਰੇਵਿਆਂ ਦਾ ਪਾਲਣ ਕਰਦੇ ਹਨ। ਇਹਨਾਂ ਹਾਲਤਾਂ ਵਿੱਚ ਇਹ ਸਾਰੇ ਗਰੀਬ ਲੋਕ ਇਕਜੁੱਟ ਕਿਵੇਂ ਹੋਣਗੇ ? ਉਹ ਸੰਘਰਸ਼ ਕਿਵੇਂ ਸ਼ੁਰੂ ਕਰਨਗੇ ਜੇਕਰ ਉਹ ਇਕਜੁੱਟ ਨਾ ਹੋਏ ?- ਇਹ ਅੰਬੇਡਕਰ ਦਾ ਸ਼ੱਕ ਹੈ। ਇਹ ਇੱਕ ਤਰਕਸੰਗਤ ਅਤੇ ਉੱਚਿਤ ਸ਼ੱਕ ਹੈ।

ਅੰਬੇਡਕਰ ਦੇ ਸ਼ਬਦਾਂ ਵਿੱਚ- "ਮੈਨੂੰ ਯਕੀਨ ਹੈ ਕਿ ਇਨਕਲਾਬ ਸੰਚਾਲਿਤ ਕਰਨ ਵਾਲ਼ੇ ਕਿਸੇ ਸਮਾਜਵਾਦੀ ਦਾ ਇਹ ਭਰੋਸਾ ਕਿ ਉਹ ਜਾਤੀ ਵਿੱਚ ਭਰੋਸਾ ਨਹੀਂ ਰੱਖਦਾ, ਉੱਚਿਤ ਨਹੀਂ ਹੋਵੇਗਾ। ਭਰੋਸਾ ਅਜਿਹਾ ਹੋਣਾ ਚਾਹੀਦਾ ਹੈ ਜੋ ਬਹੁਤ ਡੂੰਘੀ ਬੁਨਿਆਦ ਵਿੱਚੋਂ ਪੈਦਾ ਹੋਇਆ ਹੋਵੇ।... ਕੀ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿੱਚ ਗਰੀਬ ਲੋਕ ਜਾਤ-ਪਾਤ, ਊਚ-ਨੀਚ ਨੂੰ ਨਹੀਂ ਮੰਨਦੇ ਹਨ। ਜੇ ਤੱਥ ਇਹੀ ਹੈ ਕਿ ਉਹ ਮੰਨਦੇ ਹਨ ਤਾਂ, ਕੀ ਧਨਵਾਨਾਂ ਵਿਰੁੱਧ ਆਪਣੀ ਕਾਰਵਾਈ ਵਿੱਚ, ਅਜਿਹੇ ਮਜ਼ਦੂਰਾਂ ਤੋਂ ਕਿਸੇ ਇੱਕਜੁੱਟ ਮੋਰਚੇ ਦੀ ਉਮੀਦ ਕੀਤੀ ਜਾ ਸਕਦੀ ਹੈ ? ਇਨਕਲਾਬ ਹੋ ਹੀ ਕਿਵੇਂ ਸਕਦਾ ਹੈ ਜੇਕਰ ਮਜ਼ਦੂਰ ਇੱਕ ਸੰਯੁਕਤ ਮੋਰਚਾ ਨਾ ਬਣਾ ਸਕਣ ?" (ਭਾਗ 1, ਪੰਨਾ 46-47)

ਇਹ ਇੱਕ ਵਧੀਆ ਸਵਾਲ ਹੈ। ਪਰ ਜਿਸ ਤਰੀਕੇ ਨਾਲ਼ ਉਹਨਾਂ ਨੇ ਸਵਾਲ ਰੱਖਿਆ, ਉਸ ਤੋਂ ਇਹ ਲੱਗਦਾ ਹੈ ਕਿ ਸਮਾਜਵਾਦੀ ਸਿਧਾਂਤ ਇਹ ਗਲ਼ਤ ਧਾਰਨਾ ਲੈ ਕੇ

ਚੱਲਦਾ ਹੈ ਕਿ ਜੇ ਮਜ਼ਦੂਰ ਜਮਾਤ ਵਿੱਚ ਕੋਈ ਏਕਤਾ ਨਾ ਹੋਈ ਤਾਂ ਵੀ ਕੋਈ ਗੱਲ ਨਹੀਂ ਅਤੇ ਇਸ ਲਈ ਅੰਬੇਡਕਰ ਅਜਿਹੇ ਅਗਾਊਂ ਅਨੁਮਾਨ 'ਤੇ ਸਵਾਲ ਉਠਾ ਰਹੇ ਹਨ। ਕੀ ਸਮਾਜਵਾਦੀ ਸਿਧਾਂਤ ਕਹਿੰਦਾ ਹੈ ਕਿ ਅਸੀਂ ਜਮਾਤੀ ਘੋਲ ਦੇ ਸੰਚਾਲਨ ਦੁਆਰਾ ਸਮਾਜ ਨੂੰ ਤਦ ਹੀ ਬਦਲ ਸਕਦੇ ਹਾਂ ਜਦੋਂ ਕਿਰਤੀ ਲੋਕਾਈ ਦੇ ਅੰਦਰ ਮੱਤਭੇਦ ਮੌਜੂਦ ਹੋਣ ਅਤੇ ਇੱਥੋਂ ਤੱਕ ਕਿ ਕਿਰਤੀਆਂ ਦੇ ਵੱਖ-ਵੱਖ ਹਿੱਸੇ ਇਕਜੁੱਟ ਨਾ ਹੁੰਦੇ ਹੋਣ ? ਨਹੀਂ, ਇਹ ਇਸ ਤਰ੍ਹਾਂ ਨਹੀਂ ਕਹਿੰਦਾ। ਇਹ ਕਹਿੰਦਾ ਹੈ ਕਿ 'ਮਜ਼ਦੂਰਾਂ ਦੀ ਏਕਤਾ' ਉਸ ਦੀ ਤਾਕਤ ਹੈ। ਇਸ ਨੇ ਤਾਂ ਅਸਲ ਵਿੱਚ ਇਹ ਕਿਹਾ ਹੈ, **"ਦੁਨੀਆਂ ਭਰ ਦੇ ਮਜ਼ਦੂਰੋ ਇੱਕ ਹੋ ਜਾਵੋ !"**

ਕੋਈ ਵੀ ਜਥੇਬੰਦੀ ਜਿਸਦਾ ਉਦੇਸ਼ ਕਿਰਤੀ ਲੋਕਾਂ ਵਿੱਚ ਜਮਾਤੀ ਸੰਘਰਸ਼ ਦੀ ਚੇਤਨਾ ਜਗਾਉਣਾ ਹੈ, ਉਸ ਨੂੰ ਹਰ ਸਮੱਸਿਆ 'ਤੇ ਵਿਚਾਰ ਕਰਨਾ ਚਾਹੀਦਾ ਹੈ ਜੋ ਉਹਨਾਂ ਦੀ ਏਕਤਾ ਵਿੱਚ ਰੁਕਾਵਟ ਬਣਦੀ ਹੋਵੇ। ਇਹਨਾਂ ਨੂੰ ਉਸ ਢੰਗ ਨਾਲ਼ ਆਪਣੇ ਕੰਮਾਂ ਕਾਰਾਂ ਨੂੰ ਸ਼ੁਰੂ ਕਰਨਾ ਹੋਵੇਗਾ ਜੋ ਸਮੱਸਿਆ ਨੂੰ ਹਲ ਕਰਨ ਵਿੱਚ ਸਹਾਇਕ ਹੋਣ। ਜੇ ਉਹ ਇਸ ਤਰ੍ਹਾਂ ਨਹੀਂ ਕਰਦੇ ਤਾਂ ਸਾਨੂੰ ਇਸ ਜਥੇਬੰਦੀ ਦੀ ਆਲੋਚਨਾ ਕਰਨੀ ਹੋਵੇਗੀ, ਨਾ ਕਿ ਸਮਾਜਵਾਦੀ ਸਿਧਾਂਤ ਦੀ। ਸਿਧਾਂਤ ਤਾਂ ਆਮ ਰਾਹ-ਦਰਸਾਵੇ ਦੇ ਸਿਧਾਂਤ ਨੂੰ ਪੇਸ਼ ਕਰਦਾ ਹੈ ਜੋ ਸਾਰੇ ਖੇਤਰਾਂ ਅਤੇ ਸਾਰੀਆਂ ਸਥਿਤੀਆਂ ਵਿੱਚ ਲਾਗੂ ਹੁੰਦੇ ਹਨ। ਉਹ ਇਹ ਵੀ ਦੱਸਦਾ ਹੈ ਕਿ ਜਥੇਬੰਦਕਾਂ ਨੂੰ ਖਾਸ ਥਾਵਾਂ ਦੀਆਂ ਖਾਸ ਸਥਿਤੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਪਰ ਇਹ ਉਸ ਸਥਿਤੀ ਦਾ ਖਾਸ ਉਲੇਖ ਨਹੀਂ ਕਰ ਸਕਦਾ ਜੋ ਕਿਸੇ ਖਾਸ ਥਾਂ 'ਤੇ ਸੰਭਾਵਿਤ ਹੋਵੇ।

ਜਦੋਂ ਸਮਾਜਵਾਦੀ ਸਿਧਾਂਤ ਇਹ ਕਹਿੰਦਾ ਹੈ ਕਿ ਅਸੀਂ ਲੁੱਟ ਸਬੰਧਾਂ ਨੂੰ ਲੁੱਟ ਰਹਿਤ ਸਬੰਧਾਂ ਵਿੱਚ ਬਦਲਣਾ ਹੈ ਤਾਂ ਇਹ ਅਲੋਚਨਾ ਕੀਤੀ ਜਾਣੀ ਨਿਰਾਰੱਥਕ ਹੈ ਕਿ ਇਸ ਸਿਧਾਂਤ ਨੇ ਸਿਰਫ਼ ਲੁੱਟ ਦੀ ਗੱਲ ਕੀਤੀ ਅਤੇ ਸਮਾਜਿਕ ਸੁਧਾਰ ਬਾਰੇ ਕੁੱਝ ਨਾ ਕਿਹਾ।

ਜਦੋਂ ਤੱਕ ਸਮਾਜ ਵਿੱਚ ਲੁੱਟ ਜਾਰੀ ਰਹੇਗੀ, ਤਦ ਤੱਕ ਜੀਵਨ ਦੇ ਸਾਰੇ ਖੇਤਰਾਂ ਵਿੱਚ ਉਹ ਲੋਟੂ ਚਰਿੱਤਰ ਪ੍ਰਤੀਬਿੰਬਤ ਹੋਵੇਗਾ। ਜਿੱਥੇ ਕਿਤੇ ਵੀ ਅਤੇ ਜਿਸ ਰੂਪ ਵਿੱਚ ਵੀ ਮਾਲਕੀ ਮੌਜੂਦ ਹੈ, ਇਹ ਲੁੱਟ ਸਬੰਧਾਂ ਅਤੇ ਲੁੱਟ ਦੇ ਵਿਚਾਰਾਂ ਕਾਰਨ ਮੌਜੂਦ ਹੁੰਦਾ ਹੈ। ਇਸ ਲਈ ਲੁੱਟ ਦਾ ਖਾਤਮਾ ਕਰਨ ਵਿੱਚ ਜੀਵਨ ਦੇ ਸਾਰੇ ਖੇਤਰਾਂ ਵਿੱਚ ਬਦਲਾਅ ਸ਼ਾਮਿਲ ਹੁੰਦਾ ਹੈ। ਇਹ ਗੱਲ ਹਰੇਕ ਸਮੱਸਿਆ ਲਈ ਲਾਗੂ ਹੁੰਦੀ ਹੈ। ਭਾਵੇਂ ਉਹ ਜਾਤੀਆਂ ਦੀ ਸਮੱਸਿਆ ਹੋਵੇ ਜਾਂ ਕੋਈ ਦੂਸਰੀ ਸਮੱਸਿਆ।

ਭਾਰਤ ਵਿੱਚ ਜਾਤੀ ਪ੍ਰਬੰਧ ਇੱਕ ਅਜਿਹੀ ਸਮੱਸਿਆ ਹੈ ਜੋ ਕਿਰਤੀਆਂ ਦੀ ਏਕਤਾ ਨੂੰ ਨੁਕਸਾਨ ਪਹੁੰਚਾਉਂਦੀ ਹੈ। ਇਹ ਭਾਰਤ ਦੀ ਖਾਸ ਸਥਿਤੀ ਹੈ। ਜੇ ਸਮਾਜਵਾਦੀ ਪਾਰਟੀ (ਜਾਂ ਕਮਿਊਨਿਸਟ ਪਾਰਟੀ) ਇਸ ਖਾਸ ਸਥਿਤੀ ਨੂੰ ਆਪਣੀ ਨੁਕਤਾ ਨਜ਼ਰ ਵਿੱਚ ਨਹੀਂ ਰੱਖਦੀ ਤਾਂ ਉਹ ਨਿਸ਼ਚਿਤ ਰੂਪ ਵਿੱਚ ਉਹਦੀ ਗਲ਼ਤੀ ਹੋਵੇਗੀ ਅਤੇ ਇਸਦੀ ਅਲੋਚਨਾ ਕਰਨੀ ਹੋਵੇਗੀ। ਪਰ ਸਵਾਲ ਇਹ ਹੈ ਕਿ ਕੀ ਉਸ ਪਾਰਟੀ ਨੇ ਅਜਿਹਾ ਕੀਤਾ ? ਕੀ ਪਾਰਟੀ ਨੇ ਜਾਤੀ ਸਮੱਸਿਆ ਜਾਂ ਛੂਤ-ਛਾਤ ਨੂੰ ਧਿਆਨ ਵਿੱਚ ਨਹੀਂ ਰੱਖਿਆ ? ਕੀ ਅੰਬੇਡਕਰ ਦੇ ਸਮੇਂ ਦੀ ਕਮਿਊਨਿਸਟ ਪਾਰਟੀ ਨੇ ਜਾਤੀ ਪ੍ਰਬੰਧ ਵਿਰੁੱਧ ਮੁਹਿੰਮ ਨਹੀਂ ਛੇੜੀ ਅਤੇ ਪ੍ਰਚਾਰ ਨਹੀਂ ਕੀਤਾ ? ਕੀ ਇਸ ਨੇ ਕੋਈ ਵੀ ਗਤੀਵਿਧੀ ਨਹੀਂ ਕੀਤੀ ?

ਜੇ ਅਜਿਹੇ ਪ੍ਰਸੰਗ ਹਨ ਤਾਂ ਅੰਬੇਡਕਰ ਨੂੰ ਸਾਹਮਣੇ ਲਿਆਉਣੇ ਚਾਹੀਦੇ ਹਨ। ਉਸ ਨੂੰ ਇਸ ਦੇ ਆਚਰਣ ਨੂੰ ਇਹ ਕਹਿੰਦੇ ਹੋਏ ਉਭਾਰਨਾ ਚਾਹੀਦਾ ਕਿ 'ਦੇਖੋ, ਇਸ

ਮਾਮਲੇ ਵਿੱਚ ਕਮਿਊਨਿਸਟ ਪਾਰਟੀ ਨੇ ਕਿਸ ਤਰ੍ਹਾਂ ਦਾ ਕੰਮ ਕੀਤਾ' ਪਰ ਅੰਬੇਡਕਰ ਨੇ ਅਜਿਹੀ ਕੋਈ ਸੂਚਨਾ ਨਹੀਂ ਦਿੱਤੀ। ਉਸ ਨੇ ਇੱਕ ਵੀ ਪ੍ਰਸੰਗ ਪੇਸ਼ ਨਹੀਂ ਕੀਤਾ। (ਉਸ ਉੱਤਰ ਨੂੰ ਛੱਡ ਕੇ ਜੋ ਉਸ ਦੇ ਮਿੱਤਰ ਨੇ ਪ੍ਰਾਪਤ ਕੀਤਾ ਸੀ।) ਸੌਂਦੇ-ਜਾਗਦੇ, ਉੱਠਦੇ-ਬੈਠਦੇ, ਹਰ ਸਮੇਂ ਅੰਬੇਡਕਰ ਦੀ ਆਲੋਚਨਾ ਮਾਰਕਸਵਾਦ ਵਿਰੁੱਧ ਹੁੰਦੀ ਹੈ। ਉਹ ਵੀ ਬਿਨਾਂ ਕਿਸੇ ਕਾਰਨ ਤੋਂ। 'ਕਿਰਤ ਦੀ ਲੁੱਟ' ਬਾਰੇ ਬਿਨਾਂ ਕੁੱਝ ਜਾਣੇ-ਸਮਝੇ।

ਕਿਰਤੀ ਲੋਕਾਈ ਇੱਕਜੁੱਟ ਕਿਵੇਂ ਹੋਵੇ ਜਦਕਿ ਭਾਰਤ ਵਿੱਚ ਜਾਤੀ ਭੇਦ ਭਾਵ ਮੌਜੂਦ ਹੈ ? ਉਹ ਸੰਘਰਸ਼ਾਂ ਨੂੰ ਕਿਵੇਂ ਸ਼ੁਰੂ ਕਰਨਗੇ ?

– ਇਹ ਵਾਕਈ ਸਮੱਸਿਆ ਹੈ। ਠੀਕ ਕਾਰਜਾਂ ਨੂੰ ਹੱਥ ਵਿੱਚ ਲੈਣਾ ਹੀ ਇਸ ਦਾ ਹੱਲ ਹੈ।

ਇੱਥੋਂ ਤੱਕ ਕਿ ਨੀਵੀਂ ਜਾਤੀ ਦੇ ਲੋਕ ਵੀ ਆਪਣੇ ਵਿੱਚ ਜਾਤ-ਪਾਤ ਦੇ ਭੇਦਭਾਵ ਰੱਖਦੇ ਹਨ। ਉਹ ਅੰਤਰਜਾਤੀ ਖਾਣਿਆਂ ਅਤੇ ਵਿਆਹਾਂ ਵਿੱਚ ਸ਼ਾਮਿਲ ਨਹੀਂ ਹੁੰਦੇ। ਇਹਨਾਂ ਹਾਲਤਾਂ ਵਿੱਚ ਉਹਨਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਇਹ ਸਭ ਗਲ਼ਤ, ਅਗਿਆਨਤਾ ਅਤੇ ਅਨਿਆਪੂਰਣ ਹੈ। ਇਕੱਠੇ ਖਾਣਿਆਂ ਅਤੇ ਅੰਤਰਜਾਤੀ ਵਿਆਹਾਂ ਦੇ ਪੱਖ ਵਿੱਚ ਮੁਹਿੰਮਾਂ ਦਾ ਸਿਲਸਿਲਾ ਲੋਕਾਂ ਦੇ ਪੁਰਾਣੇ ਵਿਚਾਰਾਂ ਨੂੰ ਬਦਲਣ ਲੱਗਦਾ ਹੈ। ਪਰ ਜਾਤੀ ਸਮੱਸਿਆ ਇਹ ਕਰਨ ਨਾਲ਼ ਹੀ ਖਤਮ ਨਹੀਂ ਹੋਵੇਗੀ। ਕਿਉਂਕਿ ਇਹ ਸਮੱਸਿਆ ਕਿਰਤ ਦੀ ਲੁੱਟ ਅਤੇ ਪੁਰਾਣੀ ਕਿਰਤ ਵੰਡ ਨਾਲ਼ ਸਬੰਧਿਤ ਹੈ। ਇਸ ਲਈ ਲੋਕਾਂ ਨੂੰ ਇਹਨਾਂ ਪੱਖਾਂ ਬਾਰੇ ਜਾਨਣਾ ਚਾਹੀਦਾ। ਦੂਸਰੇ ਸ਼ਬਦਾਂ ਵਿੱਚ ਉਹਨਾਂ ਨੂੰ ਮਾਰਕਸਵਾਦ ਦੀ ਸਿੱਖਿਆ ਦੇਣੀ ਪਵੇਗੀ।

ਅੰਬੇਡਕਰ ਅੱਗੇ ਟਿੱਪਣੀ ਕਰਦੇ ਹਨ:

"ਬਹਿਸ ਦੇ ਤੌਰ 'ਤੇ ਮੰਨ ਲਵੋ ਕਿ ਦੈਵੀ ਸੰਯੋਗ ਨਾਲ਼ ਇਨਕਲਾਬ ਆਉਂਦਾ ਹੈ ਅਤੇ ਸਮਾਜਵਾਦੀ ਸੱਤ੍ਹਾ ਵਿੱਚ ਆ ਜਾਂਦੇ ਹਨ ਤਾਂ ਕਿ ਉਹਨਾਂ ਨੂੰ ਉਹਨਾਂ ਸਮੱਸਿਆ ਨਾਲ਼ ਹੀ ਨਜਿੱਠਣਾ ਪਵੇਗਾ ਜੋ ਭਾਰਤ ਵਿੱਚ ਪ੍ਰਚੱਲਿਤ ਖਾਸ ਸਮਾਜਿਕ ਵਿਵਸਥਾ ਨੇ ਪੈਦਾ ਕੀਤੀ ਹੈ ? ਮੈਨੂੰ ਨਹੀਂ ਸੁੱਝਦਾ ਕਿ ਭਾਰਤ ਵਿੱਚ ਸਮਾਜਵਾਦੀ ਸੱਤ੍ਹਾ ਇੱਕ ਪਲ਼ ਕਿਵੇਂ ਚੱਲ ਸਕਦੀ ਹੈ ਜੋ ਅਜਿਹੇ ਸੰਸਕਾਰਾਂ ਵਿੱਚੋਂ ਪੈਦਾ ਹੋਈ ਹੈ ਜੋ ਭਾਰਤ ਦੇ ਲੋਕਾਂ ਨੂੰ ਊਚ-ਨੀਚ ਅਤੇ ਸ਼ੁੱਧ-ਅਸ਼ੁੱਧ ਦਾ ਭੇਦਭਾਵ ਰੱਖਣ ਵਿੱਚ ਪੱਕਾ ਕਰਦੇ ਹਨ।" (ਭਾਗ 1, ਪੰਨਾ 47)

ਅੰਬੇਡਕਰ ਦੀ ਇਹ ਰਾਇ ਸਮਾਜਵਾਦੀ ਸੱਤ੍ਹਾ ਦੀ ਕਲਪਣਾ ਅਤੇ ਸਮਾਜਵਾਦੀ ਸਿਧਾਂਤ ਪ੍ਰਤੀ ਹੈ। 'ਇਹ ਤੱਥ ਕਿ ਮਨੁੱਖਾਂ ਵਿੱਚ ਊਚ-ਨੀਚ ਅਤੇ ਸ਼ੁੱਧ-ਅਸ਼ੁੱਧ ਦਾ ਭੇਦਭਾਵ ਮੌਜੂਦ ਹੈ, ਅਜਿਹਾ ਕੁੱਝ ਨਹੀਂ ਜਿਸ ਦੀ ਹੋਂਦ ਨੂੰ ਸਮਾਜਵਾਦੀ ਸਿਧਾਂਤ ਨਾ ਸਵੀਕਾਰਦਾ ਹੋਵੇ। ਇਹ ਭੇਦ ਭਾਵ ਸਮਾਜ ਵਿੱਚ ਪਸਰੇ ਉਹਨਾਂ ਜਾਇਦਾਦ ਸਬੰਧਾਂ ਅਤੇ ਕਿਰਤ ਵੰਡ ਦੀ ਉਪਜ ਹੈ ਜੋ ਲੁੱਟ 'ਤੇ ਅਧਾਰਿਤ ਹਨ। ਮਨੁੱਖਾਂ ਵਿੱਚ ਬਰਾਬਰੀ ਲਈ ਉਦੋਂ ਤੱਕ ਕੋਈ ਗੁੰਜਾਇਸ਼ ਨਹੀਂ ਜਦ ਤੱਕ ਅਸੀਂ ਇਨਾਂ ਭੇਤ ਭਾਵਾਂ ਨੂੰ ਮਿਟਾ ਨਹੀਂ ਦਿੰਦੇ। ਇਹ ਸਾਰੀ ਸਮਝਦਾਰੀ ਸਮਾਜਵਾਦੀ ਸਿਧਾਂਤ ਦਾ ਭਾਗ ਹੈ। ਅੰਬੇਡਕਰ ਨੇ-ਬਿਨਾਂ ਇਹ ਜਾਣੇ ਕਿ ਸਮਾਜਵਾਦੀ ਸਿਧਾਂਤ ਅਸਲ ਵਿੱਚ ਕੀ ਕਹਿੰਦਾ ਹੈ-ਬੁਰਜੂਆਜ਼ੀ ਦੀ ਤਰ੍ਹਾਂ ਨੱਕ ਮੂੰਹ ਚੜ੍ਹਾਉਣ ਦੀ ਪ੍ਰਵਿਰਤੀ ਵਿਕਸਿਤ ਕਰ ਲਈ ਸੀ। ਇਸ ਵਿਮੁੱਖਤਾ ਦੇ ਕਾਰਨ ਉਹ ਇਸ ਸਿੱਟੇ 'ਤੇ ਪਹੁੰਚ ਗਏ ਕਿ ਸਮਾਜਵਾਦੀ ਸੱਤ੍ਹਾ ਦਾ ਊਚ ਨੀਚ ਅਤੇ ਸ਼ੁੱਧ ਅਸ਼ੁੱਧ ਵਖਰੇਵਿਆਂ ਨਾਲ਼ ਕੋਈ ਸਰੋਕਾਰ ਨਹੀਂ ਰਿਹਾ ਜੋ ਕਿ ਮਾਰਕਸਵਾਦ ਨੇ ਕਹੀ ਸੀ, ਭਾਵ, 'ਲੁਟੇਰੀ ਕਿਰਤ ਵੰਡ ਨੂੰ ਸਮਾਜਵਾਦੀ ਕਿਰਤ ਵੰਡ ਵਿੱਚ ਜ਼ਰੂਰ ਤਬਦੀਲ ਹੋਣਾ

ਚਾਹੀਦਾ' ਤਾਂ ਕਿਸ ਦਾ ਦੋਸ਼ ਹੈ– ਮਾਰਕਸਵਾਦ ਦਾ ਜਾਂ ਅੰਬੇਡਕਰ ਦਾ ?

ਇਹ ਸਿਧਾਂਤ ਕਿ 'ਲੋਟੂ ਮਾਲਕੀ ਅਧਿਕਾਰਾਂ ਨੂੰ ਸਮਾਪਤ ਕਰਨਾ ਹੋਵੇਗਾ ਅਤੇ ਹਰ ਵਿਅਕਤੀ ਨੂੰ ਕਿਰਤ ਕਰਨੀ ਚਾਹੀਦੀ ਹੈ। ਉਚ–ਨੀਚ ਦੇ ਭੇਦਭਾਵ ਨੂੰ ਸਮਾਪਤ ਕਰੇਗਾ। ਇਹ ਸਿਧਾਂਤ ਕਿ ਹਰ ਵਿਅਕਤੀ ਨੂੰ ਸਾਫ ਸੁਥਰੇ ਕੰਮ ਹੀ ਨਹੀਂ ਸਗੋਂ ਮਲੀਨ ਕੰਮ ਵੀ ਕਰਨੇ ਚਾਹੀਦੇ ਹਨ, 'ਸ਼ੁੱਧ–ਅਸ਼ੁੱਧਤਾ' ਦੇ ਫਰਕ ਨੂੰ ਸਮਾਪਤ ਕਰੇਗਾ। ਇਹ ਕਿਰਤੀ ਮਜ਼ਦੂਰ ਜਮਾਤ ਦੀ ਜ਼ਿੰਮੇਵਾਰੀ ਹੈ ਕਿ ਨਵੇਂ ਇਨਕਲਾਬੀ ਸਬੰਧਾਂ ਨੂੰ ਅਮਲ ਵਿੱਚ ਲਾਗੂ ਕਰੇ। ਉਹ ਸਾਰੇ ਲੋਕ ਜੋ ਭਾਰਤ ਵਿੱਚ ਮਲੀਨ ਕੰਮ ਕਰਦੇ ਹਨ, ਮਜ਼ਦੂਰਾਂ ਦਾ ਹਿੱਸਾ ਹਨ। ਬਿਨਾਂ ਇਹ ਸਮਝੇ ਹੀ ਅੰਬੇਡਕਰ ਨੇ ਸਮਾਜਵਾਦੀ ਸਿਧਾਂਤ ਵਿੱਚ ਗਲ਼ਤੀਆਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।

ਇੱਕ ਵਾਰ ਜਦੋਂ ਮੁੰਬਈ ਦੀਆਂ ਕੱਪੜਾ ਮਿੱਲਾਂ ਵਿੱਚ ਹੜਤਾਲ ਹੋ ਗਈ ਸੀ, ਅੰਬੇਡਕਰ ਨੇ ਦਲਿਤ ਮਜ਼ਦੂਰਾਂ ਦੀ ਸਵਰਨ ਹਿੰਦੂ ਮਜ਼ਦੂਰਾਂ ਸਾਹਮਣੇ ਇੱਕ ਸ਼ਰਤ ਰੱਖੀ। ਉਹਨਾਂ ਦਿਨਾਂ ਵਿੱਚ ਛੂਤਛਾਤ ਕਾਰਨ ਮਿਲ ਮਾਲਕ ਦਲਿਤ ਮਜ਼ਦੂਰਾਂ ਨੂੰ ਮਿਲ ਦੇ ਸਾਰੇ ਹਿੱਸਿਆਂ ਵਿੱਚ ਨੌਕਰੀ 'ਤੇ ਨਹੀਂ ਰੱਖਿਆ ਕਰਦੇ ਸਨ। ਇਸ ਮੌਕੇ 'ਤੇ ਅੰਬੇਡਕਰ ਨੇ ਸ਼ਰਤ ਰੱਖੀ ਕਿ ਸਵਰਨ ਹਿੰਦੂ ਮਜ਼ਦੂਰਾਂ ਨੂੰ ਵੀ ਆਪਣੇ ਮਿਲ ਮਾਲਕਾਂ ਤੋਂ ਕੱਪੜਾ ਉਦਯੋਗ ਵਿੱਚ ਸਾਰੇ ਹਿੱਸਿਆਂ ਵਿੱਚ ਦਲਿਤਾਂ ਨੂੰ ਨੌਕਰੀਆਂ ਮੁਹੱਈਆ ਕਰਨ ਦੀ ਮੰਗ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਨਹੀਂ ਦਾ ਦਲਿਤ ਮਜ਼ਦੂਰ ਹੜਤਾਲ ਵਿੱਚ ਭਾਗ ਨਹੀਂ ਲੈਣਗੇ।

ਭਾਵੇਂ ਆਰੰਭ ਵਿੱਚ ਸਵਰਨ ਹਿੰਦੂ ਮਜ਼ਦੂਰਾਂ ਨੇ ਛੂਤਛਾਤ ਦਾ ਚਲਨ ਛੱਡਣ ਦਾ ਵਿਚਾਰ ਪਸੰਦ ਨਹੀਂ ਕੀਤਾ, ਫਿਰ ਵੀ ਉਹਨਾਂ ਨੇ ਇਸ ਬਾਰੇ ਸੋਚਿਆ ਅਤੇ ਇਸ ਮੰਗ ਲਈ ਸਹਿਮਤ ਹੋ ਗਏ। ਸਵਰਨ ਹਿੰਦੂ ਮਜ਼ਦੂਰਾਂ ਨੇ ਮਹਿਸੂਸ ਕੀਤਾ ਕਿ ਮਿਲ ਮਾਲਕਾਂ ਵਿਰੁੱਧ ਘੋਲ ਮੁੱਖ ਹੈ, ਨਾ ਕਿ ਛੂਤਛਾਤ ਦਾ ਵਿਵਹਾਰ। (ਭਾਗ 2, ਪੰਨਾ 474)

ਅਜਿਹਾ ਕੋਈ ਵੇਰਵਾ ਨਹੀਂ ਮਿਲ਼ਦਾ ਕਿ ਮਿਲ ਮਾਲ਼ਕ ਮੰਗ ਨਾਲ਼ ਸਹਿਮਤ ਹੋ ਗਏ ਜਾਂ ਨਹੀਂ।

ਸਵਰਨ ਹਿੰਦੂ ਮਜ਼ਦੂਰਾਂ ਨਾਲ਼ ਬਹਿਸ–ਮੁਬਾਹਸੇ ਦੇ ਕਾਰਨ ਅੰਧਵਿਸ਼ਵਾਸੀ ਧਾਰਨਾਵਾਂ ਨੂੰ ਘੱਟੋ–ਘੱਟ ਕੁੱਝ ਹੱਦ ਤੱਕ ਖਤਮ ਕਰਨਾ ਸੰਭਵ ਹੋਇਆ। ਜੇ ਅਸੀਂ ਨਵੇਂ ਅਤੇ ਤਰਕਸੰਗਤ ਵਿਚਾਰ ਪੇਸ਼ ਕਰੀਏ ਤਾਂ ਗਲ਼ਤ ਵਿਚਾਰ ਨਿਸ਼ਚਿਤ ਰੂਪ ਵਿੱਚ ਖਤਮ ਹੋਣਗੇ। ਇਹ ਮੁਹਿੰਮ ਅਤੇ ਪ੍ਰਚਾਰ ਉਸ ਜਮਾਤ ਦੇ ਮਤਲਬ ਦਾ ਨਹੀਂ ਜੋ ਲੁੱਟ ਉੱਪਰ ਪਲ਼ਦਾ ਹੈ। ਇਹ ਲੋਕਾ ਲਈ ਜ਼ਰੂਰੀ ਹੈ। ਇਹ ਸਿੱਖਿਆਦਾਇਕ ਕੰਮ ਸਵਰਨ ਹਿੰਦੂ ਅਤੇ ਦਲਿਤ ਲੋਕਾਂ ਨੂੰ ਬਦਲਣ ਦੀ ਦਿਸ਼ਾ ਵਿੱਚ ਸ਼ੁਰੂਆਤੀ ਕਦਮ ਹੈ।

ਜੇ ਅੰਬੇਡਕਰ ਨੀਚ ਜਾਤੀਆਂ ਦੀ ਮੁਕਤੀ ਚਾਹੁੰਦੇ ਸਨ ਤਾਂ ਉਹਨਾਂ ਨੂੰ ਨੀਚ ਜਾਤੀ ਦੇ ਲੋਕਾਂ ਵਿੱਚ ਜਾਤੀ ਵਖਰੇਵਿਆਂ ਦੀ ਦਿਸ਼ਾ ਵਿੱਚ ਨਾ–ਪੱਖੀ ਅਤੇ ਮਾਰਕਸਵਾਦ ਦੀ ਦਿਸ਼ਾ ਵਿੱਚ ਹਾਂ–ਪੱਖੀ ਰੁੱਖ ਅਪਨਾਉਣਾ ਚਾਹੀਦਾ ਸੀ। ਪਰ ਉਹਨਾਂ ਨੇ ਦੋਵੇਂ ਗੱਲਾਂ ਨਹੀਂ ਕੀਤੀਆਂ। ਕਿਉਂਕਿ ਮਾਰਕਸਵਾਦ ਪ੍ਰਤਿ ਉਹਨਾਂ ਦਾ ਹਾਂ–ਪੱਖੀ ਰਵੱਈਆ ਨਹੀਂ ਸੀ, ਇਸ ਲਈ ਉਹਨਾਂ ਨੇ ਦਲਿਤਾਂ ਵਿੱਚ ਵੀ ਹਾਂ–ਪੱਖੀ ਪ੍ਰਭਾਵ ਪੈਦਾ ਨਹੀਂ ਕੀਤਾ। ਉਹਨਾਂ ਨੇ ਸਿੱਟਾ ਕੱਢਿਆ ਕਿ ਮਾਰਕਸਵਾਦ ਨਿਰਾਰਥਕ ਹੈ ਅਤੇ ਉਹਨਾਂ (ਦਲਿਤਾਂ) ਨੂੰ ਸਿਰਫ਼ ਬੁੱਧਵਾਦ ਦਾ ਧਾਰਨੀ ਹੋਣਾ ਚਾਹੀਦਾ।

ਜੇ ਅਸੀਂ 'ਜਾਤੀ ਪ੍ਰਸ਼ਨ' 'ਤੇ ਵਿਚਾਰ ਕਰੀਏ ਤਾਂ ਉਹਨਾਂ ਨੇ ਇਹ ਸਿੱਟਾ ਕੱਢਿਆ ਸੀ ਕਿ ਜਾਤੀਆਂ ਦਾ ਖਾਤਮਾ ਸੰਭਵ ਨਹੀਂ ਹੈ ਅਤੇ ਇਸ ਦਾ ਕੋਈ ਹੱਲ ਨਹੀਂ

ਕਿਉਂਕਿ ਬ੍ਰਾਹਮਣ ਜਾਤੀਆਂ ਦੇ ਖਾਤਮੇ ਲਈ ਮੁਹਿੰਮ ਦੀ ਅਗਵਾਈ ਨਹੀਂ ਕਰਦੇ।

ਇਸ ਦਾ ਸਿੱਟਾ ਇਹ ਹੋਇਆ ਕਿ 'ਨੀਚ' ਜਾਤੀ ਦੇ ਲੋਕਾਂ ਨੇ ਅੰਬੇਡਕਰ ਤੋਂ ਨਾ ਤਾਂ ਕੋਈ ਅਜਿਹਾ ਪ੍ਰੋਗਰਾਮ ਪ੍ਰਾਪਤ ਕੀਤਾ ਜਿਸ ਦੇ ਅਧਾਰ 'ਤੇ ਉਹ ਜਾਤੀ ਵਿਵਸਥਾ ਵਿਰੁੱਧ ਲੜ ਸਕਦੇ ਅਤੇ ਨਾ ਹੀ ਮਾਰਕਸਵਾਦ ਪ੍ਰਾਪਤ ਕੀਤਾ ਜੋ ਉਹਨਾਂ ਦੀ ਮੁਕਤੀ ਦਾ ਮਾਰਗ ਹੈ। ਉਹਨਾਂ ਨੇ ਅੰਬੇਡਕਰ ਤੋਂ ਕੁੱਝ ਵੀ ਸਾਰਥਿਕ ਪ੍ਰਾਪਤ ਨਹੀਂ ਕੀਤਾ।

●●●

ਜਾਤ ਦਾ ਸਵਾਲ ਭਾਰਤੀ ਸਮਾਜ ਦੀ ਇੱਕ ਬਹੁਤ ਵੱਡੀ ਸਮੱਸਿਆ ਹੈ ਜਿਸ ਤੋਂ ਮੂੰਹ ਮੋੜ ਕੇ ਇਨਕਲਾਬ ਦੇ ਰਾਹ ’ਤੇ ਅੱਗੇ ਨਹੀਂ ਵਧਿਆ ਜਾ ਸਕਦਾ, ਅਤੇ ਜਾਤੀ ਸਵਾਲ ਦੀ ਗੱਲ ਕਰਦੇ ਹੀ ਸਾਡੇ ਸਾਹਮਣੇ ਡਾ. ਭੀਮ ਰਾਓ ਅੰਬੇਡਕਰ ਆ ਹਾਜ਼ਰ ਹੁੰਦੇ ਹਨ। ਸਮਾਜ ਬਦਲਣ ਦੀ ਇੱਛਾ ਰੱਖਣ ਵਾਲ਼ੇ ਅਤੇ ਕਿਸੇ ਨਾ ਕਿਸੇ ਰੂਪ ਵਿੱਚ ਇਸ ਲਈ ਯਤਨਸ਼ੀਲ ਲੋਕਾਂ ਵਿੱਚ ਤਿੰਨ ਤਰ੍ਹਾਂ ਦੀਆਂ ਪ੍ਰਵਿਰਤੀਆਂ ਦਿਖਾਈ ਦਿੰਦੀਆਂ ਹਨ– ਇੱਕ ਪਾਸੇ ਜੇ ਉਸ ਨੂੰ (ਅੰਬੇਡਕਰ) ਨੂੰ ਮਸ਼ੀਨੀ ਢੰਗ ਨਾਲ਼ ਰੱਦ ਕਰ ਦੇਣ ਦੀ ਪ੍ਰਵਿਰਤੀ ਰਹੀ ਹੈ ਤਾਂ ਦੂਜੇ ਪਾਸੇ ਅਣਆਲੋਚਨਾਤਮਕ ਢੰਗ ਨਾਲ਼ ਸ਼ਰਧਾ ਭਾਵ ਨਾਲ਼ ਉਸ ਨੂੰ ਪੂਜਣ ਵਰਗੀ ਪ੍ਰਵਿਰਤੀ ਵੀ ਵਧਦੀ ਜਾ ਰਹੀ ਹੈ। ਇਨ੍ਹਾਂ ਦੇ ਨਾਲ਼ ਹੀ ਮਾਰਕਸਵਾਦ ਅਤੇ ਅੰਬੇਡਕਰ ਦੀ ਖਿਚੜੀ ਪਕਾਉਣ ਦੀ ਤੀਸਰੀ ਪ੍ਰਵਿਰਤੀ ਵੀ ਮੌਜੂਦ ਹੈ। ਅੱਜ ਸਭ ਤੋਂ ਵੱਡੀ ਜਰੂਰਤ ਅੰਬੇਡਕਰ ਦੇ ਵਿਚਾਰਾਂ ਨਾਲ਼ ਖੁੱਲ੍ਹੇ ਦਿਮਾਗ ਨਾਲ਼ ਸੰਵਾਦ ਰਚਾਉਣ ਦੀ ਹੈ। ਇਸੇ ਨਜ਼ਰੀਏ ਤੋਂ, ਅਸੀਂ ਸ਼ੈਲੀ ਅਤੇ ਕੁੱਝ ਮੁੱਦਿਆਂ ’ਤੇ ਮੱਤਭੇਦ ਦੇ ਬਾਵਜੂਦ ਤੇਲਗੂ ਦੀ ਪ੍ਰਸਿੱਧ ਲੇਖਿਕਾ ਰੰਗਾਨਾਯਕੰਮਾ ਦਾ ਇਹ ਵਿਚਾਰ ਉਤੇਜਕ ਲੇਖ ਪ੍ਰਕਾਸ਼ਿਤ ਕਰ ਰਹੇ ਹਾਂ। ਇਹ ਉਹਨਾਂ ਦੀ ਕਿਤਾਬ ‘ਜਾਤੀ ਸਵਾਲ ਦੇ ਹੱਲ ਲਈ– ਬੁੱਧ ਕਾਫੀ ਨਹੀਂ, ਅੰਬੇਡਕਰ ਵੀ ਕਾਫੀ ਨਹੀਂ, ਮਾਰਕਸ ਲਾਜ਼ਮੀ ਹੈ’ ਦਾ ਇੱਕ ਪਾਠ ਹੈ। ਸਾਨੂੰ ਉਮੀਦ ਹੈ ਕਿ ਇਸ ਲੇਖ ਨਾਲ਼ ਅੰਬੇਡਕਰ ਦੇ ਵਿਚਾਰਾਂ ਨੂੰ ਲੈ ਕੇ ਇੱਕ ਉਸਾਰੂ ਬਹਿਸ ਛੇੜੀ ਜਾ ਸਕੇਗੀ।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ- 15 ਰੁ.